EVEREST TRANSPORT INC
We are Hiring
Company Drivers
For team 55 cents per mile+Safety Bonus.
For Single Driver Run 50 cents per mile.
Call, Goldy Ph: 260-797-1122

BIG BAZAAR
Grocery, Sweets & Catering
5425 E. Thompson Rd. Indianapolis IN 46237
*Fresh Vegetables Every Thursday
*Chat House is OPEN 7 Days *New meat shop is open now, next to big bazaar
*Book your catering now.
Ask for, Baljinder S. Ben Ph: 317-640-2400
Like our Facebook page: BigBazaarIndianGrocery

Buying/Selling in Michigan
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150, Plymouth, MI 48170
Call: 734-751-4455
rajsshergill@yahoo.com
Raj Shergill
Associate Broker



Twentieth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 20, Issue 18, May 4, 2019 — 20451 N. Plum Grove Rd., Palatine, IL 60074 — Ph:847-359-0746, Fax:847-705-9388


## ਅਧੂਰਾ ਰਹਿ ਗਿਆ 'ਆਪ' ਦਾ ਇਨਕਲਾਬ

### ਪਰਵਾਸੀਆਂ ਨੇ ਹੱਥ ਪਿਛਾਂਹ ਖਿੱਚੇ; ਹੁਣ ਹੋਂਦ ਬਚਾਉਣ ਲਈ ਲੱਗੀ ਦੌੜ

**ਚੰਡੀਗੜ੍ਹ:** ਪੰਜਾਬ ਵਿਚ ਆਮ ਆਦਮੀ ਪਾਰਟੀ ਦਾ ਇਨਕਲਾਬ ਅਧੂਰਾ ਰਹਿ ਗਿਆ ਜਾਪਦਾ ਹੈ। ਲੋਕ ਸਭਾ ਚੋਣਾਂ ਤੋਂ ਪਹਿਲਾਂ ਪਾਰਟੀ ਅੰਦਰ ਵੱਡੇ ਪੱਧਰ ਉਤੇ ਟੁੱਟ-ਭੱਜ ਨੇ ਇਸ ਨੂੰ ਗੋਡਿਆਂ ਪਰਨੇ ਕਰ ਦਿੱਤਾ ਹੈ। ਪਾਰਟੀ ਨੂੰ ਸਭ ਤੋਂ ਵੱਡਾ ਧੱਕਾ ਐਨ.ਆਰ.ਆਈ. ਪੰਜਾਬੀਆਂ ਦੇ ਪਾਸਾ ਵੱਟਣ ਕਾਰਨ ਲੱਗਾ ਹੈ। ਪੰਜਾਬ ਵਿਧਾਨ ਸਭਾ ਚੋਣਾਂ ਅਤੇ ਇਸ ਤੋਂ ਪਹਿਲਾਂ 2014 ਦੀਆਂ ਲੋਕ ਸਭਾ ਚੋਣਾਂ ਵਿਚ ਪਰਵਾਸੀ ਪੰਜਾਬੀਆਂ ਨੇ 'ਆਪ' ਦੀ ਬੇੜੀ ਪਾਰ ਲਾਉਣ ਲਈ ਵੱਡਾ ਹੱਲਾ ਮਾਰਿਆ ਸੀ।

ਯਾਦ ਰਹੇ ਕਿ ਡਾਲਰਾਂ ਦੇ ਨਾਲ-ਨਾਲ ਪਰਵਾਸੀ ਖੁਦ ਜਹਾਜ਼ਾਂ ਦੇ ਜਹਾਜ਼ ਭਰ ਕੇ ਆਪਣੀ ਮਾਤ ਭੂਮੀ 'ਚ ਸਿਆਸੀ ਬਦਲ ਨੂੰ ਸਾਕਾਰ ਕਰਨ ਆਏ ਸਨ। 2017 ਵਾਲੀਆਂ ਚੋਣਾਂ ਦੌਰਾਨ ਕੈਨੇਡਾ, ਅਮਰੀਕਾ, ਇੰਗਲੈਂਡ, ਆਸਟਰੇਲੀਆ, ਨਿਊਜ਼ੀਲੈਂਡ, ਫਿਲਪੀਨਜ਼ ਸਮੇਤ ਹੋਰ ਦੇਸ਼ਾਂ ਤੋਂ 78 ਹਜ਼ਾਰ ਦੇ ਕਰੀਬ ਪਰਵਾਸੀ ਪੰਜਾਬੀ 'ਚਲੋ ਪੰਜਾਬ' ਮੁਹਿੰਮ ਤਹਿਤ ਸਿਰਫ 'ਆਪ' ਲਈ ਆਪਣਾ ਕਾਰੋਬਾਰ ਵਿਦੇਸ਼ਾਂ ਵਿਚ ਛੱਡ ਕੇ ਆਏ ਸਨ ਪਰ ਇਸ ਵਾਰ ਇਹ ਗਿਣਤੀ ਨਾਮਾਤਰ ਹੀ ਹੈ। ਪਰਵਾਸੀ ਪੰਜਾਬੀਆਂ ਵਲੋਂ ਇਸ ਵਾਰ ਹਮਾਇਤ ਨਾ ਦੇਣ ਕਰਕੇ 'ਆਪ' ਆਗੂਆਂ ਨੂੰ ਫੰਡ ਦੀ ਘਾਟ ਵੀ ਰੜਕ ਰਹੀ ਹੈ ਜਿਸ ਨੂੰ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਸਮੇਤ ਕਈ ਵੱਡੇ ਆਗੂ ਮੰਨ ਚੁੱਕੇ ਹਨ।

ਛੇਤੇ ਰਹੇ ਕਿ ਪੰਜਾਬ ਦੀਆਂ ਰਵਾਇਤੀ ਧਿਰਾਂ- ਅਕਾਲੀ ਦਲ ਬਾਦਲ ਅਤੇ ਕਾਂਗਰਸ ਦਾ ਬਦਲ ਲੱਭਣ ਲਈ ਪੰਜਾਬੀਆਂ ਨੇ ਇਸ ਪਾਰਟੀ ਦਾ ਖੁੱਲ੍ਹ ਕੇ ਸਾਥ ਦਿੱਤਾ ਸੀ ਤੇ 2014 ਵਿਚ ਪੂਰੇ ਦੇਸ਼ ਵਿਚੋਂ ਸਿਰਫ ਪੰਜਾਬ ਵਿਚ ਹੀ 'ਆਪ' ਨੂੰ 4 ਸੀਟਾਂ ਮਿਲੀਆਂ ਸਨ, ਪਰ ਅੰਦਰੂਨੀ ਕਲੇਸ਼ ਕਾਰਨ 'ਆਪ' ਦੇ 4 ਸੰਸਦ ਮੈਂਬਰਾਂ ਵਿਚੋਂ ਦੋ ਪਾਰਟੀ ਤੋਂ ਲਾਂਭੇ ਹੋ ਗਏ। ਵਿਧਾਨ ਸਭਾ ਚੋਣਾਂ ਵਿਚ ਪਾਰਟੀ ਆਸ ਮੁਤਾਬਕ ਸਰਕਾਰ ਤਾਂ ਨਾ ਬਣਾ ਸਕੀ ਪਰ ਇਹ ਵਿਰੋਧੀ ਧਿਰ ਦਾ ਦਰਜਾ ਹਾਸਲ ਕਰਨ ਵਿਚ ਸਫਲ ਰਹੀ। ਉਂਜ, ਸਿਰਫ 2 ਸਾਲਾਂ ਵਿਚ ਹੀ ਇਸ ਦੇ ਵੱਡੀ ਗਿਣਤੀ ਵਿਧਾਇਕ ਸਾਥ ਛੱਡ ਗਏ ਤੇ ਕੁਝ ਛੱਡਣ ਦੀ ਤਿਆਰੀ ਕਰੀ ਬੈਠੇ ਹਨ। ਇਸੇ ਹਫਤੇ ਇਸ ਦੇ ਦੋ ਵਿਧਾਇਕਾਂ ਸੁਖਪਾਲ ਸਿੰਘ ਖਹਿਰਾ ਤੇ ਨਾਜ਼ਰ ਸਿੰਘ ਮਾਨਸ਼ਾਹੀਆ ਨੇ ਅਸਤੀਫਾ ਦੇ ਦਿੱਤਾ। ਇਸ ਤੋਂ ਪਹਿਲਾਂ ਐਚ.ਐਸ. ਫੂਲਕਾ ਸਮੇਤ ਕਈ ਆਗੂ ਪਾਰਟੀ ਦਾ ਸਾਥ ਛੱਡ ਗਏ।



ਪਾਰਟੀ ਦਾ ਸਾਥ ਛੱਡਣ ਵਾਲੇ ਹਰ ਆਗੂ ਦਾ ਗਿਲਾ ਅਰਵਿੰਦ ਕੇਜਰੀਵਾਲ ਸਮੇਤ ਦਿੱਲੀ ਵਾਲੇ ਹੋਰ ਆਗੂਆਂ ਦੀ 'ਦਾਦਾਗਿਰੀ' ਰਿਹਾ ਹੈ। ਦਰਅਸਲ, ਪਾਰਟੀ ਨੇ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ (2015) ਵਿਚ ਵੱਡੀ ਜਿੱਤ ਪ੍ਰਾਪਤ ਕੀਤੀ ਅਤੇ ਉਸ ਜਿੱਤ ਦੇ ਨਾਲ ਹੀ ਪਾਰਟੀ ਦੇ ਨੈਤਿਕ ਪਤਨ ਤੇ ਗਿਰਾਵਟ ਦੀ ਕਹਾਣੀ ਸ਼ੁਰੂ ਹੋ ਗਈ। ਪਹਿਲਾਂ ਪ੍ਰਸ਼ਾਂਤ ਭੂਸ਼ਨ, ਯੋਗਿੰਦਰ ਯਾਦਵ ਆਦਿ ਨੂੰ ਤਾਨਾਸ਼ਾਹੀ ਤਰੀਕੇ ਨਾਲ ਪਾਰਟੀ 'ਚੋਂ ਕੱਢਿਆ ਗਿਆ। ਪੰਜਾਬ ਵਿਚ ਚੁਣੇ ਗਏ ਚਾਰ ਸੰਸਦ ਮੈਂਬਰਾਂ ਵਿਚੋਂ ਧਰਮਵੀਰ ਗਾਂਧੀ ਅਤੇ ਹਰਿੰਦਰ ਸਿੰਘ ਖਾਲਸਾ ਪਾਰਟੀ ਤੋਂ ਲਾਂਭੇ ਹੋ ਗਏ। ਪਾਰਟੀ ਵਿਚ ਆਪਾ-ਧਾਪੀ ਪੈ ਗਈ ਅਤੇ ਇਸ ਕਾਰਨ ਪਾਰਟੀ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੂੰ ਅਜਿਹੀ ਚੁਣੌਤੀ ਨਾ ਦੇ ਸਕੀ ਜਿਸ ਦੀ ਲੋਕਾਂ ਨੂੰ ਆਸ ਸੀ ਪਰ ਲੋਕਾਂ ਦੇ ਮਨ ਅਕਾਲੀ-ਭਾਜਪਾ ਗੱਠਜੋੜ ਸਰਕਾਰ ਤੋਂ ਇੰਨੇ ਨਿਰਾਸ਼ ਹੋ ਚੁੱਕੇ ਸਨ ਕਿ ਆਮ ਆਦਮੀ ਪਾਰਟੀ ਪੰਜਾਬ ਦੀ ਮੁੱਖ ਵਿਰੋਧੀ ਪਾਰਟੀ ਬਣ ਗਈ।

ਲੋਕਾਂ ਨੂੰ ਅਜੇ ਵੀ ਉਮੀਦ ਸੀ ਕਿ ਆਮ ਆਦਮੀ ਪਾਰਟੀ ਪੰਜਾਬ ਵਿਚ ਵਿਰੋਧੀ ਧਿਰ ਵਜੋਂ ਉਸਾਰੂ ਭੂਮਿਕਾ ਨਿਭਾਏਗੀ ਪਰ ਇਸ ਦੇ ਆਗੂਆਂ ਦੀ ਆਪਸੀ ਹਉਮੈ ਕਾਰਨ ਪਾਰਟੀ ਵਿਚ ਫੁੱਟ ਵਧਦੀ ਗਈ। ਪਾਰਟੀ ਪ੍ਰਧਾਨ, ਵਿਰੋਧੀ ਧਿਰ ਦੇ ਨੇਤਾ ਬਦਲੇ ਗਏ, ਪਾਰਟੀ ਪਹਿਲਾਂ ਦੁਫਾੜ ਹੋਈ ਤੇ ਫਿਰ ਕਈ ਗਰੁੱਪਾਂ 'ਚ ਵੰਡੀ ਗਈ। ਇਕ ਉਸਾਰੂ ਵਿਰੋਧੀ ਧਿਰ ਵਜੋਂ ਵਿਚਰਨ ਦੀ ਥਾਂ ਆਗੂਆਂ ਦੀ ਜ਼ਿਆਦਾ ਊਰਜਾ ਇਕ ਦੂਜੇ 'ਤੇ

(ਬਾਕੀ ਸਫਾ 6 ਉਤੇ)

## ਵਿਦੇਸ਼ਾਂ ਵਿਚ ਪਨਾਹ ਲੈਣ ਵਾਲੇ ਸਿੱਖਾਂ ਨੂੰ ਰਾਹਤ

### ਭਾਰਤ ਸਰਕਾਰ ਦੀ ਕਾਲੀ ਸੂਚੀ ਖਤਮ

**ਚੰਡੀਗੜ੍ਹ:** ਵਿਦੇਸ਼ਾਂ ਵਿਚ ਸ਼ਰਨ ਲੈਣ ਵਾਲੇ ਪੰਜਾਬੀਆਂ ਲਈ ਵੱਡੀ ਰਾਹਤ ਵਾਲੀ ਖਬਰ ਆਈ ਹੈ। ਭਾਰਤ ਸਰਕਾਰ ਨੇ ਵਿਦੇਸ਼ਾਂ 'ਚ ਸਥਿਤ ਆਪਣੇ ਸਾਰੇ ਸਫਾਰਤਖਾਨਿਆਂ ਨੂੰ ਉਥੋਂ ਦੀ ਕਾਲੀ ਸੂਚੀ ਖਤਮ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਨ੍ਹਾਂ ਹੁਕਮਾਂ ਨਾਲ ਵਿਦੇਸ਼ਾਂ 'ਚ ਸ਼ਰਨ ਲੈਣ ਵਾਲੇ ਭਾਰਤੀ ਲੋਕਾਂ ਨੂੰ ਉਥੋਂ ਦੇ ਸਫਾਰਤਖਾਨਿਆਂ ਵਿਚ ਵੀਜ਼ਾ, ਪਾਸਪੋਰਟ ਤੇ ਓ.ਸੀ.ਆਈ. ਸੇਵਾਵਾਂ ਲੈਣ 'ਚ ਮਦਦ ਮਿਲੇਗੀ।

ਯਾਦ ਰਹੇ ਕਿ ਕਾਲੇ ਦੌਰ ਦੌਰਾਨ ਵੱਡੀ ਗਿਣਤੀ ਪੰਜਾਬੀਆਂ ਨੇ ਵਿਦੇਸ਼ਾਂ ਵਿਚ ਸ਼ਰਨ ਲਈ ਸੀ ਪਰ ਭਾਰਤ ਸਰਕਾਰ ਨੇ ਇਨ੍ਹਾਂ ਨੂੰ ਕਾਲੀ ਸੂਚੀ ਵਿਚ ਪਾ ਕੇ ਵੱਡੀਆਂ ਦਿੱਕਤਾਂ ਖੜ੍ਹੀਆਂ ਕਰ ਦਿੱਤੀਆਂ ਸਨ। ਇਨ੍ਹਾਂ ਵਿਚੋਂ ਬਹੁਤੇ ਪੰਜਾਬੀ ਉਹ ਸਨ ਜਿਨ੍ਹਾਂ ਦਾ ਕਿਸੇ ਅਪਰਾਧਿਕ ਮਾਮਲੇ ਨਾਲ ਲੈਣਾ-ਦੇਣਾ ਨਹੀਂ ਸੀ ਪਰ ਫਿਰ ਵੀ ਆਪਣੇ ਵਤਨ ਆਉਣ ਸਮੇਂ ਉਨ੍ਹਾਂ ਨੂੰ ਵੱਡੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਪਿਛਲੇ ਲੰਮੇ ਸਮੇਂ ਤੋਂ ਮੰਗ ਉਠ ਰਹੀ ਸੀ ਕਿ ਪੰਜਾਬ ਵਿਚ ਹੁਣ ਉਹ ਦਿਨ ਨਹੀਂ ਰਹੇ। ਇਸ ਲਈ ਕਾਲੀ ਸੂਚੀ ਖਤਮ ਕਰਕੇ ਅਜਿਹੇ ਪਰਵਾਸੀਆਂ ਨੂੰ ਰਾਹਤ ਦਿੱਤੀ ਜਾਵੇ ਪਰ ਹਰ ਵਾਰ ਸਰਕਾਰ ਨੇ ਕਿਸੇ ਬਹਾਨੇ ਇਹ ਰਾਹਤ ਦੇਣ ਤੋਂ ਟਾਲਾ ਵੱਟੀ ਰੱਖਿਆ।

ਹੁਣ ਸਰਕਾਰ ਨੇ ਇਹ ਫੈਸਲਾ ਉਸ ਸਮੇਂ ਲਿਆ ਹੈ, ਜਦੋਂ ਦੇਸ਼ ਵਿਚ ਚੋਣ ਮਾਹੌਲ ਭਖਿਆ ਹੋਇਆ ਹੈ। ਸਿਆਸੀ ਮਾਹਿਰ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਇਸ ਫੈਸਲੇ ਨੂੰ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ਵਜੋਂ ਵੇਖ ਰਹੇ ਹਨ ਕਿਉਂਕਿ ਪੰਜਾਬ ਅਜਿਹਾ ਸੂਬਾ ਹੈ ਜਿਥੇ ਹਾਲੇ ਤੱਕ ਭਾਜਪਾ ਦੇ ਪੈਰ ਨਹੀਂ ਲੱਗੇ। ਪਿਛਲੀਆਂ ਚੋਣਾਂ ਦੌਰਾਨ ਵੀ ਸੂਬੇ ਵਿਚ ਇਸ ਭਗਵਾ ਪਾਰਟੀ ਨੂੰ ਕਿਸੇ ਨਹੀਂ ਪੁੱਛਿਆ ਸੀ ਤੇ ਇਸ ਵਾਰ ਵੀ ਪੰਜਾਬੀ ਮੋਦੀ ਸਰਕਾਰ ਦੀਆਂ ਨੀਤੀਆਂ ਤੋਂ ਕਾਫੀ ਔਖੇ ਹਨ। ਪਾਕਿਸਤਾਨ ਵਲੋਂ ਕਰਤਾਰਪੁਰ ਲਾਂਘੇ ਬਾਰੇ ਲਗਾਤਾਰ ਕੀਤੀ ਜਾ ਰਹੀ ਪਹਿਲ ਅਤੇ ਮੋਦੀ ਸਰਕਾਰ ਉਤੇ ਇਸ ਵਿਚ ਅੜਿੱਕੇ ਡਾਹੁਣ ਦੇ ਦੋਸ਼ਾਂ ਕਾਰਨ ਭਾਜਪਾ ਫਿਕਰਮੰਦ ਹੈ। ਇਸ ਤੋਂ ਇਲਾਵਾ ਮੋਦੀ ਸਰਕਾਰ ਦੇ ਪੰਜ ਸਾਲਾਂ ਵਿਚ ਸਰਹੱਦ ਉਤੇ ਬਣੇ ਮਾਹੌਲ ਤੋਂ ਵੀ ਪੰਜਾਬ ਦੇ ਲੋਕ ਔਖੇ ਹਨ ਕਿਉਂਕਿ ਸਰਹੱਦੀ ਤਣਾਅ ਦਾ ਸਭ ਤੋਂ ਵੱਧ ਖਮਿਆਜ਼ਾ ਪੰਜਾਬੀ ਲੋਕਾਂ ਨੂੰ ਭੁਗਤਣਾ ਪੈਂਦਾ ਹੈ। ਮੋਦੀ ਸਰਕਾਰ ਵੇਲੇ ਕਈ ਵਾਰ ਮਾਹੌਲ ਅਜਿਹਾ ਬਣਿਆ ਜਦੋਂ ਸਰਹੱਦ ਨੇੜੇ ਪਿੰਡਾਂ ਦੇ ਪਿੰਡ ਖਾਲੀ ਕਰਵਾ ਲਏ। ਸਿਆਸੀ ਮਾਹਿਰ ਮੰਨ ਰਹੇ ਹਨ ਕਿ ਪੰਜਾਬੀਆਂ ਨੂੰ ਨੇੜੇ ਲਾਉਣ ਲਈ ਮੋਦੀ ਸਰਕਾਰ ਵੱਲੋਂ ਅਜਿਹਾ ਫੈਸਲਾ ਆਇਆ ਹੈ, ਪਰ ਇਸ ਨਾਲ ਵਤਨ ਆਉਣ ਲਈ ਤਰਸ ਰਹੇ ਪਰਵਾਸੀਆਂ ਨੂੰ ਵੱਡੀ ਰਾਹਤ ਮਿਲੇਗੀ।

ਸਾਲ 2007 ਵਿਚ ਵਿਧਾਨ ਸਭਾ ਚੋਣਾਂ ਦੌਰਾਨ ਜਦੋਂ ਇਹ ਕਾਲੀ ਜਾਰੀ ਕੀਤੀ ਗਈ ਸੀ ਤਾਂ ਇਸ ਵਿਚ ਸੈਂਕੜੇ ਲੋਕਾਂ ਦੇ ਨਾਂ ਸ਼ਾਮਲ ਸਨ। ਉਪਰੰਤ 2008 'ਚ ਤਤਕਾਲੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਉਸ ਵੇਲੇ ਨਵਾਂ

(ਬਾਕੀ ਸਫਾ 6 ਉਤੇ)


India Palace Restaurant
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550 People
Amber Indian Restaurant
Restaurant-Fine Indian Cuisine
12510 N. Meridian St., Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com

WorldWide Travel
866 66 INDIA
46342
BEST FARE GUARANTEE
734 838 9998
24 ਘੰਟੇ ਐਮਰਜੈਂਸੀ ਸੇਵਾ
Please call our office for more details on latest fares

ਮੀਨਾ ਬਾਜ਼ਾਰ
ਮੀਨਾ ਜਿਊਲਜ਼
MEENA BAZAAR
Meena Jewels
Gold & Diamond
2643 W. Devon Ave.
Chicago, IL 60659
777-338-7777
Rajveer Gill (Rahul)
www.gotombc.com
22kt, Diamonds & 24kt Gold

## ਗੁਰਦੁਆਰਾ ਪੈਲਾਟਾਈਨ ਲਈ ਲਾਂਗਰੀ ਦੀ ਲੋੜ ਹੈ

ਲਾਂਗਰੀ ਅੰਮ੍ਰਿਤ ਧਾਰੀ, ਰਹਿਤ ਅਤੇ ਗੁਰ ਮਰਿਆਦਾ ਦਾ ਧਾਰਨੀ ਹੋਵੇ। ਸ਼ੁੱਧ ਬਾਣੀ ਵੀ ਪੜ੍ਹਦਾ ਹੋਵੇ। ਘੱਟ ਤੋਂ ਘੱਟ ਪੰਜ ਸਾਲ ਦਾ ਕਿਸੇ ਗੁਰਦੁਆਰਾ ਸਾਹਿਬ ਵਿਚ ਸੇਵਾ ਦਾ ਤਜ਼ਰਬਾ ਹੋਵੇ। ਗ੍ਰੀਨ ਕਾਰਡ ਵਾਲੇ ਉਮੀਦਵਾਰ ਨੂੰ ਪਹਿਲ। ਗੁਰਦੁਆਰਾ ਸਾਹਿਬ ਵੱਲੋਂ ਸਮੇਂ ਸਮੇਂ ਦਿਤੀਆਂ ਜਾਂਦੀਆਂ ਹੋਰ ਸੇਵਾਵਾਂ ਨਿਭਾ ਸਕੇ।

*ਉਮੀਦਵਾਰ ਅਰਜੀਆਂ ਹੇਠ ਲਿਖੇ ਪਤੇ 'ਤੇ ਜਾਂ ਈ-ਮੇਲ ਰਾਹੀਂ ਭੇਜਣ ਦੀ ਕਿਰਪਾਲਤਾ ਕਰਨ।*

e-mail: president@srschicago.org

SIKH Religious Society PALATINE GURDWARA
Sikh Religious Society
1280 Winnetka St., Palatine IL 60067 Phone: (847) 358-1117
www.srschicago.org e-mail: president@srschicago.org

## Personalized Service-Committed To Quality

Solutions Financial Mortgage Company

**Purchase & Refinance Your Home Loans**



**Cell 312-608-0006**

2700 Patriot Blvd., Suite 110
Glenview IL 60026. Direct 312-608-0006
Office: 847-834-0100, Fax: 847-834-0106

AMRIK P. SINGH
Mortgage Loan Originator
NMLS # 232904
Illinois Residential Mortgage Licensee.
Email: asingh@gosfmc.com
Web: www.gosfmc.com

## ਮੂਲ ਨਾਨਕਸ਼ਾਹੀ ਕੈਲੰਡਰ ਅਪਨਾਓ

ਮਹੀਨਾ ਵਿਸਾਖ ਤੇ ਜੇਠ

| ਐਤਵਾਰ | ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁੱਕਰਵਾਰ | ਸਨਿੱਚਰਵਾਰ |
|---|---|---|---|---|---|---|
| 1 ਵਿਸਾਖ 14 ਅਪਰੈਲ | 2 ਵਿਸਾਖ 15 ਅਪਰੈਲ | 3 ਵਿਸਾਖ 16 ਅਪਰੈਲ | 4 ਵਿਸਾਖ 17 ਅਪਰੈਲ | 5 ਵਿਸਾਖ 18 ਅਪਰੈਲ | 6 ਵਿਸਾਖ 19 ਅਪਰੈਲ | 7 ਵਿਸਾਖ 20 ਅਪਰੈਲ |
| 8 ਵਿਸਾਖ 21 ਅਪਰੈਲ | 9 ਵਿਸਾਖ 22 ਅਪਰੈਲ | 10 ਵਿਸਾਖ 23 ਅਪਰੈਲ | 11 ਵਿਸਾਖ 24 ਅਪਰੈਲ | 12 ਵਿਸਾਖ 25 ਅਪਰੈਲ | 13 ਵਿਸਾਖ 26 ਅਪਰੈਲ | 14 ਵਿਸਾਖ 27 ਅਪਰੈਲ |
| 15 ਵਿਸਾਖ 28 ਅਪਰੈਲ | 16 ਵਿਸਾਖ 29 ਅਪਰੈਲ | 17 ਵਿਸਾਖ 30 ਅਪਰੈਲ | 18 ਵਿਸਾਖ 1 ਮਈ | 19 ਵਿਸਾਖ 2 ਮਈ | 20 ਵਿਸਾਖ 3 ਮਈ | 21 ਵਿਸਾਖ 4 ਮਈ |
| 22 ਵਿਸਾਖ 5 ਮਈ | 23 ਵਿਸਾਖ 6 ਮਈ | 24 ਵਿਸਾਖ 7 ਮਈ | 25 ਵਿਸਾਖ 8 ਮਈ | 26 ਵਿਸਾਖ 9 ਮਈ | 27 ਵਿਸਾਖ 10 ਮਈ | 28 ਵਿਸਾਖ 11 ਮਈ |
| 29 ਵਿਸਾਖ 12 ਮਈ | 30 ਵਿਸਾਖ 13 ਮਈ | 31 ਵਿਸਾਖ 14 ਮਈ | 1 ਜੇਠ 15 ਮਈ | 2 ਜੇਠ 16 ਮਈ | 3 ਜੇਠ 17 ਮਈ | 4 ਜੇਠ 18 ਮਈ |
| 5 ਜੇਠ 19 ਮਈ | 6 ਜੇਠ 20 ਮਈ | 7 ਜੇਠ 21 ਮਈ | 8 ਜੇਠ 22 ਮਈ | 9 ਜੇਠ 23 ਮਈ | 10 ਜੇਠ 24 ਮਈ | 11 ਜੇਠ 25 ਮਈ |
| 12 ਜੇਠ 26 ਮਈ | 13 ਜੇਠ 27 ਮਈ | 14 ਜੇਠ 28 ਮਈ | 15 ਜੇਠ 29 ਮਈ | 16 ਜੇਠ 30 ਮਈ | 17 ਜੇਠ 31 ਮਈ | |

19 ਵਿਸਾਖ (2 ਮਈ) ਪ੍ਰਕਾਸ਼ ਦਿਹਾੜਾ ਪਾਤਸ਼ਾਹੀ ਪੰਜਵੀਂ
3 ਜੇਠ (17 ਮਈ) ਛੋਟਾ ਘੱਲੂਘਾਰਾ
9 ਜੇਠ (23 ਮਈ) ਪ੍ਰਕਾਸ਼ ਦਿਹਾੜਾ ਪਾਤਸ਼ਾਹੀ ਤੀਜੀ
21 ਜੇਠ (4 ਜੂਨ) ਘੱਲੂਘਾਰਾ 1984
28 ਜੇਠ (11 ਜੂਨ) ਗੁਰਗੱਦੀ ਦਿਵਸ ਪਾਤਸ਼ਾਹੀ ਛੇਵੀਂ

*ਉਹੀ ਤਰੀਕ ਹਰ ਸਾਲ, ਠੀਕ ਇਤਿਹਾਸ ਤਰਤੀਬ ਨਾਲ।*

ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਬੇਨਤੀ ਹੈ ਕਿ ਧਾਰਮਕ ਤੇ ਇਤਿਹਾਸਕ ਦਿਹਾੜੇ ਮਨਾਉਣ ਵਿਚ ਇਕਸਾਰਤਾ ਲਿਆਉਣ ਲਈ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਅਪਨਾਓ

SIKH Religious Society PALATINE GURDWARA
Sikh Religious Society
1280 Winnetka St., Palatine IL 60067 Phone: (847) 358-1117
www.srschicago.org e-mail:contactus@srschicago.org

## Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

***One of the Fastest Growing City in America and Best School System...***



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



**Manjit Singh Nagra**
*Realtor/Broker*
**Cell: 317-750-1900**
6979 Hillsdale Court
Indianapolis, Indiana 46250

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

**Gurdeep (Garry) Chhokar**
Realtor/Broker
**Cell: 317-500-1247**

Star Alliance BROKERAGE



***We do all type of Home and Commercial Loan. Same day loan approval...***

# ਗੁਰੂ ਨਾਨਕ ਸਿੱਖ ਸੈਂਟਰ, ਲੈਨਸਿੰਗ (ਮਿਸ਼ੀਗਨ)

**4701 Pleasant Grove, Lansing, MI 48910 Ph: 517-272-0231, www.LansingGurdwara.Org**

## ਲੈਨਸਿੰਗ, ਮਿਸ਼ੀਗਨ ਵਿਚ ਖਾਲਸੇ ਦੇ ਜਨਮ ਦਿਹਾੜੇ ‘ਤੇ

ਸ਼ਿਕਾਗੋ, ਕਰਾਊਨ ਪੁਆਇੰਟ, ਇੰਡੀਅਨਐਪੋਲਿਸ, ਸਾਊਥਬੈਂਡ, ਮਿਲਵਾਕੀ, ਡਿਟਰਾਇਟ, ਗਰੈਂਡ ਰੈਪਿਡਜ਼, ਮਸਕੀਗਨ, ਜੈਕਸਨ, ਫਲਿੰਟ, ਸਾਗੀਨਾਅ, ਕੈਲਮਜ਼ੂ, ਬੈਟਲ ਕਰੀਕ, ਬੈਂਟਨ ਹਾਰਬਰ ਅਤੇ ਹੋਰ ਦੂਰ-ਨੇੜੇ ਦੀ ਸੰਗਤ ਦੇ ਸਹਿਯੋਗ ਨਾਲ

# ਮਹਾਨ ਨਗਰ ਕੀਰਤਨ

## ਉਪਰੰਤ ਵਿਸਾਖੀ ਮੇਲਾ

## ਸਨਿਚਰਵਾਰ, 11 ਮਈ 2019

Adado Riverfront Park: 300 N. Grand Ave., Lansing MI 48933. (Downtown Lansing)

## ਪ੍ਰੋਗਰਾਮ

ਸਨਿਚਰਵਾਰ, 11 ਮਈ 2019 ਨੂੰ ਗੁਰਦੁਆਰਾ ਸਾਹਿਬ ਵਿਚ ਅਖੰਡ ਪਾਠ ਦਾ ਭੋਗ ਸਵੇਰੇ 7.00 ਵਜੇ ਪਾਇਆ ਜਾਵੇਗਾ। ਇਸ ਉਪਰੰਤ ਸੰਗਤਾਂ ਅਡੈਡੋ ਰਿਵਰਫਰੰਟ ਪਾਰਕ (300 ਨਾਰਥ ਗਰੈਂਡ ਐਵੇਨਿਊ, ਲੈਨਸਿੰਗ, ਮਿਸ਼ੀਗਨ 48933) ਵਿਚ ਇਕੱਤਰ ਹੋਣਗੀਆਂ। ਇਸੇ ਪਾਰਕ ਤੋਂ ਪਰੇਡ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰਛਾਇਆ ਹੇਠ ਅਰੰਭ ਹੋਵੇਗੀ। ਪਰੇਡ ਦੇ ਸਭ ਤੋਂ ਅੱਗੇ ਪੰਜ ਪਿਆਰੇ ਆਪਣੀਆਂ ਰਵਾਇਤੀ ਪੁਸ਼ਾਕਾਂ ਵਿਚ ਚੱਲਣਗੇ। ਪਰੇਡ ਆਪਣੇ ਰੂਟ ‘ਤੇ ਹੁੰਦੀ ਹੋਈ ਵਾਪਸ ਇਸੇ ਪਾਰਕ ਵਿਚ ਹੀ ਆ ਕੇ ਸਮਾਪਤ ਹੋਵੇਗੀ। ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਧਨਵੰਤ ਸਿੰਘ ਤੇ ਭਾਈ ਸੁਰਨਜੀਤ ਸਿੰਘ ਦੇ ਜਥੇ ਤੋਂ ਇਲਾਵਾ ਪੰਥ ਪ੍ਰਸਿਧ ਕੀਰਤਨੀਏ, ਕਥਾਵਾਚਕ ਅਤੇ ਭਾਈ ਹਰਮੇਲ ਸਿੰਘ ਖੁਸ਼ਦਿਲ ਦਾ ਢਾਡੀ ਜਥਾ ਕੀਰਤਨ, ਕਥਾ ਵਿਆਖਿਆ ਤੇ ਢਾਡੀ ਜਥੇ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪਰੇਡ ਦੀ ਸਮਾਪਤੀ ‘ਤੇ ਅਡੈਡੋ ਰਿਵਰਫਰੰਟ ਪਾਰਕ 300 N. Grand Ave., Lansing MI 48933 (Downtown Lansing) ’ਚ ਸੰਗਤਾਂ ਲਈ ਲੰਗਰ ਦਾ ਖਾਸ ਪ੍ਰਬੰਧ ਹੋਵੇਗਾ।



*ਨਗਰ ਕੀਰਤਨ ਤੋਂ ਬਾਅਦ ਇਕ ਸਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਜਾਏਗਾ, ਜਿਸ ਵਿਚ ਨਾਮੀ ਗਾਇਕ ਗਿੱਲ ਹਰੀਦਪ ਤੇ ਮੱਖਣ ਬਰਾੜ ਅਤੇ ਗਿੱਧੇ-ਭੰਗੜੇ ਦੀਆਂ ਟੀਮਾਂ ਦਰਸ਼ਕਾਂ ਦਾ ਮਨੋਰੰਜਨ ਕਰਨਗੇ*




*ਹਰਮੇਲ ਸਿੰਘ ਖੁਸ਼ਦਿਲ ਦਾ ਢਾਡੀ ਜਥਾ*

### ਵਿਸ਼ੇਸ਼ ਮਹਿਮਾਨ



ਸੁਧਾਕਰ ਦਲੇਲਾ
ਭਾਰਤੀ ਕੌਂਸਲ ਜਨਰਲ, ਸ਼ਿਕਾਗੋ



ਗਿੱਲ ਹਰਦੀਪ
ਗਾਇਕ



ਸੁਰਿੰਦਰ ਛਿੰਦਾ
ਗਾਇਕ



ਮੱਖਣ ਬਰਾੜ
ਗੀਤਕਾਰ



ਡਾ. ਹਰਜਿੰਦਰ ਸਿੰਘ ਖਹਿਰਾ
ਮੰਚ ਸੰਚਾਲਕ

*ਤਾਜ਼ਾ ਜਲੇਬੀਆਂ,ਮਿਠਾਈਆਂ, ਚਾਹ ਅਤੇ ਕੌਫੀ ਦੀ ਸੇਵਾ ਫਲਿੰਟ ਦੀ ਸੰਗਤ ਵਲੋਂ
*ਲੰਗਰ ਦੀ ਸੇਵਾ ‘ਗਰਿਲ ਆਫ ਇੰਡੀਆ, ਫਲਿੰਟ’ ਵਲੋਂ ਹੋਵੇਗੀ
*ਗਰਮਾ ਗਰਮ ਪਕੌੜਿਆਂ ਦਾ ਵਿਸ਼ੇਸ਼ ਪ੍ਰਬੰਧ
*ਛੋਲੇ-ਭਠੂਰਿਆਂ ਦੀ ਸੇਵਾ ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਕੈਂਟਨ ਦੀ ਸੰਗਤ ਵਲੋਂ
*ਟਿੱਕੀਆਂ ਅਤੇ ਗੋਲ-ਗੱਪਿਆਂ ਦੀ ਸੇਵਾ ਸਿੱਖ ਸੁਸਾਇਟੀ ਆਫ ਮਿਸ਼ੀਗਨ, ਸਟਰਲਿੰਗ ਹਾਈਟਸ ਵਲੋਂ
*ਛੋਲੇ-ਭਠੂਰਿਆਂ ਦੀ ਸੇਵਾ ਐਸ ਐਂਡ ਐਸ ਟਰੱਕਿੰਗ, ਕੈਲਮਜ਼ੂ ਵਲੋਂ
*ਗੰਨੇ ਦੇ ਰਸ ਦੀ ਸੇਵਾ ਜੈਕਸਨ ਦੀ ਸੰਗਤ ਵਲੋਂ
*ਧਾਰਮਿਕ ਤਸਵੀਰਾਂ ਤੇ ਪੇਂਟਿੰਗ ਦਾ ਸਟਾਲ ਲੱਗੇਗਾ

## Contacts:

Gurudwara Sahib (517) 272-0231
Ladi Multani (517) 204-4171
S. Balbir Singh (517) 402-1811
S. Kuldip Singh (President) Ph: 517-402-4910
S. Balbir Singh Habibwal 517-944-0947

## ਬੇਨਤੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ

# ਚੋਣ ਪਿੜ: ਪੰਜਾਬ ਐਤਕੀਂ ਇੰਜ ਬੋਲਿਆ ਹੈ...

*ਲੋਕ ਸਭਾ ਚੋਣਾਂ ਲਈ ਪੰਜਾਬ ਦਾ ਪਿੜ ਪੂਰੀ ਤਰ੍ਹਾਂ ਭਖਿਆ ਪਿਆ ਹੈ ਪਰ ਕੋਈ ਵੀ ਸਿਆਸੀ ਧਿਰ ਲੋਕਾਂ ਨੂੰ ਦਰਪੇਸ਼ ਮਸਲਿਆਂ ਪ੍ਰਤੀ ਗੰਭੀਰ ਨਹੀਂ। ਪੰਜਾਬ ਦੇ ਲੋਕ ਔਖ ਦੀ ਇਸ ਘੜੀ ਇਨ੍ਹਾਂ ਸਿਆਸੀ ਧਿਰਾਂ ਨੂੰ ਸਬਕ ਸਿਖਾਉਣ ਲਈ ਤਾਂਘ ਤਾਂ ਰਹੇ ਹਨ ਪਰ ਬਹੁਤ ਥਾਂਈਂ ਚੌਕੋਣੇ ਮੁਕਾਬਲੇ ਹੋਣ ਨਾਲ ਭੰਬਲਭੂਸੇ ਵਿਚ ਪਏ ਹੋਏ ਹਨ। ਉਂਜ, ਬਹੁਤ ਥਾਂਈਂ ਲੋਕ ਵੱਖ-ਵੱਖ ਆਗੂਆਂ ਨੂੰ ਘੇਰ ਰਹੇ ਹਨ ਅਤੇ ਕਾਲੀ ਝੰਡੀਆਂ ਵੀ ਦਿਖਾ ਰਹੇ ਹਨ। ਪੰਜਾਬ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਹੈ ਕਿ ਲੋਕ, ਲੀਡਰਾਂ ਨੂੰ ਸਵਾਲ ਕਰ ਰਹੇ ਹਨ। ਇਸ ਸਮੁੱਚੇ ਹਾਲਾਤ ਦਾ ਲੇਖਾ ਜੋਖਾ ਇਨ੍ਹਾਂ ਰਿਪੋਰਟਾਂ ਅੰਦਰ ਕੀਤਾ ਗਿਆ ਹੈ:*

## ਸਿਆਸੀ ਪਾਰਟੀਆਂ ਨੇ ਵਿਸਾਰੇ ਪੰਜਾਬ ਦੇ ਅਹਿਮ ਮਸਲੇ

**ਚੰਡੀਗੜ੍ਹ:** ਪੰਜਾਬ ਵਿਚ ਲੋਕ ਸਭਾ ਚੋਣਾਂ ਲਈ ਪਿੜ ਭਖਿਆ ਹੋਇਆ ਹੈ ਪਰ ਸਾਰੀਆਂ ਸਿਆਸੀ ਧਿਰਾਂ ਪੰਜਾਬ ਦੇ ਅਹਿਮ ਮਸਲਿਆਂ ਦੀ ਥਾਂ ਇਕ-ਦੂਜੇ ਨੂੰ ਘੇਰਨ ਉਤੇ ਵੱਧ ਜ਼ੋਰ ਦੇ ਰਹੀਆਂ ਹਨ। ਭਾਜਪਾ ਜਿਥੇ ਪੂਰੇ ਮੁਲਕ ਵਿਚ ਦੇਸ਼ ਭਗਤੀ ਤੇ ਰਾਸ਼ਟਰਵਾਦ ਦਾ ਨਾਅਰਾ ਮਾਰ ਕੇ ਵੋਟਾਂ ਇਕੱਠੀਆਂ ਕਰਨ ਵਿਚ ਜੁਟੀ ਹੋਈ ਹੈ, ਉਥੇ ਪੰਜਾਬ ਦੀਆਂ ਰਵਾਇਤੀ ਧਿਰਾਂ ਕਿਸਾਨੀ ਸੰਕਟ, ਬੇਰੁਜ਼ਗਾਰੀ ਤੇ ਸਿੱਖਿਆ ਸਮੇਤ ਹੋਰ ਅਹਿਮ ਮੁੱਦਿਆਂ ਤੋਂ ਇਸ ਵਾਰ ਕਿਨਾਰਾ ਹੀ ਕਰ ਰਹੀਆਂ ਹਨ।

ਦੇਸ਼ ਭਰ ਵਿਚ ਇਸ ਸਾਲ ਕਿਸਾਨੀ ਸੰਕਟ ਸਿਆਸੀ ਬਹਿਸ ਦਾ ਕੇਂਦਰ ਬਣ ਗਿਆ ਸੀ। ਇਸੇ ਸਮੇਂ ਦੌਰਾਨ ਜੰਮੂ ਕਸ਼ਮੀਰ ਵਿਚ 40 ਸੀ.ਆਰ.ਪੀ.ਐਫ. ਦੇ ਜਵਾਨਾਂ ਦੀ ਮੌਤ ਅਤੇ ਸਰਜੀਕਲ ਸਟਰਾਈਕ ਨਾਲ ਭਾਜਪਾ ਨੇ ਦੇਸ਼ ਭਗਤੀ ਅਤੇ ਰਾਸ਼ਟਰਵਾਦ ਦੇ ਮੁੱਦੇ 'ਤੇ ਚੋਣ ਮੁਹਿੰਮ ਸ਼ੁਰੂ ਕਰ ਦਿੱਤੀ। ਇਸ ਮਗਰੋਂ ਕਰਜ਼ੇ ਦੇ ਬੋਝ ਹੇਠ ਖ਼ੁਦਕੁਸ਼ੀਆਂ ਕਰ ਰਹੇ ਕਿਸਾਨ ਅਤੇ ਮਜ਼ਦੂਰ, ਖੇਤੀ ਨੂੰ ਲਾਹੇਵੰਦਾ ਬਣਾਉਣ ਦਾ ਮੁੱਦਾ ਪਿੱਛੇ ਚਲਾ ਗਿਆ।

ਪੰਜਾਬ ਦੇ ਵੋਟਰਾਂ ਤੋਂ ਲਈ ਗਈ ਰਾਇ ਅਨੁਸਾਰ 11.8 ਫੀਸਦੀ ਨੇ ਕਿਸਾਨੀ ਸੰਕਟ ਨੂੰ ਆਪਣਾ ਪਹਿਲਾ ਮੁੱਦਾ ਦੱਸਿਆ ਹੈ। ਇਨ੍ਹਾਂ ਵਿਚ ਕਈ ਸ਼ਹਿਰੀ ਵਪਾਰੀ ਵੀ ਸ਼ਾਮਲ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਅਜੇ ਵੀ ਦੇਸ਼ ਦੀ ਅੱਧੇ ਤੋਂ ਵੱਧ ਵਰਕਫੋਰਸ ਰੋਜ਼ੀ-ਰੋਟੀ ਲਈ ਖੇਤੀ 'ਤੇ ਨਿਰਭਰ ਹੈ। ਕਰਜ਼ੇ ਦੇ ਬੋਝ ਹੇਠ ਖ਼ੁਦਕੁਸ਼ੀ ਕਰ ਰਹੇ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਮੌਤਾਂ ਲਈ ਸਰਕਾਰ ਦੀ ਨੀਤੀ ਜ਼ਿੰਮੇਵਾਰ ਹੈ ਕਿਉਂਕਿ ਇਕ ਅਨੁਮਾਨ ਅਨੁਸਾਰ 2011 ਤੋਂ 2017 ਤੱਕ ਕਿਸਾਨਾਂ ਨੂੰ ਫਸਲ ਦਾ ਪੂਰਾ ਮੁੱਲ ਨਾ ਮਿਲਣ ਕਰਕੇ 45 ਲੱਖ ਕਰੋੜ ਰੁਪਏ ਦਾ ਘਾਟਾ ਪਿਆ ਹੈ। ਸਿਰਫ 2004-05 ਤੋਂ 2019_20 ਤੱਕ ਅਮੀਰ ਕਾਰਪੋਰੇਟ ਘਰਾਣਿਆਂ ਨੂੰ 55 ਲੱਖ ਕਰੋੜ ਰੁਪਏ ਦੀਆਂ ਟੈਕਸ ਛੋਟਾਂ ਦਿੱਤੀਆਂ ਜਾ ਚੁੱਕੀਆਂ ਹਨ।

ਪੰਜਾਬ ਦੀਆਂ ਤਿੰਨ ਯੂਨੀਵਰਸਿਟੀਆਂ ਵੱਲੋਂ ਕੀਤੇ ਸਰਵੇਖਣ ਅਨੁਸਾਰ 2000 ਤੋਂ 2015-16 ਤੱਕ 16,606 ਕਿਸਾਨਾਂ ਅਤੇ ਮਜ਼ਦੂਰਾਂ ਨੇ ਖ਼ੁਦਕੁਸ਼ੀਆਂ ਕੀਤੀਆਂ ਹਨ। ਇਹ ਰੋਜ਼ਾਨਾ ਔਸਤਨ ਤਿੰਨ ਬਣਦੀਆਂ ਹਨ ਜੇ ਇਸੇ ਅਨੁਪਾਤ ਨੂੰ ਅੱਗੇ ਲਗਾ ਲਿਆ ਜਾਵੇ ਤਾਂ ਹੁਣ ਤਕ ਤਿੰਨ ਹਜ਼ਾਰ ਦੇ ਕਰੀਬ ਖ਼ੁਦਕੁਸ਼ੀਆਂ ਹੋਰ ਜੁੜ ਜਾਂਦੀਆਂ ਹਨ। ਪੰਜਾਬ ਸਰਕਾਰ ਨੇ ਪੀੜਤ ਪਰਿਵਾਰਾਂ ਲਈ ਰਾਹਤ ਨੀਤੀ 2015 ਵਿਚ ਬਣਾਈ ਸੀ। ਇਸ ਤਹਿਤ ਪੀੜਤ ਪਰਿਵਾਰ ਨੂੰ ਤਿੰਨ ਲੱਖ ਰੁਪਏ ਮਿਲਣੇ ਸਨ। ਕੈਪਟਨ ਅਮਰਿੰਦਰ ਸਰਕਾਰ ਨੇ ਇਹ ਰਕਮ ਵਧਾ ਕੇ ਪੰਜ ਲੱਖ ਕਰਨ ਦਾ ਵਾਅਦਾ ਕੀਤਾ ਸੀ। ਨਾ ਪੰਜ ਲੱਖ ਹੋਏ ਬਲਕਿ ਨਵੀਆਂ ਸ਼ਰਤਾਂ ਲਗਾ ਕੇ ਉਸ ਨੀਤੀ ਦੀ ਭਾਵਨਾ ਵੀ ਪੂਰੀ ਤਰ੍ਹਾਂ ਖਤਮ ਕੀਤੀ ਜਾ ਰਹੀ ਹੈ। ਸਮੁੱਚਾ ਕਰਜ਼ਾ ਮੁਆਫ ਕਰਨ ਦਾ ਵਾਅਦਾ ਜੁਮਲੇ ਦੀ ਤਰ੍ਹਾਂ ਹੀ ਹੈ ਕਿਉਂਕਿ ਲਗਭਗ 90 ਹਜ਼ਾਰ ਕਰੋੜ ਦੇ ਸੰਸਥਾਗਤ ਕਰਜ਼ੇ ਵਿਚੋਂ ਵੀ 45 ਸੌ ਕਰੋੜ ਰੁਪਏ ਅਜੇ ਤੱਕ ਮੁਆਫ ਹੋਏ ਹਨ। ਨਰਿੰਦਰ ਮੋਦੀ ਦਾ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਸ਼ਗੂਫਾ ਅਰਥਸ਼ਾਸਤਰੀ ਪਹਿਲਾਂ ਹੀ ਰੱਦ ਕਰ ਚੁੱਕੇ ਹਨ ਕਿਉਂਕਿ ਖੇਤੀ ਦੀ ਵਿਕਾਸ ਦਰ ਜ਼ੀਰੋ ਫੀਸਦੀ ਤੱਕ ਸਿਮਟ ਗਈ ਹੈ। ਪਹਿਲਾਂ ਨਾਲੋਂ ਵਿਕਾਸ ਦਰ ਘਟਣ ਦੇ ਬਾਵਜੂਦ ਆਮਦਨ ਕਿਵੇਂ ਵਧੇਗੀ।

ਪੰਜਾਬ ਵਿਚ ਮਜ਼ਦੂਰਾਂ ਦੇ ਲਗਭਗ ਸੱਤ ਲੱਖ ਪਰਿਵਾਰ ਅਤੇ 15 ਲੱਖ ਦੇ ਕਰੀਬ ਕਿਰਤੀ ਪੂਰੀ ਤਰ੍ਹਾਂ ਖੇਤੀ ਉਤੇ ਨਿਰਭਰ ਹਨ। ਕਿਸਾਨੀ ਦੀ ਗੱਲ ਕਰਦਿਆਂ ਉਨ੍ਹਾਂ ਨੂੰ ਬਾਹਰ ਰੱਖਣਾ ਕਿਸੇ ਵੀ ਤਰ੍ਹਾਂ ਵਾਜਬ ਨਹੀਂ ਹੈ। ਮੋਦੀ ਸਰਕਾਰ ਦੀ ਪੰਜ ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨਾਂ ਦੇ ਖਾਤੇ ਪੰਜ ਸੌ ਰੁਪਏ ਮਹੀਨਾ ਤੇ ਛੇ ਹਜ਼ਾਰ ਰੁਪਏ ਸਾਲਾਨਾ ਜਮ੍ਹਾਂ ਕਰਾਉਣ ਵਾਲੀ ਸਕੀਮ ਵਿਚੋਂ ਮਜ਼ਦੂਰ ਗੈਰਹਾਜ਼ਰ ਹਨ। ਇਸੇ ਤਰ੍ਹਾਂ ਕੈਪਟਨ ਅਮਰਿੰਦਰ ਸਿੰਘ ਦੀ ਕਰਜ਼ਾ ਮੁਆਫੀ ਯੋਜਨਾ ਵਿਚੋਂ ਵੀ ਮਜ਼ਦੂਰ ਬਾਹਰ ਰਹਿ ਗਏ। ਦਲੀਲ ਦਿੱਤੀ ਗਈ ਕਿ ਮਜ਼ਦੂਰਾਂ ਦੇ ਕਰਜ਼ੇ ਅਤੇ ਉਨ੍ਹਾਂ ਦੀ ਗਿਣਤੀ ਦੀ ਜਾਣਕਾਰੀ ਨਹੀਂ ਹੈ। ਮਜ਼ਦੂਰਾਂ ਦੀ ਗਿਣਤੀ ਪੰਜਾਬ ਸਰਕਾਰ ਦੇ ਅੰਕੜਾ ਸਾਰ ਵਿਚ ਹੈ ਅਤੇ ਕਰਜ਼ੇ ਬਾਰੇ ਮਜ਼ਦੂਰ ਯੂਨੀਅਨ, ਪੰਜਾਬੀ ਯੂਨੀਵਰਸਿਟੀ ਦੇ ਅਧਿਐਨ ਅਤੇ ਲਗਭਗ ਤਿੰਨ ਦਰਜਨ ਪਿੰਡਾਂ ਦੀਆਂ ਗ੍ਰਾਮ ਸਭਾਵਾਂ ਰਾਹੀਂ ਮਿਲੇ ਅੰਕੜਿਆਂ ਨਾਲ ਮਜ਼ਦੂਰਾਂ ਦੇ ਕਰਜ਼ਿਆਂ ਦੇ ਤੱਥ ਵੀ ਸਾਹਮਣੇ ਆ ਗਏ ਪਰ ਇਸ ਉਤੇ ਅਮਲ ਅਜੇ ਵੀ ਦੂਰ ਦੀ ਕੌਡੀ ਹੈ।

ਬਹੁਤ ਸਾਰੇ ਅਰਥਸ਼ਾਸਤਰੀ ਇਸ ਗੱਲ ਨਾਲ ਸਹਿਮਤ ਹਨ ਕਿ ਕਿਸਾਨਾਂ ਨੂੰ ਖੇਤੀ ਵਿਚੋਂ ਕੱਢਣਾ ਹੀ ਹੱਲ ਹੈ ਪਰ ਇਸ ਦਾ ਜਵਾਬ ਕੋਈ ਨਹੀਂ ਦੇ ਰਿਹਾ ਕਿ ਖੇਤੀ ਵਿਚੋਂ ਕੱਢ ਕੇ ਬੰਦੇ ਕਿਥੇ ਜਾਣਗੇ? ਹੋਰ ਕਿਹੜੇ ਖੇਤਰ ਵਿਚ ਰੁਜ਼ਗਾਰ ਮੌਜੂਦ ਹੈ? ਕਿਸੇ ਠੋਸ ਖੇਤੀ ਨੀਤੀ ਤੋਂ ਬਿਨਾਂ ਅਤੇ ਵਿਕਾਸ ਦੇ ਸਮੁੱਚੇ ਮਾਡਲ ਨੂੰ ਚੁਣੌਤੀ ਦਿੱਤੇ ਬਿਨਾਂ ਕੋਈ ਹੱਲ ਕਿਵੇਂ ਸੰਭਵ ਹੋਵੇਗਾ।

### ਪੰਜਾਬੀ ਮਾਂ ਬੋਲੀ ਦਾ ਮੁੱਦਾ ਗਾਇਬ

**ਚੰਡੀਗੜ੍ਹ:** ਸਿਆਸੀ ਧਿਰਾਂ ਦੀ ਜ਼ਬਾਨ ਤੋਂ ਪੰਜਾਬੀ ਮਾਂ ਬੋਲੀ ਦਾ ਮੁੱਦਾ ਗਾਇਬ ਹੈ। ਸੂਬੇ ਵਿਚ ਮਾਂ ਬੋਲੀ ਨੂੰ ਖੂੰਜੇ ਲਾਉਣ ਦਾ ਮਸਲਾ ਹਮੇਸ਼ਾ ਭਖਦਾ ਰਿਹਾ ਹੈ ਤੇ ਸੱਤਾ ਤੋਂ ਬਾਹਰ ਰਹੀ ਹਰ ਧਿਰ ਵਿਰੋਧੀਆਂ ਨੂੰ ਘੇਰਨ ਲਈ ਇਸ ਨੂੰ ਸਿਆਸੀ ਹਥਿਆਰ ਵਜੋਂ ਵਰਤਦੀ ਰਹੀ ਹੈ ਪਰ ਹੁਣ ਲੋਕ ਸਭਾ ਚੋਣਾਂ ਵੇਲੇ ਇਹ ਮੁੱਦਾ ਕਿਸੇ ਸਿਆਸੀ ਆਗੂ ਦੀ ਜ਼ੁਬਾਨ ਉਤੇ ਨਹੀਂ ਹੈ।

ਆਰਥਿਕ ਮੰਦਹਾਲੀ ਅਤੇ ਲੋੜੀਂਦੇ ਸਟਾਫ ਦੀ ਕਮੀ ਨਾਲ ਜੂਝ ਰਹੇ ਭਾਸ਼ਾ ਵਿਭਾਗ ਦੀ ਕੋਈ ਸਾਰ ਨਹੀਂ ਲੈ ਰਿਹਾ। ਦੂਜੇ ਪਾਸੇ ਨਿੱਜੀ ਸਕੂਲਾਂ 'ਚ ਅੰਗਰੇਜ਼ੀ ਮਾਧਿਅਮ ਨੂੰ ਤਰਜੀਹ ਦੇਣ ਕਾਰਨ ਪੰਜਾਬੀ ਮਾਂ ਬੋਲੀ ਨੂੰ ਲੱਗ ਰਹੀ ਢਾਹ ਦੇ ਮੁੱਦੇ ਨੂੰ ਵੀ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ। ਸਰਕਾਰੀ ਦਫਤਰਾਂ 'ਚ ਪੰਜਾਬੀ ਭਾਸ਼ਾ ਨੂੰ ਲਾਗੂ ਕਰਾਉਣ ਦੀ ਗੱਲ ਅਜੇ ਵੀ ਅਧੂਰੀ ਹੈ। ਪੰਜਾਬੀ ਮਾਂ ਬੋਲੀ ਦੇ ਵਿਕਾਸ ਲਈ ਬਣੇ ਭਾਸ਼ਾ ਵਿਭਾਗ ਨੂੰ ਬਚਾਉਣ ਲਈ ਜਿਥੇ ਵੱਡੇ ਫੰਡਾਂ ਦੀ ਲੋੜ ਹੈ, ਉਥੇ ਹੁਣ ਬੁਨਿਆਦੀ ਸਹੂਲਤਾਂ ਨੂੰ ਵੀ ਤਰਸ ਰਿਹਾ ਹੈ।

## ਸਿਆਸਤਦਾਨਾਂ ਤੇ ਹਾਕਮਾਂ ਨੇ ਨੌਜਵਾਨਾਂ ਪੀੜ੍ਹੀ ਦੇ ਮਸਲਿਆਂ ਤੋਂ ਟਾਲਾ ਵੱਟਿਆ

**ਚੰਡੀਗੜ੍ਹ:** ਪੰਜਾਬ ਦੇ ਨੌਜਵਾਨਾਂ ਵਿਚ ਸਿਆਸਤਦਾਨਾਂ ਤੇ ਹਾਕਮਾਂ ਦੀਆਂ ਵਾਅਦਾਖਿਲਾਫੀਆਂ, ਪਰਿਵਾਰਵਾਦ ਅਤੇ ਉਨ੍ਹਾਂ ਵੱਲੋਂ ਸੂਬੇ ਖਾਸਕਰ ਨੌਜਵਾਨਾਂ ਤੇ ਆਮ ਲੋਕਾਂ ਦੀਆਂ ਸਮੱਸਿਆਵਾਂ ਵੱਲ ਧਿਆਨ ਨਾ ਦਿੱਤੇ ਜਾਣ ਤੋਂ ਰੋਸ ਤਾਂ ਹੈ, ਪਰ ਤਾਂ ਵੀ ਉਹ ਇਨ੍ਹਾਂ ਸਮੱਸਿਆਵਾਂ ਦਾ ਹੱਲ ਸਿਆਸੀ ਸੱਤਾ ਵਿਚੋਂ ਹੀ ਦੇਖਦੇ ਹਨ। ਇਸ ਲਈ ਜਿਥੇ ਕੁਝ ਨੌਜਵਾਨ ਇਸ ਗੱਲ ਦੇ ਹਾਮੀ ਹਨ ਕਿ ਉਨ੍ਹਾਂ ਦੇ ਮਸਲੇ ਕਿਸੇ ਹੋਰ ਨੇ ਹੱਲ ਨਹੀਂ ਕਰਨੇ, ਸਗੋਂ ਖ਼ੁਦ ਉਨ੍ਹਾਂ ਨੂੰ ਹੀ ਇਸ ਸਬੰਧੀ ਚੋਣ ਰਾਜਨੀਤੀ ਵਿਚ ਅੱਗੇ ਆਉਣਾ ਚਾਹੀਦਾ ਹੈ, ਉਥੇ ਕੁਝ ਇਹ ਵੀ ਆਖਦੇ ਹਨ ਕਿ ਇਹ ਟੀਚਾ ਮੌਜੂਦਾ ਵਧੀਆ ਤੇ ਈਮਾਨਦਾਰ ਆਗੂਆਂ ਦੀ ਹੀ ਸੰਸਦ ਤੇ ਵਿਧਾਨ ਸਭਾ ਲਈ ਚੋਣ ਕਰ ਕੇ ਵੀ ਹਾਸਲ ਕੀਤਾ ਜਾ ਸਕਦਾ ਹੈ।



ਪੰਜਾਬ ਦਾ ਨੌਜਵਾਨ ਆਪਣੇ ਭਵਿੱਖ ਨੂੰ ਲੈ ਕੇ ਬਹੁਤ ਫਿਕਰਮੰਦ ਹੈ ਅਤੇ ਬੇਰੁਜ਼ਗਾਰੀ ਉਸ ਦੀ ਸਭ ਤੋਂ ਵੱਡੀ ਸਮੱਸਿਆ ਹੈ। ਬੇਰੁਜ਼ਗਾਰੀ ਕਾਰਨ ਹੀ ਨੌਜਵਾਨ ਨਿਰਾਸ਼ਾ ਦੇ ਆਲਮ ਵਿਚ ਪਰਦੇਸਾਂ ਨੂੰ ਪਰਵਾਸ ਕਰ ਰਹੇ ਹਨ ਜਾਂ ਫਿਰ ਨਸ਼ਿਆਂ ਦੇ ਆਦੀ ਬਣ ਰਹੇ ਹਨ। ਨੌਜਵਾਨਾਂ ਨੇ ਸਿਆਸਤਦਾਨਾਂ ਦੀ ਵਾਅਦਾਖਿਲਾਫੀ ਅਤੇ ਝੂਠੇ ਲਾਰਿਆਂ ਉਤੇ ਚਿੰਤਾ ਜ਼ਾਹਰ ਕੀਤੀ ਹੈ। ਉਨ੍ਹਾਂ ਇਸ ਸਬੰਧੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪਿਛਲੀ ਵਾਰ ਕੀਤੇ ਗਏ 15-15 ਲੱਖ ਰੁਪਏ ਖਾਤਿਆਂ ਵਿਚ ਆਉਣ, ਦੋ ਕਰੋੜ ਨੌਕਰੀਆਂ ਤੇ ਅੱਛੇ ਦਿਨਾਂ ਦੇ ਵਾਅਦਿਆਂ ਅਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਨੌਜਵਾਨਾਂ ਨਾਲ ਕੀਤੇ ਸਮਾਰਟ ਫੋਨ ਦੇਣ ਅਤੇ ਹਫਤੇ ਵਿਚ ਨਸ਼ਿਆਂ ਦੇ ਖਾਤਮੇ ਵਰਗੇ ਵਾਅਦਿਆਂ ਦਾ ਹਵਾਲਾ ਦਿੱਤਾ ਹੈ। ਇਸੇ ਕਾਰਨ ਨੌਜਵਾਨ ਹੁਣ ਸ੍ਰੀ ਮੋਦੀ ਵੱਲੋਂ ਕਿਸਾਨਾਂ ਨੂੰ ਨਗਦ ਸਹਾਇਤਾ ਅਤੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਕਾਂਗਰਸ ਸਰਕਾਰ ਬਣਨ ਦੀ ਸੂਰਤ ਵਿਚ ਗਰੀਬਾਂ ਨੂੰ ਪੱਕੀ ਆਮਦਨ ਦੇਣ ਦੇ ਕੀਤੇ ਵਾਅਦਿਆਂ ਉਤੇ ਭਰੋਸਾ ਕਰਨ ਲਈ ਤਿਆਰ ਨਹੀਂ ਹਨ। 'ਪੰਜਾਬੀ ਟ੍ਰਿਬਿਊਨ' ਵੱਲੋਂ ਨੌਜਵਾਨਾਂ ਦੀ ਲਈ ਗਈ ਰਾਏ ਮੁਤਾਬਕ 33 ਫੀਸਦੀ ਨੌਜਵਾਨਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਸਿਆਸਤਦਾਨਾਂ ਖਾਸਕਰ ਉਮੀਦਵਾਰਾਂ ਨੂੰ ਭਰੇ ਇਕੱਠ ਵਿਚ ਘੇਰ ਕੇ ਉਨ੍ਹਾਂ ਵੱਲੋਂ ਪਹਿਲਾਂ ਕੀਤੇ ਗਏ ਕੰਮਾਂ ਦਾ ਹੀ ਹਿਸਾਬ-ਕਿਤਾਬ ਨਾ ਮੰਗਿਆ ਜਾਵੇ ਸਗੋਂ ਉਨ੍ਹਾਂ ਵੱਲੋਂ ਅਕਸਰ ਅਪਣਾਈਆਂ ਜਾਂਦੀਆਂ ਗਲਤ ਨੀਤੀਆਂ ਬਾਰੇ ਵੀ ਸਵਾਲ ਪੁੱਛੇ ਜਾਣ। ਇਸ ਸਬੰਧੀ ਬਠਿੰਡਾ ਦੀ ਇਕ ਵਿਦਿਆਰਥਣ ਨੇ ਲਿਖਿਆ ਹੈ: ''ਵੋਟਾਂ ਮੰਗਣ ਆਏ ਨੇਤਾਵਾਂ ਤੋਂ ਉਨ੍ਹਾਂ ਦੇ ਪਿਛਲੇ ਕੰਮਾਂ ਦਾ ਹਿਸਾਬ-ਕਿਤਾਬ ਮੰਗਿਆ ਜਾਵੇ, ਲੰਬੇ ਸਮੇਂ ਤੋਂ ਚੱਲ ਰਹੀਆਂ ਸਮੱਸਿਆਵਾਂ ਦੇ ਜਾਰੀ ਰਹਿਣ ਦੇ ਕਾਰਨ ਪੁੱਛੇ ਜਾਣ।'' ਇਸੇ ਤਰ੍ਹਾਂ ਪਿੰਡ ਮੀਹਾਂ ਸਿੰਘ ਵਾਲਾ, ਜ਼ਿਲ੍ਹਾ ਮਾਨਸਾ ਦੇ ਨੌਜਵਾਨ ਨੇ ਆਖਿਆ ਹੈ, ''ਆਮ ਜਨਤਾ ਤੱਕ ਪਹੁੰਚੀਆਂ ਸੁੱਖ ਸਹੂਲਤਾਂ ਦਾ ਗ੍ਰਾਫ ਕੀ ਹੈ, ਇਸ ਦੇ ਜਵਾਬ ਸਿਆਸਤਦਾਨਾਂ ਤੋਂ ਭਰੇ ਇਕੱਠ ਵਿਚ ਪੁੱਛੇ ਜਾਣ।''

ਵੋਟਾਂ ਦੀ ਖਰੀਦੋ-ਫਰੋਖਤ ਉਤੇ ਚਿੰਤਾ ਜ਼ਾਹਰ ਕਰਦਿਆਂ 26 ਫੀਸਦੀ ਨੌਜਵਾਨਾਂ ਨੇ ਆਪਣੇ ਸਾਥੀਆਂ ਨੂੰ ਇਸ ਮਾੜੇ ਰੁਝਾਨ ਤੋਂ ਬਚਣ ਦਾ ਸੁਨੇਹਾ ਦਿੱਤਾ ਹੈ ਤੇ 20 ਫੀਸਦੀ ਅਨੁਸਾਰ ਨੌਜਵਾਨਾਂ ਨੂੰ ਸਿਆਸਤਦਾਨਾਂ ਦੇ ਪਿਛਲੱਗ ਬਣਨ ਦੀ ਥਾਂ ਖ਼ੁਦ ਸਿਆਸੀ ਪਿੜ ਵਿਚ ਨਿੱਤਰਨਾ ਚਾਹੀਦਾ ਹੈ ਤੇ ਆਪਣੀਆਂ ਸਮੱਸਿਆਵਾਂ ਦਾ ਹੱਲ ਆਪ ਕਰਨਾ ਚਾਹੀਦਾ ਹੈ। ਇਸੇ ਤਰ੍ਹਾਂ 15 ਫੀਸਦੀ ਨੌਜਵਾਨਾਂ ਨੇ ਸਿਆਸੀ ਆਗੂਆਂ ਦੇ ਪਰਿਵਾਰਵਾਦ, 13 ਫੀਸਦੀ ਨੇ ਮਹਿੰਗੀ ਤੇ ਗੈਰ-ਮਿਆਰੀ ਵਿੱਦਿਆ, 13 ਫੀਸਦੀ ਨੇ ਰਿਸ਼ਵਤਖ਼ੋਰੀ ਤੇ 10 ਫੀਸਦੀ ਨੇ ਫਿਰਕਾਪ੍ਰਸਤੀ ਅਤੇ ਜਾਤੀਵਾਦ ਦੇ ਰੁਝਾਨ ਉਤੇ ਚਿੰਤਾ ਜ਼ਾਹਰ ਕੀਤੀ ਹੈ। ਇਸ ਤੋਂ ਇਲਾਵਾ ਵੱਡੀ ਗਿਣਤੀ ਨੌਜਵਾਨ ਕਿਸਾਨੀ ਦੀ ਮੰਦਹਾਲੀ ਤੇ ਖ਼ੁਦਕੁਸ਼ੀਆਂ, ਪੰਜਾਬ ਦੇ ਦਰਿਆਈ ਪਾਣੀਆਂ ਦੀ ਲੁੱਟ-ਖਸੁੱਟ, ਲੋਕ ਮਸਲਿਆਂ ਦੇ ਵਰ੍ਹਿਆਂ ਬੱਧੀ ਲਟਕਦੇ ਰਹਿਣ, ਚੋਣਾਂ ਵਿਚ ਪੈਸੇ ਦੀ ਅੰਨ੍ਹੇਵਾਹ ਦੁਰਵਰਤੋਂ, ਨਿੱਜੀ ਵਿੱਦਿਅਕ ਅਦਾਰਿਆਂ ਤੇ ਨਿਜੀ ਕੰਮ ਵਾਲੀਆਂ ਥਾਵਾਂ ਉਤੇ ਹੋਣ ਵਾਲੇ ਸ਼ੋਸ਼ਣ ਅਤੇ ਸੋਸ਼ਲ ਮੀਡੀਆ ਉਤੇ ਫੈਲਾਈਆਂ ਜਾਂਦੀਆਂ ਅਫਵਾਹਾਂ ਤੋਂ ਵੀ ਦੁਖੀ ਹਨ।

ਵੱਡੀ ਗਿਣਤੀ ਨੌਜਵਾਨਾਂ ਦਾ ਖਿਆਲ ਹੈ ਕਿ ਪੜ੍ਹੇ-ਲਿਖੇ ਨੌਜਵਾਨਾਂ ਨੂੰ ਆਪਣੇ ਸਾਥੀਆਂ ਸਣੇ ਸਮਾਜ ਦੇ ਹੋਰਨਾਂ ਤਬਕਿਆਂ ਨੂੰ ਵੀ ਸਮਾਜਿਕ ਤੇ ਸਿਆਸੀ ਕੁਰੀਤੀਆਂ ਖਿਲਾਫ ਜਾਗਰੂਕ ਕਰਨਾ ਚਾਹੀਦਾ ਹੈ। ਕੁਝ ਨੌਜਵਾਨਾਂ ਨੇ ਆਖਿਆ ਕਿ ਹਾਲੇ ਤਾਂ ਵੱਡੀ ਗਿਣਤੀ ਨੌਜਵਾਨ ਖ਼ੁਦ ਹੀ 'ਬਾਪੂ ਦੇ ਕਹਿਣ' ਉਤੇ ਅਤੇ ਮੁਟਿਆਰਾਂ ਆਪਣੇ ਪਤੀਆਂ ਦੇ ਕਹਿਣ ਉਤੇ ਪਾਉਂਦੀਆਂ ਹਨ, ਜਦੋਂਕਿ ਉਨ੍ਹਾਂ ਨੂੰ ਖ਼ੁਦ ਫੈਸਲੇ ਲੈਣ ਦੇ ਕਾਬਲ ਬਣਨਾ ਚਾਹੀਦਾ ਹੈ। ਘਰ ਦੇ ਮੁਖੀ ਨੂੰ ਵੀ ਸਮਝਣਾ ਚਾਹੀਦਾ ਹੈ ਕਿ ਵੋਟ ਦਾ ਹੱਕ ਸਭ ਦਾ ਆਪਣਾ ਹੈ। ਕੁੱਲ ਮਿਲਾ ਕੇ ਨੌਜਵਾਨਾਂ ਦਾ ਇਹੋ ਖਿਆਲ ਹੈ ਕਿ ਆਗਾਮੀ ਚੋਣਾਂ ਵਿਚ ਉਨ੍ਹਾਂ ਦੀ ਬੜੀ ਵੱਡੀ ਭੂਮਿਕਾ ਹੈ, ਕਿਉਂਕਿ ਨੌਜਵਾਨ ਇਕ ਬਹੁਤ ਵੱਡਾ ਵੋਟ ਬੈਂਕ ਵੀ ਹਨ, ਜਿਨ੍ਹਾਂ ਦੀ ਗਿਣਤੀ ਕੁੱਲ ਵੋਟਰਾਂ ਦੇ ਅੱਧੇ ਤੋਂ ਵੱਧ ਹੈ। ਇਸ ਲਈ ਉਨ੍ਹਾਂ ਨੂੰ ਆਪਣੀ ਜ਼ਿੰਮੇਵਾਰੀ ਸਰਗਰਮੀ ਤੇ ਸਮਝਦਾਰੀ ਨਾਲ ਨਿਭਾਉਣੀ ਚਾਹੀਦੀ ਹੈ ਅਤੇ ਚੰਗੇ ਕਿਰਦਾਰ ਵਾਲੇ ਉਮੀਦਵਾਰਾਂ ਦੀ ਚੋਣ ਕਰਨੀ ਚਾਹੀਦੀ ਹੈ, ਤਾਂ ਕਿ ਉਹ ਲੋਕ ਮਸਲੇ ਹੱਲ ਕਰਵਾ ਸਕਣ ਅਤੇ ਦੇਸ਼ ਨੂੰ ਅੱਗੇ ਵਧਾ ਸਕਣ।

## ਸਿਆਸੀ ਧਿਰਾਂ ਨੂੰ ਨਸ਼ਿਆਂ ਦਾ ਮੁੱਦਾ ਯਾਦ ਨਾ ਆਇਆ

**ਚੰਡੀਗੜ੍ਹ:** ਪੰਜਾਬ ਵਿਚ 2014 ਦੀਆਂ ਲੋਕ ਸਭਾ ਚੋਣਾਂ ਤੇ ਉਸ ਪਿਛੋਂ ਵਿਧਾਨ ਸਭਾ ਚੋਣਾਂ ਵਿਚ ਨਸ਼ਾ ਵੱਡਾ ਮੁੱਦਾ ਬਣਿਆਂ ਸੀ। 'ਆਪ' ਤੇ ਕਾਂਗਰਸ ਨੇ ਸੱਤਾ ਮਿਲਣ ਉਤੇ ਨਸ਼ਿਆਂ ਦੇ ਖਾਤਮੇ ਦਾ ਵਾਅਦਾ ਕੀਤਾ। ਅਕਾਲੀ ਦਲ ਦੇ ਕਈ ਮੁੱਖ ਆਗੂਆਂ ਉਤੇ ਨਸ਼ੇ ਦੀ ਸਮਗਲਿੰਗ ਦੇ ਦੋਸ਼ ਲੱਗੇ। ਇਸੇ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਬਠਿੰਡਾ ਦੀ ਰੈਲੀ ਦੌਰਾਨ ਗੁਟਕਾ ਸਾਹਿਬ ਉਤੇ ਹੱਥ ਰੱਖ ਕੇ ਚਾਰ ਹਫਤਿਆਂ ਅੰਦਰ ਪੰਜਾਬ 'ਚੋਂ ਨਸ਼ਾ ਖਤਮ ਕਰ ਦੇਣ ਦਾ ਐਲਾਨ ਕਰ ਦਿੱਤਾ।

ਏ.ਡੀ.ਜੀ.ਪੀ. ਪੱਧਰ ਦੇ ਅਧਿਕਾਰੀ ਹਰਪ੍ਰੀਤ ਸਿੱਧੂ ਦੀ ਅਗਵਾਈ ਵਿਚ ਵਿਸ਼ੇਸ਼ ਟਾਸਕ ਫੋਰਸ ਬਣਾ ਦਿੱਤੀ ਗਈ। ਉਸ ਦੀ ਰਿਪੋਰਟ ਅਜੇ ਤੱਕ ਜਨਤਕ ਨਹੀਂ ਹੋਈ। ਪੁਲਿਸ ਅੰਦਰ ਦੋ ਧੜੇ ਬਣ ਗਏ ਜੋ ਇਕ ਦੂਜੇ ਖਿਲਾਫ ਹਾਈ ਕੋਰਟ ਵਿਚ ਵੀ ਚਲੇ ਗਏ। ਇਸੇ ਦੌਰਾਨ ਹਰਪ੍ਰੀਤ ਨੂੰ ਬਦਲ ਦਿੱਤਾ ਅਤੇ ਮੁਹੰਮਦ ਮੁਸਤਫਾ ਨੂੰ ਟਾਸਕ ਫੋਰਸ ਦਾ ਮੁਖੀ ਲਗਾ ਦਿੱਤਾ। ਮਾਮਲਾ ਠੰਢੇ ਬਸਤੇ ਵਿਚ ਪੈ ਗਿਆ ਹੈ ਅਤੇ ਸਰਕਾਰ ਮੁਤਾਬਕ ਨਸ਼ੇ ਦੀ ਚੇਨ ਤੋੜ ਦਿੱਤੀ ਗਈ ਹੈ। ਪੰਜਾਬੀ ਮੁਸੀਬਤ ਨੂੰ ਹੱਡੀਂ ਹੰਢਾ ਰਹੇ ਹਨ। ਨਸ਼ਿਆਂ ਉਤੇ ਕੋਈ ਗੰਭੀਰ ਅਧਿਐਨ ਨਹੀਂ ਹੋਇਆ ਅਤੇ ਨਾ ਹੀ ਮੁੜ ਵਸੇਬੇ ਦੀ ਕੋਈ ਨੀਤੀ ਬਣੀ ਹੈ।

ਪੰਜਾਬ ਮੰਤਰੀ ਮੰਡਲ ਨੇ ਨਸ਼ਾ ਤਸਕਰਾਂ ਲਈ ਮੌਤ ਦੀ ਸਜ਼ਾ ਹੋਣ ਦਾ ਮਤਾ ਵੀ ਕੇਂਦਰ ਸਰਕਾਰ ਨੂੰ ਭੇਜ ਦਿੱਤਾ ਸੀ। ਪਹਿਲਾਂ ਹੀ ਐਨ.ਡੀ.ਪੀ.ਐਸ. ਕਾਨੂੰਨ ਦੀ ਧਾਰਾ 31-ਏ ਤਹਿਤ ਨਸ਼ੇ ਦੀ ਪੈਦਾਵਾਰ, ਪ੍ਰੋਸੈਸਿੰਗ, ਟਰਾਂਸਪੋਰਟ ਜਾਂ ਖਰੀਦ ਅਤੇ ਪੈਸੇ ਦੇ ਲੈਣ-ਦੇਣ ਵਿਚ ਸ਼ਾਮਲ ਵਿਅਕਤੀ ਨੂੰ ਦੋ ਵਾਰ ਕਾਨੂੰਨ ਦਾ ਉਲੰਘਣ ਕਰਨ ਉਤੇ ਫਾਂਸੀ ਦੀ ਸਜ਼ਾ ਦਾ ਪ੍ਰਬੰਧ ਹੈ। ਹਕੀਕਤ ਇਹ ਹੈ ਕਿ ਅਜੇ ਤੱਕ ਸਰਕਾਰ ਵੱਡੇ ਤਸਕਰਾਂ ਦੇ ਨਾਂ ਨਸ਼ਰ ਕਰਨ ਜਾਂ ਕਿਸੇ ਵੀ ਵੱਡੇ ਮਗਰਮੱਛ ਨੂੰ ਹੱਥ ਪਾਉਣ ਵਿਚ ਕਾਮਯਾਬ ਨਹੀਂ ਹੋਈ। ਮੁੱਖ ਮੰਤਰੀ ਨੇ ਪਿਛਲੇ ਸਾਲ ਜੁਲਾਈ ਮਹੀਨੇ ਵਿਚ ਹਰ ਹਫਤੇ ਸੋਮਵਾਰ ਤਿੰਨ ਵਜੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਸਥਿਤੀ ਦਾ ਜਾਇਜ਼ਾ ਲੈਣ ਅਤੇ ਹੁਣ ਤੱਕ ਹੋਈਆਂ ਮੌਤਾਂ ਦੀ ਜਾਂਚ ਦਾ ਐਲਾਨ ਕੀਤਾ ਸੀ। ਮੁੱਖ ਮੰਤਰੀ ਨੇ ਨਾ ਲਗਾਤਾਰ ਮੀਟਿੰਗਾਂ ਕੀਤੀਆਂ ਅਤੇ ਨਾ ਹੀ ਇਸ ਬਾਰੇ ਹੋਈ ਜਾਂਚ ਸਬੰਧੀ ਕਿਸੇ ਨੂੰ ਕੁੱਝ ਪਤਾ ਹੈ।

ਸਿਆਸੀ ਪਾਰਟੀਆਂ ਭਾਵੇਂ ਇਸ ਨੂੰ ਉਸ ਹੱਦ ਤੱਕ ਪ੍ਰਚਾਰ ਦਾ ਹਿੱਸਾ ਨਹੀਂ ਬਣਾ ਰਹੀਆਂ ਪਰ ਲੋਕਾਂ ਦੇ ਦਿਲੋ-ਦਿਮਾਗ ਉਤੇ ਇਸ ਦਾ ਅਸਰ ਸਾਫ ਦਿਖਾਈ ਦੇ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਫਰਵਰੀ-2019 ਵਿਚ ਵਿਧਾਨ ਸਭਾ ਅੰਦਰ ਦਿੱਤੀ ਜਾਣਕਾਰੀ ਅਨੁਸਾਰ ਸਾਲ 2018-19 ਦੇ ਵਿੱਤੀ ਸਾਲ ਦੌਰਾਨ ਸੂਬੇ ਦੇ 56 ਨੌਜਵਾਨ ਨਸ਼ੇ ਦੀ ਓਵਰਡੋਜ਼ ਨਾਲ ਆਪਣੇ ਜੀਵਨ ਤੋਂ ਹੱਥ ਧੋ ਬੈਠੇ। ਇਹ ਇਸ ਕਰਕੇ ਹੋਰ ਗੰਭੀਰ ਹੈ ਕਿਉਂਕਿ 2017-18 ਓਵਰਡੋਜ਼ ਨਾਲ ਮਰਨ ਦਾ ਸਰਕਾਰੀ ਅੰਕੜਾ 11 ਸੀ। ਸਾਲ 2018-19 ਦੌਰਾਨ ਨਸ਼ੇ ਦੀ ਓਵਰਡੋਜ਼ ਨਾਲ ਅੰਮ੍ਰਿਤਸਰ ਵਿਚ ਸਭ ਤੋਂ ਵੱਧ 11 ਮੌਤਾਂ ਅਤੇ ਪਿਛੋਂ ਤਰਨ ਤਾਰਨ ਵਿਚ ਨੌਂ ਮੌਤਾਂ ਹੋਈਆਂ। ਮਾਝੇ ਦੇ ਇਨ੍ਹਾਂ ਦੋਵੇਂ ਜ਼ਿਲ੍ਹਿਆਂ ਵਿਚ ਮੌਤਾਂ ਦੀ ਗਿਣਤੀ 50% ਹੈ।

2014 ਦੀਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਨੇ ਨਸ਼ੇ ਦੇ ਮੁੱਦੇ ਨੂੰ ਸਭ ਤੋਂ ਵੱਡੇ ਮੁੱਦੇ ਦੇ ਤੌਰ ਉਤੇ ਉਭਾਰਿਆ ਸੀ ਜਦੋਂ ਆਮ ਆਦਮੀ ਪਾਰਟੀ 4 ਸੀਟਾਂ ਜਿੱਤ ਗਈ ਸੀ। ਉਦੋਂ ਤਤਕਾਲੀ ਅਕਾਲੀ-ਭਾਜਪਾ ਸਰਕਾਰ ਨੇ ਇਕਦਮ ਸਖਤੀ ਕਰਨ ਦਾ ਹੁਕਮ ਦੇ ਦਿੱਤਾ ਅਤੇ ਪੁਲਸੀਆ ਕਹਿਰ ਸਾਧਾਰਨ ਨਸ਼ੇੜੀਆਂ ਉਤੇ ਟੁੱਟ ਪਿਆ। ਨਾਰਕੋਟਿਕਸ, ਡਰੱਗਜ਼ ਐਂਡ ਸਾਇਕੋਟਰੋਪਿਕ ਸਬਸਟਾਂਸਜ਼ ਐਕਟ 1985 (ਐਨ. ਡੀ. ਪੀ.ਐਸ.) ਕਾਨੂੰਨ ਹੇਠ 2014 ਤੋਂ 2018 ਦੇ ਪੰਜ ਸਾਲਾਂ ਦੌਰਾਨ ਨਸ਼ੇ ਦੇ ਸਮਗਲਰਾਂ ਅਤੇ ਅੱਗੋਂ ਵੇਚਣ ਵਾਲਿਆਂ ਖਿਲਾਫ 52,742 ਕੇਸ ਦਰਜ ਕੀਤੇ ਗਏ। ਇਸ ਦਾ ਅਰਥ ਹੈ ਕਿ ਰੋਜ਼ਾਨਾ 29 ਕੇਸ ਦਰਜ ਕੀਤੇ ਜਾਂਦੇ ਰਹੇ। ਸਾਧਾਰਨ ਨੌਜਵਾਨਾਂ ਨੂੰ ਫੜ ਕੇ ਜੇਲ੍ਹਾਂ ਵਿਚ ਡੱਕਣ ਦੇ ਮੁੱਦੇ ਤੋਂ ਬਾਅਦ ਅਕਾਲੀ-ਭਾਜਪਾ ਨੇ ਸਟੈਂਡ ਹੀ ਤਬਦੀਲ ਕਰ ਲਿਆ ਕਿ ਪੰਜਾਬ ਵਿਚ ਨਸ਼ਾ ਕੋਈ ਵੱਡੀ ਸਮੱਸਿਆ ਨਹੀਂ ਬਲਕਿ ਵਿਰੋਧੀ ਧਿਰਾਂ ਜਾਣਬੁਝ ਕੇ ਪੰਜਾਬ ਨੂੰ ਬਦਨਾਮ ਕਰ ਰਹੀਆਂ ਹਨ।

# ਚੋਣਾਂ ਵਿਚ 'ਮਾਇਆਧਾਰੀ' ਸਿਆਸੀ ਆਗੂਆਂ ਦਾ ਲੇਖਾ-ਜੋਖਾ...

**ਚੰਡੀਗੜ੍ਹ:** ਪੰਜਾਬ ਦੇ ਸਿਆਸੀ ਆਗੂਆਂ ਦੀ ਜਾਇਦਾਦ ਛਾਲਾਂ ਮਾਰਦੀ ਵਧੀ ਹੈ। ਸਿਆਸੀ ਆਗੂਆਂ ਵੱਲੋਂ ਨਾਮਜ਼ਦਗੀ ਭਰਨ ਵੇਲੇ ਦਿੱਤੇ ਵੇਰਵੇ ਹੈਰਾਨ ਕਰਨ ਵਾਲੇ ਹਨ। ਬਠਿੰਡਾ ਸੰਸਦੀ ਹਲਕੇ ਤੋਂ ਅਕਾਲੀ ਉਮੀਦਵਾਰ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਕੋਲ ਏਨੇ ਗਹਿਣੇ ਹਨ ਕਿ ਚਾਹੇ ਪੰਡ ਬੰਨ੍ਹ ਲਵੋ।



ਹਰਸਿਮਰਤ ਬਾਦਲ ਦੀ ਜਾਇਦਾਦ ਵਿਚ ਪੰਜ ਵਰ੍ਹਿਆਂ ਵਿਚ 7.80 ਕਰੋੜ ਦਾ ਵਾਧਾ ਹੋਇਆ ਹੈ। ਮੁਲਕ ਭਰ 'ਚੋਂ ਬੀਬਾ ਬਾਦਲ ਨੇ ਗਹਿਣਿਆਂ ਦੇ ਮਾਮਲੇ ਵਿਚ ਝੰਡੀ ਲੈ ਲਈ ਹੈ। ਦੇਸ਼ ਭਰ ਦੇ ਚੋਣ ਪਿੜ 'ਚ ਹੁਣ ਤੱਕ 449 ਮਹਿਲਾ ਉਮੀਦਵਾਰ ਨਿੱਤਰੀਆਂ ਹਨ, ਜਿਨ੍ਹਾਂ 'ਚੋਂ ਸਭ ਤੋਂ ਵੱਧ ਗਹਿਣੇ ਹਰਸਿਮਰਤ ਕੌਰ ਬਾਦਲ ਕੋਲ ਹਨ। ਕੇਂਦਰੀ ਵਜ਼ਾਰਤ 'ਚ ਸ਼ਾਮਲ ਸੱਤ ਮਹਿਲਾ ਵਜ਼ੀਰ ਵੀ ਗਹਿਣਿਆਂ ਦੇ ਮਾਮਲੇ ਵਿਚ ਬੀਬੀ ਬਾਦਲ ਦੇ ਨੇੜੇ-ਤੇੜੇ ਨਹੀਂ ਹਨ। 16ਵੀਂ ਲੋਕ ਸਭਾ ਵਿਚ ਕੁੱਲ 66 ਮਹਿਲਾ ਸੰਸਦ ਮੈਂਬਰ ਹਨ ਜਿਨ੍ਹਾਂ 'ਚੋਂ ਸਭ ਤੋਂ ਵੱਧ ਗਹਿਣੇ ਬੀਬਾ ਬਾਦਲ ਕੋਲ ਹਨ। ਉਨ੍ਹਾਂ ਕੋਲ ਇਸ ਵੇਲੇ 7.03 ਕਰੋੜ ਮੁੱਲ ਦੇ ਗਹਿਣੇ ਹਨ ਜਿਨ੍ਹਾਂ ਵਿਚ ਸੋਨਾ, ਸਿਲਵਰ, ਸਟੋਨ ਤੇ ਡਾਇਮੰਡ ਦੇ ਗਹਿਣੇ ਸ਼ਾਮਲ ਹਨ। ਬੀਬਾ ਬਾਦਲ ਨੇ ਕੁਝ ਗਹਿਣੇ ਖਰੀਦੇ ਹਨ ਅਤੇ ਕੁਝ ਵਿਰਾਸਤ ਵਿਚ ਮਿਲੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕੋਲ ਸਿਰਫ 9 ਲੱਖ ਦੇ ਗਹਿਣੇ ਹਨ। ਜਦੋਂ ਬੀਬੀ ਬਾਦਲ ਪਹਿਲੀ ਵਾਰ 2009 ਵਿਚ ਸੰਸਦ ਮੈਂਬਰ ਬਣੇ ਸਨ ਤਾਂ ਉਦੋਂ ਉਨ੍ਹਾਂ ਕੋਲ 1.94 ਕਰੋੜ ਦੇ ਗਹਿਣੇ ਸਨ ਜਿਸ ਵਿਚ 14.93 ਕਿਲੋ ਸੋਨਾ ਤੇ ਸਿਲਵਰ ਸ਼ਾਮਲ ਹੈ।

ਚੰਡੀਗੜ੍ਹ ਤੋਂ ਭਾਜਪਾ ਉਮੀਦਵਾਰ ਕਿਰਨ ਖੇਰ ਨੂੰ ਗਹਿਣਿਆਂ ਦਾ ਕਾਫੀ ਸ਼ੌਕ ਹੈ ਅਤੇ ਉਹ ਵੀ ਇਸ ਮਾਮਲੇ ਵਿਚ ਹਰਸਿਮਰਤ ਦੇ ਨੇੜੇ ਨਹੀਂ ਪੁੱਜੇ ਹਨ। ਕਿਰਨ ਖੇਰ ਕੋਲ ਇਸ ਵੇਲੇ 4.64 ਕਰੋੜ ਦੇ ਗਹਿਣੇ ਹਨ ਜਿਨ੍ਹਾਂ ਵਿਚ 16 ਕਿਲੋ ਸੋਨਾ ਵੀ ਸ਼ਾਮਲ ਹੈ।

ਨਾਮਜ਼ਦਗੀ ਪੱਤਰ ਵਿਚ ਸੁਖਬੀਰ ਸਿੰਘ ਬਾਦਲ ਵੱਲੋਂ ਭਰੇ ਵੇਰਵਿਆਂ ਮੁਤਾਬਕ ਲੰਘੇ ਵਿੱਤੀ ਵਰ੍ਹੇ ਦੌਰਾਨ ਉਨ੍ਹਾਂ ਨੂੰ ਆਪਣੇ ਕਾਰੋਬਾਰ ਰਾਹੀਂ 2,17,54,600 ਰੁਪਏ ਆਮਦਨੀ ਹੋਈ। ਖੇਤੀਬਾੜੀ ਵਿਚੋਂ ਉਨ੍ਹਾਂ ਨੂੰ 24,51,667 ਰੁਪਏ ਦੀ ਆਮਦਨੀ ਹੋਈ ਜਦਕਿ 5910 ਰੁਪਏ ਦੀ ਹੋਰ ਆਮਦਨੀ ਹੋਈ। ਸੁਖਬੀਰ ਬਾਦਲ ਕੋਲ ਨਗਦ ਰਾਸ਼ੀ ਸਿਰਫ 33,936 ਰੁਪਏ ਹੈ। ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਭਗਵੰਤ ਮਾਨ ਕੋਲ 1 ਕਰੋੜ 64 ਲੱਖ ਰੁਪਏ ਦੀ ਜਾਇਦਾਦ ਹੈ। ਹਾਲਾਂਕਿ 2014 ਵਿਚ ਮਾਨ ਕੋਲ 1 ਕਰੋੜ 84 ਲੱਖ ਰੁਪਏ ਦੀ ਜਾਇਦਾਦ ਸੀ, ਜੋ ਪਿਛਲੇ ਪੰਜ ਸਾਲਾਂ ਵਿਚ 11 ਫੀਸਦੀ ਘਟ ਗਈ ਹੈ। ਮਾਨ ਕੋਲ ਕੋਈ ਘਰ ਨਹੀਂ ਹੈ ਜਦੋਂਕਿ ਦੋ ਕਾਰਾਂ ਅਤੇ ਤਿੰਨ ਲੱਖ ਰੁਪਏ ਦੇ ਗਹਿਣੇ ਹਨ। ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰ ਸਿਮਰਨਜੀਤ ਸਿੰਘ ਮਾਨ ਕੋਲ 10.21 ਕਰੋੜ ਦੀ ਜਾਇਦਾਦ ਹੈ, ਜਦੋਂਕਿ ਉਨ੍ਹਾਂ ਦੀ ਪਤਨੀ ਕੋਲ 5.88 ਕਰੋੜ ਦੀ ਜਾਇਦਾਦ ਹੈ।

ਭਾਜਪਾ ਦੇ ਅੰਮ੍ਰਿਤਸਰ ਸੰਸਦੀ ਹਲਕੇ ਤੋਂ ਉਮੀਦਵਾਰ ਹਰਦੀਪ ਸਿੰਘ ਪੁਰੀ ਦੀ ਕੁੱਲ ਚਲ ਅਤੇ ਅਚੱਲ ਸੰਪਤੀ ਲਗਭਗ 34.3 ਕਰੋੜ ਰੁਪਏ ਹੈ ਜਿਸ ਵਿਚ ਉਨ੍ਹਾਂ ਦੀ ਪਤਨੀ ਲਕਸ਼ਮੀ ਪੁਰੀ ਦੀ ਸੰਪਤੀ ਵੀ ਸ਼ਾਮਲ ਹੈ। ਉਨ੍ਹਾਂ ਨੇ ਵਿੱਤੀ ਵਰ੍ਹੇ 2017-18 ਦੀ ਆਪਣੀ ਸਾਲਾਨਾ ਆਮਦਨ 1.95 ਕਰੋੜ ਦੱਸੀ ਹੈ ਜਦੋਂਕਿ ਉਨ੍ਹਾਂ ਦੀ ਪਤਨੀ ਦੀ ਇਸੇ ਵਿੱਤੀ ਵਰ੍ਹੇ ਦੀ ਸਾਲਾਨਾ ਆਮਦਨ 11 ਲੱਖ 66 ਹਜ਼ਾਰ ਰੁਪਏ ਹੈ। ਅਕਾਲੀ ਉਮੀਦਵਾਰ ਸੁਰਜੀਤ ਸਿੰਘ ਰੱਖੜਾ ਕੋਲ 16.13 ਕਰੋੜ ਦੀ ਜਾਇਦਾਦ ਹੈ ਜਿਸ ਵਿਚੋਂ 8 ਕਰੋੜ ਦੀ ਖੇਤੀਬਾੜੀ ਵਾਲੀ ਤੇ 80 ਲੱਖ ਦੀ ਕਮਰਸ਼ੀਅਲ ਲੈਂਡ ਹੈ। ਉਨ੍ਹਾਂ ਕੋਲ 1.10 ਲੱਖ ਦੀ ਨਗਦੀ ਹੈ ਤੇ 12.90 ਲੱਖ ਰੁਪਏ ਦਾ ਸੋਨਾ ਹੈ। ਰੱਖੜਾ ਕੋਲ ਇਨੋਵਾ, ਫਾਰਚੂਨਰ ਤੇ ਮਾਰੂਤੀ ਕਾਰ ਵੀ ਹੈ। ਸੁਖਪਾਲ ਸਿੰਘ ਖਹਿਰਾ ਕੋਲ 59.87 ਕਰੋੜ ਦੀ ਸੰਪਤੀ ਹੈ ਉਨ੍ਹਾਂ ਕੋਲ 87.45 ਲੱਖ ਦੀ ਚੱਲ ਅਤੇ ਕਰੀਬ 59 ਕਰੋੜ ਦੀ ਅਚੱਲ ਸੰਪਤੀ ਹੈ। 'ਆਪ' ਦੀ ਉਮੀਦਵਾਰ ਪ੍ਰੋ. ਬਲਜਿੰਦਰ ਕੌਰ ਦੀ ਜਾਇਦਾਦ ਕਈ ਗੁਣਾਂ ਵਧੀ ਹੈ। ਉਨ੍ਹਾਂ ਦੀ ਕੁੱਲ ਸੰਪਤੀ ਹੁਣ 86.54 ਲੱਖ ਰੁਪਏ ਦੀ ਹੋ ਗਈ ਹੈ ਜਦੋਂ ਕਿ ਸਾਲ 2017 ਵਿਚ ਇਹ ਸੰਪਤੀ 3.65 ਲੱਖ ਦੀ ਸੀ। ਜਦੋਂ ਕਿ ਹੁਣ ਚੱਲ ਸੰਪਤੀ 22.54 ਲੱਖ ਰੁਪਏ ਹੋ ਗਈ ਹੈ।

### ਸ਼ਾਹੀ ਪਰਿਵਾਰ ਕੋਲ 69.60 ਕਰੋੜ ਦੀ ਜਾਇਦਾਦ

ਪਟਿਆਲਾ ਦੇ ਸ਼ਾਹੀ ਪਰਿਵਾਰ ਕੋਲ 69.60 ਕਰੋੜ ਰੁਪਏ ਦੀ ਚੱਲ-ਅਚੱਲ ਜਾਇਦਾਦ ਹੈ। ਇਸ ਵਿਚੋਂ ਕਾਂਗਰਸ ਉਮੀਦਵਾਰ ਪ੍ਰਨੀਤ ਕੌਰ ਦੇ ਨਾਮ ਕਰੀਬ 5.14 ਕਰੋੜ ਰੁਪਏ ਦੀ ਸੰਪਤੀ ਹੈ। ਇਸ ਵਿਚ 1.77 ਕਰੋੜ ਦੀ ਚੱਲ ਅਤੇ 3.37 ਕਰੋੜ ਰੁਪਏ ਦੀ ਅਚੱਲ ਜਾਇਦਾਦ ਸ਼ਾਮਲ ਹੈ। ਉਨ੍ਹਾਂ ਕੋਲ 1.50 ਲੱਖ ਰੁਪਏ ਨਗਦ, 35.18 ਲੱਖ ਰੁਪਏ ਦੇ ਡਾਇਮੰਡ, ਸੋਨੇ ਅਤੇ ਚਾਂਦੀ ਦੇ ਗਹਿਣੇ ਅਤੇ 11.62 ਲੱਖ ਦੀ ਇਨੋਵਾ ਗੱਡੀ ਹੈ। ਪ੍ਰਨੀਤ ਕੌਰ ਵਲੋਂ ਇਹ ਜਾਣਕਾਰੀ ਆਪਣੇ ਨਾਮਜ਼ਦਗੀ ਪੱਤਰ ਦਾਖਲ ਕਰਨ ਮੌਕੇ ਦਾਇਰ ਕੀਤੇ ਗਏ ਹਲਫੀਆ ਬਿਆਨ ਵਿਚ ਦਿੱਤੀ ਗਈ ਹੈ। ਉਨ੍ਹਾਂ ਦੇ ਬੈਂਕ ਖਾਤਿਆਂ ਵਿਚ 1,45,89,699 ਰੁਪਏ ਹਨ ਜਦਕਿ 4,16,381 ਰੁਪਏ ਸ਼ੇਅਰ ਮਾਰਕਿਟ ਵਿਚ ਲਾਏ ਹੋਏ ਹਨ। ਉਨ੍ਹਾਂ 'ਤੇ 1,38,85,436 ਰੁਪਏ ਦਾ ਕਰਜ਼ਾ ਵੀ ਹੈ। ਉਨ੍ਹਾਂ ਦੇ ਨਾਮ 37 ਵਿਘੇ ਖੇਤੀਬਾੜੀ ਵਾਲੀ ਜ਼ਮੀਨ ਵੀ ਹੈ। ਉਧਰ ਉਨ੍ਹਾਂ ਦੇ ਪਤੀ ਕੈਪਟਨ ਅਮਰਿੰਦਰ ਸਿੰਘ ਕੋਲ 6,13,91,551 ਰੁਪਏ ਦੀ ਚੱਲ-ਅਚੱਲ ਜਾਇਦਾਦ ਹੈ। ਮੁੱਖ ਮੰਤਰੀ ਕੋਲ ਸਿਰਫ 80 ਹਜ਼ਾਰ ਦੀ ਨਗਦੀ ਹੈ।



ਗੁਰਦਾਸਪੁਰ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਮੌਜੂਦਾ ਲੋਕ ਸਭਾ ਮੈਂਬਰ ਸੁਨੀਲ ਜਾਖੜ ਕੋਲ 1,53,84,226 ਰੁਪਏ ਦੀ ਚੱਲ ਅਤੇ 28,84,41,688 ਰੁਪਏ ਦੀ ਅਚੱਲ ਜਾਇਦਾਦ ਹੈ ਜਦਕਿ ਉਨ੍ਹਾਂ ਦੀ ਪਤਨੀ ਕੋਲ 86,90,4,149 ਦੀ ਚੱਲ ਅਤੇ 12,063,2,638 ਰੁਪਏ ਦੀ ਅਚੱਲ ਜਾਇਦਾਦ ਹੈ। ਲੁਧਿਆਣਾ ਦੇ ਵਿਧਾਨ ਸਭਾ ਹਲਕਾ ਆਤਮ ਨਗਰ ਤੋਂ ਦੋ ਵਾਰ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਦੀ ਜਾਇਦਾਦ ਪਿਛਲੇ ਪੰਜ ਸਾਲਾਂ ਵਿਚ ਡੇਢ ਕਰੋੜ ਰੁਪਏ ਘਟੀ ਹੈ। ਬੈਂਸ 2014 ਲੋਕ ਸਭਾ ਚੋਣਾਂ ਸਮੇਂ ਆਪਣੀ ਪਤਨੀ ਸਮੇਤ 13 ਕਰੋੜ 78 ਲੱਖ ਰੁਪਏ ਦੇ ਮਾਲਕ ਸਨ ਤੇ ਇਸ ਵਾਰ ਉਨ੍ਹਾਂ ਨੇ ਆਪਣੀ ਪਤਨੀ ਸਮੇਤ 12 ਕਰੋੜ 32 ਲੱਖ ਰੁਪਏ ਦੀ ਚੱਲ ਤੇ ਅਚੱਲ ਸੰਪਤੀ ਦੇ ਮਾਲਕ ਹਨ।

ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾ. ਤੇਜਪਾਲ ਸਿੰਘ ਗਿੱਲ ਨੇ ਦੱਸਿਆ ਕਿ ਉਨ੍ਹਾਂ ਕੋਲ 75 ਹਜ਼ਾਰ ਰੁਪਏ ਨਗਦ, 8.71 ਲੱਖ ਰੁਪਏ ਚੱਲ ਸੰਪਤੀ ਹੈ ਜਦਕਿ ਉਨ੍ਹਾਂ ਦੀ ਪਤਨੀ ਕੋਲ 45 ਹਜ਼ਾਰ ਰੁਪਏ ਕੈਸ਼ ਤੇ 10.31 ਲੱਖ ਰੁਪਏ ਦੀ ਚੱਲ ਸੰਪਤੀ ਹੈ।

ਚਰਨਜੀਤ ਸਿੰਘ ਅਟਵਾਲ ਕੋਲ 8 ਲੱਖ 53 ਹਜ਼ਾਰ 500 ਰੁਪਏ ਦੀ ਨਕਦੀ ਹੈ ਜਦਕਿ ਉਨ੍ਹਾਂ ਦੀ ਪਤਨੀ ਕੋਲ 1 ਲੱਖ 80 ਹਜ਼ਾਰ ਰੁਪਏ ਹਨ। ਵੱਖ-ਵੱਖ ਬੈਂਕ ਖਾਤਿਆਂ ਵਿਚ ਐਫ.ਡੀ.ਆਰ. ਅਤੇ ਗਹਿਣਿਆਂ ਦੇ ਰੂਪ ਵਿਚ ਉਨ੍ਹਾਂ ਕੋਲ 17 ਲੱਖ 53 ਹਜ਼ਾਰ 515 ਰੁਪਏ ਹਨ ਜਦਕਿ ਉਨ੍ਹਾਂ ਦੀ ਪਤਨੀ ਕੋਲ 15 ਲੱਖ 79 ਹਜ਼ਾਰ 331 ਰੁਪਏ ਦੇ ਐਫ.ਡੀ.ਆਰ. ਅਤੇ ਗਹਿਣੇ ਹਨ। ਚਰਨਜੀਤ ਸਿੰਘ ਅਟਵਾਲ ਦੇ ਸਿਰ 22 ਲੱਖ 97 ਹਜ਼ਾਰ 303 ਰੁਪਏ ਦੀਆਂ ਦੇਣਦਾਰੀਆਂ ਵੀ ਖੜੀਆਂ ਹਨ।

# ਬਠਿੰਡਾ ਫਤਿਹ ਕਰਨ 'ਤੇ ਲੱਗਾ ਸਿਆਸੀ ਧਿਰਾਂ ਦਾ ਜ਼ੋਰ

**ਬਠਿੰਡਾ:** ਪੰਜਾਬ ਦੇ 13 ਲੋਕ ਸਭਾ ਹਲਕਿਆਂ ਵਿਚੋਂ ਸਭ ਤੋਂ ਅਹਿਮ ਮੰਨੇ ਜਾਂਦੇ 15 ਲੱਖ 97 ਹਜ਼ਾਰ 15 ਵੋਟਰਾਂ ਤੇ 9 ਵਿਧਾਨ ਸਭਾ ਹਲਕਿਆਂ ਵਾਲੇ ਬਠਿੰਡਾ ਲੋਕ ਸਭਾ ਹਲਕੇ ਤੋਂ ਕਾਂਗਰਸ ਵੱਲੋਂ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਅਤੇ ਸ਼੍ਰੋਮਣੀ ਅਕਾਲੀ ਦਲ ਵਲੋਂ ਤੀਸਰੀ ਵਾਰ ਮੁੜ ਹਰਸਿਮਰਤ ਕੌਰ ਬਾਦਲ ਨੂੰ ਉਮੀਦਵਾਰ ਐਲਾਨਣ ਪਿਛੋਂ ਬਠਿੰਡਾ ਹਲਕੇ ਦਾ ਸਿਆਸੀ ਸੀਨ ਦਿਲਚਸਪ ਬਣਨ ਲੱਗਾ ਹੈ। ਹਲਕੇ 'ਚ ਪੰਜਾਬ ਜਮਹੂਰੀ ਗਠਜੋੜ ਵਲੋਂ ਸੁਖਪਾਲ ਸਿੰਘ ਖਹਿਰਾ, 'ਆਪ' ਪ੍ਰੋ. ਬਲਜਿੰਦਰ ਕੌਰ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਮਾਨ) ਵਲੋਂ ਗੁਰਸੇਵਕ ਸਿੰਘ ਜਵਾਹਰਕੇ, ਸੀ. ਪੀ. ਆਈ. ਐਮ.ਐਲ ਲਿਬਰੇਸ਼ਨ ਦੇ ਭਗਵੰਤ ਸਿੰਘ ਸਮਾਉ ਸਮੇਤ ਸੋਸ਼ਲਿਸਟ ਪਾਰਟੀ ਦੇ ਬਲਜਿੰਦਰ ਸਿੰਘ, ਫਰੀਡਮ ਫਾਈਟਰ ਉਤਰਾਧਿਕਾਰੀ ਜਥੇਬੰਦੀ ਪੰਜਾਬ ਦੇ ਜਸਵੰਤ ਸਿੰਘ ਸਮੇਤ ਸੇਵਾ ਮੁਕਤ ਮੁਲਾਜ਼ਮਾਂ ਦੀ ਜਥੇਬੰਦੀ ਦੇ ਉਮੀਦਵਾਰ ਵੀ ਚੋਣ ਮੈਦਾਨ 'ਚ ਹਨ।

ਸਾਰੇ ਉਮੀਦਵਾਰਾਂ ਨੇ ਸਰਗਰਮੀਆਂ ਤੇਜ ਕਰ ਦਿੱਤੀਆਂ ਹਨ। ਕਣਕ ਦੀ ਵਾਢੀ ਦਾ ਕੰਮ ਜ਼ੋਰਾਂ 'ਤੇ ਹੋਣ ਕਰਕੇ ਪੇਂਡੂ ਖੇਤਰਾਂ ਦੀ ਥਾਂ ਸ਼ਹਿਰੀ ਖੇਤਰਾਂ ਵੱਲ ਹੀ ਆਪਣਾ ਧਿਆਨ ਕੇਂਦਰਿਤ ਕਰਨਾ ਸ਼ੁਰੂ ਕੀਤਾ ਹੈ। ਬਠਿੰਡਾ ਸੀਟ ਬਾਦਲ ਪਰਿਵਾਰ ਨਾਲ ਸਬੰਧਤ ਹੋਣ ਕਰਕੇ ਬਹੁਤ ਹੀ ਮਹੱਤਵਪੂਰਨ ਹੋਣ ਦੇ ਨਾਲ-ਨਾਲ ਇਸ ਦੀ ਸਥਿਤੀ ਇਸ ਵਿਚ ਪੈਂਦੇ 9 ਵਿਧਾਨ ਸਭਾ ਹਲਕਿਆਂ ਬਠਿੰਡਾ ਸ਼ਹਿਰੀ, ਬਠਿੰਡਾ ਦਿਹਾਤੀ, ਭੁੱਚੋ, ਤਲਵੰਡੀ ਸਾਬੋ, ਮੌੜ, ਮਾਨਸਾ, ਬੁਢਲਾਡਾ, ਸਰਦੂਲਗੜ੍ਹ ਤੇ ਲੰਬੀ ਜੋ ਤਿੰਨ ਜ਼ਿਲ੍ਹਿਆਂ ਬਠਿੰਡਾ, ਮਾਨਸਾ ਅਤੇ ਸ੍ਰੀ ਮੁਕਤਸਰ ਸਾਹਿਬ ਵਿਚ ਪੈਂਦੇ ਹਨ। ਇਸ ਸੀਟ ਦੇ ਸਾਰੇ 9 ਵਿਧਾਨ ਸਭਾ ਹਲਕਿਆਂ ਵਿਚ ਵੱਖੋ ਵੱਖਰੀਆਂ ਪਾਰਟੀਆਂ ਦੇ ਜੇਤੂ ਵਿਧਾਇਕ ਹਨ। 9 ਵਿਚੋਂ 2 ਬਠਿੰਡਾ ਸ਼ਹਿਰੀ ਤੇ ਭੁੱਚੋ 'ਤੇ ਕਾਂਗਰਸੀ ਵਿਧਾਇਕ, ਮੌੜ, ਤਲਵੰਡੀ ਸਾਬੋ, ਮਾਨਸਾ, ਬੁਢਲਾਡਾ, ਬਠਿੰਡਾ ਦਿਹਾਤੀ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਹਨ ਅਤੇ ਲੰਬੀ ਅਤੇ ਸਰਦੂਲਗੜ੍ਹ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਹੋਣ ਕਰਕੇ ਸੰਸਦੀ ਹਲਕਿਆਂ ਵਿਚ ਲੋਕਰਾਏ ਸੂਬੇ ਦੇ ਬਾਕੀ ਦੇ 12 ਲੋਕ ਸਭਾ ਹਲਕਿਆਂ ਤੋਂ ਕੁਝ ਵੱਖਰੀ ਜਾਪਦੀ ਹੈ। ਸ਼੍ਰੋਮਣੀ ਅਕਾਲੀ ਦਲ ਨੇ ਹਰਸਿਮਰਤ ਕੌਰ ਬਾਦਲ ਨੂੰ ਆਪਣਾ ਉਮੀਦਵਾਰ ਐਲਾਨਿਆ ਹੈ ਜਦਕਿ ਬੀਬਾ ਬਾਦਲ ਪਿਛਲੇ 10 ਸਾਲਾਂ ਵਿਚ ਕਈ ਦਰਜਨਾਂ ਦੌਰੇ ਹਲਕੇ ਦੇ ਪਹਿਲਾਂ ਕਰ ਚੁੱਕੇ ਹਨ। ਬਤੌਰ ਉਮੀਦਵਾਰ ਹੁਣ ਸਥਿਤੀ ਕੀ ਰਹਿੰਦੀ ਹੈ ਇਸ ਬਾਰੇ ਲੋਕ ਰਾਏ ਆਉਂਦੇ ਕੁਝ ਦਿਨਾਂ ਬਾਅਦ ਹੀ ਸਾਹਮਣੇ ਆਵੇਗੀ।

ਉਧਰ ਕਾਂਗਰਸ ਦੇ ਉਮੀਦਵਾਰ ਵਜੋਂ ਅਮਰਿੰਦਰ ਸਿੰਘ ਰਾਜਾ ਵੜਿੰਗ ਵਲੋਂ ਟਿਕਟ ਦਾ ਐਲਾਨ ਹੋਣ ਸਾਰ ਹੀ ਸੰਸਦੀ ਹਲਕੇ ਦੇ ਸਾਰੇ ਵਿਧਾਨ ਸਭਾ ਹਲਕਿਆਂ ਦੇ ਜਿੰਮੇਵਾਰਾਂ ਦਾ ਥਾਪੜਾ ਲੈਣ ਲਈ ਉਨ੍ਹਾਂ ਪਾਸ ਪਲਾਂ 'ਚ ਪੁੱਜਣਾ ਅਤੇ 2 ਰਾਤਾਂ ਗਰੀਬ ਦਲਿਤ ਪਰਿਵਾਰਾਂ ਵਿਚ ਕੱਟਣਾ ਅਤੇ ਬਠਿੰਡਾ ਵਿਖੇ ਕਾਂਗਰਸੀਆਂ ਦਾ ਆਪਸੀ ਭੇਦਭਾਵ ਮਿਟਾ ਕੇ ਵੱਡੇ ਇਕੱਠ ਦੇ ਰੂਪ ਵਿਚ ਰੈਲੀ ਵਿਚ ਪੁੱਜਣਾ ਅਤੇ ਇਸ ਦੌਰਾਨ ਰਾਜਾ ਵਲੋਂ ਬਿਨ ਮਾਪਿਆਂ ਦਾ ਪੁੱਤਰ ਹੋਣ ਦੀ ਭਾਵਨਾਤਮਕ ਅਪੀਲ ਨੇ ਵੀ ਲੋਕਾਂ 'ਤੇ ਆਪਣੀ ਛਾਪ ਜ਼ਰੂਰ ਛੱਡੀ ਹੈ। ਦੂਸਰੇ ਪਾਸੇ ਪੰਜਾਬ ਜਮਹੂਰੀ ਗਠਜੋੜ ਦੇ ਸੁਖਪਾਲ ਸਿੰਘ ਖਹਿਰਾ ਹਲਕੇ ਵਿਚ ਪਿਛਲੇ ਦਿਨਾਂ ਤੋਂ ਲਗਾਤਾਰ ਵਿਚਰ ਕੇ ਹਲਕੇ ਦੀ ਨਬਜ਼ ਦਾ ਅੰਦਾਜ਼ਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ ਤਾਂ ਜੋ ਉਨ੍ਹਾਂ ਮੁੱਦਿਆਂ ਨੂੰ ਲੈ ਕੇ ਵੋਟਰਾਂ ਤੱਕ ਪਹੁੰਚ ਕੀਤੀ ਜਾ ਸਕੇ।

ਇਸੇ ਪ੍ਰਕਾਰ 'ਆਪ' ਦੀ ਉਮੀਦਵਾਰ ਪ੍ਰੋ. ਬਲਜਿੰਦਰ ਕੌਰ ਜੋ ਤਲਵੰਡੀ ਸਾਬੋ ਤੋਂ ਵਿਧਾਇਕ ਹਨ ਵਲੋਂ ਵੀ ਪਾਰਟੀ ਨਿਰਦੇਸ਼ਾਂ ਤੇ ਰਣਨੀਤੀ ਅਨੁਸਾਰ ਆਪਣੀ ਮੁਹਿੰਮ ਸ਼ੁਰੂ ਕੀਤੀ ਹੋਈ ਹੈ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਗੁਰਸੇਵਕ ਸਿੰਘ ਜਵਾਹਰਕੇ ਵਲੋਂ ਪੰਥਕ ਮੁੱਦਿਆਂ ਨੂੰ ਲੋਕ ਕਚਹਿਰੀ ਵਿਚ ਰੱਖਿਆ ਜਾ ਰਿਹਾ ਹੈ ਅਤੇ ਉਨ੍ਹਾਂ ਵਲੋਂ ਵੀ ਹਲਕੇ ਦਾ ਦੌਰਾ ਪੂਰਾ ਕਰ ਲਿਆ ਹੈ ਜਿਨ੍ਹਾਂ ਵਲੋਂ ਵੀ ਹਲਕੇ ਦੇ ਵੋਟਰਾਂ ਵਲੋਂ ਉਨ੍ਹਾਂ ਨੂੰ ਭਰਵਾਂ ਸਮਰਥਨ ਦੇਣ ਦੇ ਦਾਅਵੇ ਕੀਤੇ ਜਾ ਰਹੇ ਹਨ। ਇਸ ਪ੍ਰਕਾਰ ਸੀ.ਪੀ.ਆਈ.ਐਮ.ਐਲ ਦੇ ਉਮੀਦਵਾਰ ਭਗਵੰਤ ਸਿੰਘ ਸਮਾਉ ਵਲੋਂ ਆਪਣੇ ਕਾਡਰ ਨਾਲ ਮੀਟਿੰਗਾਂ ਤੇ ਜਨਤਕ ਇਕੱਠਾ ਰਾਹੀਂ ਆਪਣੇ ਹੱਕ ਵਿਚ ਵੋਟਰਾਂ ਤੱਕ ਪਹੁੰਚ ਕਰਨੀ ਸ਼ੁਰੂ ਕਰ ਦਿੱਤੀ ਹੈ। ਪਰ ਚੋਣ ਮੈਦਾਨ ਵਿਚ ਨਿੱਤਰੇ ਸਾਰੇ ਉਮੀਦਵਾਰਾਂ ਵਲੋਂ ਕੀਤੀ ਜਾ ਰਹੀ ਸਿਆਸੀ ਕਸਰਤ ਦਾ ਨਤੀਜਾ 23 ਮਈ ਨੂੰ ਵੇਖਣ ਨੂੰ ਮਿਲੇਗਾ ਜਦੋਂ ਸੰਸਦੀ ਹਲਕੇ ਦੇ 15 ਲੱਖ 97 ਹਜ਼ਾਰ 15 ਵੋਟਰਾਂ ਕਿਸ ਦੇ ਹੱਕ ਵਿਚ ਭੁਗਤੇ ਹਨ ਦੇ ਨਤੀਜੇ ਸਾਹਮਣੇ ਆਉਣਗੇ।

# ਪੰਜਾਬ ਵਿਚ 'ਆਮ ਬੰਦਿਆਂ' ਨੇ ਵੀ ਸੰਭਾਲਿਆ ਸਿਆਸੀ ਮੋਰਚਾ

**ਚੰਡੀਗੜ੍ਹ:** ਪੰਜਾਬ ਵਿਚ ਇਸ ਵਾਰ ਚੋਣ ਮਾਹੌਲ ਕੁਝ ਵੱਖਰਾ ਹੈ। ਇਸ ਵਾਰ ਦਿੱਗਜ ਆਗੂਆਂ ਨੂੰ ਟੱਕਰ ਦੇਣ ਲਈ ਆਮ ਬੰਦੇ ਵੀ ਮੈਦਾਨ ਵਿਚ ਨਿੱਤਰੇ ਹਨ। ਖਾਸਕਰ ਕੇ ਲੁਧਿਆਣਾ ਤੇ ਅੰਮ੍ਰਿਤਸਰ ਵਿਚ ਅਜਿਹਾ ਮਾਹੌਲ ਵੇਖਣ ਨੂੰ ਮਿਲ ਰਿਹਾ ਹੈ। ਦਿੱਗਜ ਉਮੀਦਵਾਰਾਂ ਨੂੰ ਟੱਕਰ ਦੇਣ ਲਈ ਮੈਦਾਨ ਵਿਚ ਬਰਗਰ ਵੇਚਣ ਵਾਲਾ, ਆਟੋ ਚਲਾਉਣ ਵਾਲਾ ਤੇ ਵਾਟਰ ਆਰਓ ਠੀਕ ਕਰਨ ਵਾਲਾ ਨਿੱਤਰੇ ਹਨ। ਇਨ੍ਹਾਂ ਨੇ ਆਪੋ ਆਪਣੇ ਪੱਤਰ 'ਤੇ ਚੋਣਾਂ ਲਈ ਨਾਮਜ਼ਦਗੀਆਂ ਵੀ ਭਰ ਲਈਆਂ ਹਨ ਤੇ ਚੋਣ ਪ੍ਰਚਾਰ ਵੀ ਸ਼ੁਰੂ ਕਰ ਦਿੱਤਾ ਹੈ।

ਲੁਧਿਆਣਾ ਵਿਚ ਰਵਿੰਦਰਪਾਲ ਸਿੰਘ ਮਾਡਲ ਟਾਊਨ ਐਕਸਟੈਂਸ਼ਨ ਗੁਰਦੁਆਰੇ ਸਾਹਮਣੇ ਬਰਗਰ ਦੀ ਰੇਹੜੀ ਲਾਉਂਦਾ ਹੈ। ਉਸ ਨੇ ਆਜ਼ਾਦ ਉਮੀਦਵਾਰ ਵਜੋਂ ਆਪਣੀ ਨਾਮਜ਼ਦਗੀ ਦਾਖਲ ਕੀਤੀ ਹੈ ਤੇ ਉਸ ਨੂੰ ਦੋ ਗੰਨਮੈਨ ਮਿਲੇ ਹਨ। ਉਸ ਕੋਲ ਗੰਨਮੈਨਾਂ ਨੂੰ ਠਹਿਰਾਉਣ ਲਈ ਘਰ 'ਚ ਜਗ੍ਹਾ ਨਾ ਹੋਣ ਕਾਰਨ ਉਸ ਨੇ ਪੰਜ ਹਜ਼ਾਰ ਰੁਪਏ ਕਿਰਾਏ ਉਤੇ ਕਮਰਾ ਲਿਆ ਹੈ। ਰਵਿੰਦਰਪਾਲ ਆਪਣੀ ਐਕਟਿਵਾ 'ਤੇ ਇਕ ਗੰਨਮੈਨ ਲੈ ਕੇ ਚੋਣ ਪ੍ਰਚਾਰ ਕਰਦਾ ਹੈ। ਦੂਜਾ ਵਿਅਕਤੀ ਆਟੋ ਚਲਾਉਣ ਵਾਲਾ ਹੈ। ਪਾਇਲ ਦੇ ਮਸੂਦਦਾਂ ਦੇ ਰਹਿਣ ਵਾਲੇ ਪ੍ਰਦੀਪ ਸਿੰਘ ਨੇ ਸਮਾਜ ਅਧਿਕਾਰ ਕਲਿਆਣ ਪਾਰਟੀ ਦੇ ਉਮੀਦਵਾਰ ਦੇ ਤੌਰ 'ਤੇ ਨਾਮਜ਼ਦਗੀ ਦਾਖਲ ਕੀਤੀ ਸੀ। ਚੋਣ ਪ੍ਰਚਾਰ ਲਈ ਉਸ ਕੋਲ ਸਿਰਫ ਤਿੰਨ ਹਜ਼ਾਰ ਰੁਪਏ ਹਨ। ਉਸ ਦੇ ਦੋਸਤ ਤੇ ਜਾਣ-ਪਛਾਣ ਵਾਲੇ ਉਸ ਦੀ ਮਦਦ ਕਰ ਰਹੇ ਹਨ। ਨਾਮਜ਼ਦਗੀ ਭਰਨ ਤੋਂ ਬਾਅਦ ਖੰਨਾ ਪੁਲਿਸ ਨੇ ਸੁਰੱਖਿਆ ਲਈ ਉਸ ਨਾਲ ਦੋ ਗੰਨਮੈਨ ਵੀ ਤਾਇਨਾਤ ਕਰ ਦਿੱਤੇ ਹਨ। ਲੁਧਿਆਣਾ 'ਚ ਡੀਜ਼ਲ ਆਟੋ ਉਤੇ ਸਖਤੀ ਕਾਰਨ ਉਹ ਖੰਨਾ 'ਚ ਆਟੋ ਚਲਾਉਣ ਲੱਗਿਆ। ਉਸ ਨੇ 2017 ਦੀਆਂ ਵਿਧਾਨ ਸਭਾ ਚੋਣਾਂ 'ਚ ਖੰਨਾ ਤੋਂ ਵਿਧਾਇਕ ਬਨਣ ਲਈ ਨਾਮਜ਼ਦਗੀ ਦਾਖਲ ਕਰਵਾਈ ਸੀ, ਜੋ ਰੱਦ ਹੋ ਗਈ ਸੀ। ਪ੍ਰਦੀਪ ਆਪਣੇ ਆਟੋ ਵਿਚ ਹੀ ਗੰਨਮੈਨ ਬਿਠਾ ਕੇ ਚੋਣ ਪ੍ਰਚਾਰ ਕਰ ਰਿਹਾ ਹੈ।



ਬਰਗਰ ਦੀ ਰੇਹੜੀ ਲਾਉਣ ਵਾਲਾ ਰਵਿੰਦਰਪਾਲ ਸਿੰਘ

ਤੀਜਾ ਉਮੀਦਵਾਰ ਜੈ ਪ੍ਰਕਾਸ਼ ਉਰਫ ਟੀਟੂ ਬਾਣੀਆ ਹੈ, ਜੋ ਪਾਣੀ ਵਾਲੇ ਫਿਲਟਰ ਠੀਕ ਕਰਨ ਦਾ ਕੰਮ ਕਰਦਾ ਹੈ। ਟੀਟੂ ਬਾਣੀਆ ਨੇ ਆਪਣੇ ਬੱਚਿਆਂ ਦੀ ਗੋਲਕ ਤੋੜ ਕੇ ਨਾਮਜ਼ਦਗੀ ਲਈ 25 ਹਜ਼ਾਰ ਰੁਪਏ ਜਮ੍ਹਾਂ ਕਰਵਾਏ ਤੇ ਹੁਣ ਚੋਣ ਪ੍ਰਚਾਰ ਦਾ ਖਰਚਾ ਨਾ ਹੋਣ ਕਾਰਨ ਉਸ ਨੇ ਆਪਣਾ ਸਾਮਾਨ ਨੀਲਾਮੀ 'ਤੇ ਲਾਇਆ ਸੀ। ਟੀਟੂ ਬਾਣੀਆ ਨਾਮਜ਼ਦਗੀ ਵਾਲੇ ਦਿਨ ਖਸਖਸ ਦੀ ਮਾਲਾ ਗਲ 'ਚ ਪਾ ਕੇ ਆਇਆ ਸੀ ਤੇ ਉਸ ਨੇ ਦਾਅਵਾ ਕੀਤਾ ਸੀ ਕਿ ਉਹ ਚੋਣਾਂ ਤੋਂ ਬਾਅਦ ਖਸਖਸ ਦੀ ਖੇਤੀ ਲਈ ਸੰਸਦ ਵਿਚ ਆਵਾਜ਼ ਬੁਲੰਦ ਕਰੇਗਾ। ਇਸੇ ਤਰ੍ਹਾਂ ਅੰਮ੍ਰਿਤਸਰ ਵਿਚ ਇਕ ਢਾਬਾ ਮਾਲਕ, ਇਕ ਆਟੋ ਚਾਲਕ ਅਤੇ ਇਕ ਕਾਮਾ ਵੀ ਚੋਣ ਮੈਦਾਨ ਵਿਚ ਹਨ।

ਆਜ਼ਾਦ ਉਮੀਦਵਾਰਾਂ ਵਿਚ ਸ਼ਾਮਲ ਬਾਲ ਕ੍ਰਿਸ਼ਨ ਸ਼ਰਮਾ ਇਕ ਢਾਬਾ ਮਾਲਕ ਹੈ। ਉਹ ਆਪਣੇ ਢਾਬੇ 'ਤੇ ਪੰਜਾਬੀ ਖਾਣੇ ਪਰੋਸਦਾ ਹੈ ਅਤੇ ਇਸੇ ਲਈ ਉਸ ਦਾ ਢਾਬਾ ਵੀ ਮਸ਼ਹੂਰ ਹੈ। ਉਸ ਨੇ ਵੀ ਨਾਮਜ਼ਦਗੀ ਪੱਤਰ ਦਾਖਲ ਕੀਤੇ ਹਨ। ਉਹ ਇਸ ਤੋਂ ਪਹਿਲਾਂ ਤਿੰਨ ਵਾਰ ਸੰਸਦੀ ਚੋਣਾਂ ਲੜ ਚੁੱਕਾ ਹੈ ਅਤੇ ਦੋ ਵਾਰ ਹੋਰ ਚੋਣਾਂ ਵੀ ਲੜੀਆਂ ਹਨ। ਚਾਰ ਦਹਾਕਿਆਂ ਤੋਂ ਇਸ ਕਿੱਤੇ ਨਾਲ ਜੁੜੇ ਬਾਲ ਕ੍ਰਿਸ਼ਨ ਸ਼ਰਮਾ ਦਾ ਕਹਿਣਾ ਕਿ ਉਸ ਨੇ ਆਪਣੇ ਲਜੀਜ਼ ਖਾਣਿਆਂ ਨਾਲ ਕਈਆਂ ਦਾ ਦਿਲ ਜਿੱਤਿਆ ਹੈ।

ਆਟੋ ਚਾਲਕ ਮਹਿੰਦਰਜੀਤ ਸਿੰਘ 'ਬੱਕਰੀ' ਨੇ ਹੁਣ ਤਕ ਕਈ ਚੋਣਾਂ ਲੜੀਆਂ ਹਨ। ਉਸ ਨੇ 1975 ਤੇ 1980 ਵਿਚ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ, 1991 ਵਿਚ ਵਿਧਾਨ ਸਭਾ ਅਤੇ 1992 ਵਿਚ ਲੋਕ ਸਭਾ ਚੋਣਾਂ ਲੜੀਆਂ ਸਨ।

ਇਸੇ ਤਰ੍ਹਾਂ ਮਹਾਤਮਾ ਗਾਂਧੀ ਦੀ ਵਿਚਾਰਧਾਰਾ ਨੂੰ ਸਮਰਪਤ ਸ਼ਾਮ ਲਾਲ ਗਾਂਧੀ ਨੇ ਕਈ ਵਾਰ ਚੋਣ ਲੜੀ ਹੈ। ਉਸ ਨੇ ਮੁੜ ਸੰਸਦੀ ਚੋਣ ਵਾਸਤੇ ਆਜ਼ਾਦ ਉਮੀਦਵਾਰ ਵਜੋਂ ਨਾਮਜ਼ਦਗੀ ਪੱਤਰ ਭਰੇ ਹਨ।

**Punjab Times**
**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਲੋਕ ਸਭਾ ਚੋਣਾਂ: ਚੌਥੇ ਗੇੜ 'ਚ 64 ਫੀਸਦੀ ਪੋਲਿੰਗ

**ਨਵੀਂ ਦਿੱਲੀ:** ਲੋਕ ਸਭਾ ਚੋਣਾਂ ਦੇ ਚੌਥੇ ਗੇੜ ਤਹਿਤ ਨੌਂ ਰਾਜਾਂ ਦੀਆਂ 72 ਸੰਸਦੀ ਸੀਟਾਂ ਲਈ 64 ਫੀਸਦੀ ਪੋਲਿੰਗ ਦਰਜ ਕੀਤੀ ਗਈ। ਪੱਛਮੀ ਬੰਗਾਲ 'ਚ ਹਿੰਸਾ ਦੀਆਂ ਘਟਨਾਵਾਂ ਨੂੰ ਛੱਡ ਕੇ ਦੇਸ਼ ਦੇ ਹੋਰਨਾਂ ਹਿੱਸਿਆਂ 'ਚ ਚੋਣ ਅਮਲ ਅਮਨ-ਅਮਾਨ ਨਾਲ ਨੇਪਰੇ ਚੜ੍ਹਿਆ। ਉਂਜ ਕਈ ਥਾਈਂ ਵੋਟਿੰਗ ਮਸ਼ੀਨਾਂ ਤੇ ਵੀਵੀਪੈਟ 'ਚ ਤਕਨੀਕੀ ਨੁਕਸ ਪੈਣ ਕਰਕੇ ਵੋਟਿੰਗ ਅਸਰ ਅੰਦਾਜ਼ ਹੋਣ ਦੀਆਂ ਖ਼ਬਰਾਂ ਵੀ ਹਨ।

ਹੰਦੀ ਭਾਸ਼ੀ ਰਾਜਾਂ ਵਿਚੋਂ ਰਾਜਸਥਾਨ ਤੇ ਉਤਰ ਪ੍ਰਦੇਸ਼ ਦੀਆਂ 13-13 ਸੰਸਦੀ ਸੀਟਾਂ ਲਈ ਹੋਈ ਪੋਲਿੰਗ ਦੌਰਾਨ ਕ੍ਰਮਵਾਰ 62 ਤੇ 53.12 ਫੀਸਦੀ ਵੋਟਾਂ ਪਈਆਂ। ਮੱਧ ਪ੍ਰਦੇਸ਼ (ਛੇ ਸੀਟਾਂ) ਵਿਚ 65.86 ਫੀਸਦੀ ਪੋਲਿੰਗ ਹੋਈ। ਭਾਜਪਾ ਨੇ 2014 ਦੀਆਂ ਸੰਸਦੀ ਚੋਣਾਂ ਦੌਰਾਨ ਇਨ੍ਹਾਂ ਸੂਬਿਆਂ ਦੀਆਂ 32 ਸੀਟਾਂ 'ਚੋਂ 30 ਵਿਚ ਕਮਲ ਖਿੜਾਇਆ ਸੀ। ਪੱਛਮੀ ਬੰਗਾਲ ਵਿਚ ਸੱਤਾਧਾਰੀ ਤ੍ਰਿਣਮੂਲ ਕਾਂਗਰਸ ਤੇ ਭਾਜਪਾ ਦੇ ਹਮਾਇਤੀਆਂ ਵਿਚਾਲੇ ਕਈ ਥਾਈਂ ਟਕਰਾਅ ਹੋਣ ਦੇ ਬਾਵਜੂਦ ਮੁਲਕ ਦੇ ਇਸ ਪੂਰਬੀ ਸੂਬੇ ਵਿਚ ਅੱਠ ਸੰਸਦੀ ਸੀਟਾਂ ਲਈ ਸਭ ਤੋਂ ਵੱਧ 76.47 ਫੀਸਦੀ ਲੋਕਾਂ ਨੇ ਵੋਟ ਦੇ ਹੱਕ ਦਾ ਇਸਤੇਮਾਲ ਕੀਤਾ।

*--ਸਿੱਖ ਕਤਲੇਆਮ--*

## ਸੁਪਰੀਮ ਕੋਰਟ ਨੇ ਪਲਟਿਆ ਹਾਈਕੋਰਟ ਦਾ ਫੈਸਲਾ, 15 ਦੋਸ਼ੀ ਬਰੀ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ 1984 ਦੇ ਸਿੱਖ ਕਤਲੇਆਮ ਮਾਮਲੇ ਵਿਚ 15 ਦੋਸ਼ੀਆਂ ਨੂੰ ਬਰੀ ਕਰ ਦਿੱਤਾ ਹੈ। ਇਹ ਮਾਮਲਾ ਦਿੱਲੀ ਦੇ ਤ੍ਰਿਲੋਕਪੁਰੀ ਨਾਲ ਜੁੜਿਆ ਹੋਇਆ ਹੈ। ਦਿੱਲੀ ਹਾਈ ਕੋਰਟ ਨੇ ਪਿਛਲੇ ਸਾਲ ਨਵੰਬਰ ਵਿਚ ਸਜਾ ਨੂੰ ਬਰਕਰਾਰ ਰੱਖਿਆ ਸੀ। ਹੁਣ ਇਸ ਕੇਸ ਦੀ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਆਖਿਆ ਹੈ ਕਿ ਇਨ੍ਹਾਂ ਲੋਕਾਂ ਖਿਲਾਫ ਕੋਈ ਸਬੂਤ ਨਹੀਂ ਸਨ।

ਉੱਚ ਅਦਾਲਤ ਨੇ ਕਿਹਾ ਕਿ ਪੁਲਿਸ ਖੁਦ ਮੰਨ ਰਹੀ ਹੈ ਕਿ ਦੰਗਿਆਂ ਵਿਚ ਇਨ੍ਹਾਂ ਲੋਕਾਂ ਨੂੰ ਕਿਸੇ ਨੇ ਨਹੀਂ ਵੇਖਿਆ ਸੀ ਤੇ ਨਾ ਹੀ ਕਿਸੇ ਨੇ ਇਨ੍ਹਾਂ ਦੀ ਪਛਾਣ ਕੀਤੀ ਹੈ। ਅਜਿਹੇ ਵਿਚ ਸਵਾਲ ਉੱਠਦਾ ਹੈ ਕਿ ਹਾਈਕੋਰਟ ਨੇ ਇਨ੍ਹਾਂ ਨੂੰ ਸਜਾ ਕਿਵੇਂ ਦੇ ਦਿੱਤੀ। ਦੱਸ ਦਈਏ ਕਿ ਹਾਈਕੋਰਟ ਨੇ ਪੂਰਬੀ ਦਿੱਲੀ ਦੇ ਤ੍ਰਿਲੋਕਪੁਰੀ ਵਿਚ ਅਗਜਨੀ ਕਰਨ ਤੇ ਸਿੱਖਾਂ ਵਿਰੁੱਧ ਦੰਗੇ ਭੜਕਾਉਣ ਦੇ ਮਾਮਲੇ ਵਿਚ ਇਨ੍ਹਾਂ ਲੋਕਾਂ ਨੂੰ ਦੋਸ਼ੀ ਠਹਿਰਾਇਆ ਸੀ। ਹੁਣ ਇਨ੍ਹਾਂ ਖਿਲਾਫ ਸਬੂਤ ਨਾ ਹੋਣ ਕਾਰਨ ਉੱਚ ਅਦਾਲਤ ਨੇ ਇਨ੍ਹਾਂ 15 ਲੋਕਾਂ ਨੂੰ ਬਰੀ ਕਰ ਦਿੱਤਾ ਹੈ।

ਦੱਸ ਦਈਏ ਕਿ ਦਿੱਲੀ ਹਾਈਕੋਰਟ ਨੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ ਵਿਚ ਤਕਰੀਬਨ 83 ਲੋਕਾਂ ਨੂੰ ਦੋਸ਼ੀ ਠਹਿਰਾਇਆ ਸੀ ਤੇ 5 ਸਾਲ ਜੇਲ੍ਹ ਦੀ ਸਜਾ ਸੁਣਾਉਣ ਦੇ ਹੇਠਲੀ ਅਦਾਲਤ ਦੇ ਫੈਸਲੇ ਨੂੰ ਬਰਕਰਾਰ ਰੱਖਿਆ ਸੀ। ਦੋਸ਼ੀਆਂ ਨੇ ਇਸ ਫੈਸਲੇ ਖਿਲਾਫ ਹਾਈ ਕੋਰਟ ਵਿਚ ਅਪੀਲ ਕੀਤੀ ਸੀ। ਹਾਈਕੋਰਟ ਨੇ ਇਨ੍ਹਾਂ ਦੀ ਅਪੀਲ ਨੂੰ ਖਾਰਜ ਕਰ ਦਿੱਤਾ ਸੀ ਤੇ 4 ਹਫਤਿਆਂ ਵਿਚ ਆਤਮ ਸਮਰਪਣ ਕਰਨ ਦੇ ਹੁਕਮ ਦਿੱਤੇ ਸਨ। ਬਾਅਦ ਵਿਚ ਇਸ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਗਈ ਸੀ।

## ਆਰ.ਬੀ.ਆਈ. ਜਾਰੀ ਕਰੇਗਾ ਵੀਹ ਦਾ ਨਵਾਂ ਨੋਟ

**ਨਵੀਂ ਦਿੱਲੀ:** ਭਾਰਤੀ ਰਿਜ਼ਰਵ ਬੈਂਕ ਜਲਦੀ ਹੀ ਹਰੇ ਅਤੇ ਪੀਲੇ ਰੰਗ ਦੇ ਸੁਮੇਲ ਵਾਲਾ ਵੀਹ ਰੁਪਏ ਦਾ ਨਵਾਂ ਨੋਟ ਕੱਢੇਗਾ। ਇਹ ਨੋਟ ਮਹਾਤਮਾ ਗਾਂਧੀ ਲੜੀ (ਨਵੀਂ) ਤਹਿਤ ਜਾਰੀ ਹੋਵੇਗਾ। ਬੈਂਕ ਵੱਲੋਂ 26 ਅਪਰੈਲ ਨੂੰ ਜਾਰੀ ਨੋਟੀਫਿਕੇਸ਼ਨ ਵਿਚ ਦਸਿਆ ਕਿ ਨੋਟ 'ਤੇ ਰਿਜ਼ਰਵ ਬੈਂਕ ਦੇ ਗਵਰਨਰ ਸ਼ਕਤੀਕਾਂਤ ਦਾਸ ਦੇ ਹਸਤਾਖਰ ਹੋਣਗੇ। ਇਸ ਨੋਟ ਦਾ ਮੁੱਢਲਾ ਰੰਗ ਹਰੀ ਭਾਅ ਮਾਰਦਾ ਪੀਲਾ ਹੋਵੇਗਾ।

## ਸਿੱਖ ਪਰਿਵਾਰ ਦੇ 4 ਜੀਆਂ ਦੀ ਗੋਲੀਆਂ ਮਾਰ ਕੇ ਹੱਤਿਆ

**ਵੈਸਟ ਚੈਸਟਰ, ਓਹਾਇਓ:** ਇਥੇ ਇਕ ਸਿੱਖ ਪਰਿਵਾਰ ਦੇ 4 ਮੈਂਬਰਾਂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਸ ਘਟਨਾ ਪਿਛੋਂ ਸਿੱਖ ਭਾਈਚਾਰੇ ਵਿਚ ਸੋਗ ਦੀ ਲਹਿਰ ਫੈਲ ਗਈ ਹੈ। ਮ੍ਰਿਤਕਾਂ ਵਿਚ 3 ਔਰਤਾਂ ਸ਼ਾਮਲ ਹਨ।

ਵੈਸਟ ਚੈਸਟਰ ਪੁਲਿਸ ਅਨੁਸਾਰ ਕਿਸੇ ਵਿਅਕਤੀ ਨੇ ਉਨ੍ਹਾਂ ਨੂੰ ਫੋਨ ਕਰਕੇ ਇਸ ਘਟਨਾ ਸਬੰਧੀ ਜਾਣਕਾਰੀ ਦਿੱਤੀ ਸੀ। ਘਟਨਾ ਦੀ ਸੂਚਨਾ ਮਿਲਦਿਆਂ ਹੀ ਪੁਲਿਸ ਉਤਰੀ ਸਿਨਸਿਨੈਟੀ ਵਿਚ ਸਥਿਤ ਕੰਪਲੈਕਸ ਵਿਚ ਪਹੁੰਚੀ ਤਾਂ ਇਕ ਸਿੱਖ ਪਰਿਵਾਰ ਦੇ 4 ਮੈਂਬਰਾਂ ਦੀਆਂ ਲਾਸ਼ਾਂ ਫਰਸ਼ ਉਤੇ ਪਈਆਂ ਸਨ। ਇਸ ਮਾਮਲੇ ਸਬੰਧੀ ਪੁਲਿਸ ਵੱਲੋਂ ਗੁਆਂਢੀਆਂ ਨਾਲ ਗੱਲਬਾਤ ਕੀਤੀ ਜਾ ਰਹੀ ਹੈ। ਪੁਲਿਸ ਮੁਤਾਬਕ ਪਰਿਵਾਰ ਰਾਤ ਸਮੇਂ ਖਾਣਾ ਬਣਾ ਰਿਹਾ ਸੀ। ਫਿਲਹਾਲ ਪੁਲਿਸ ਨੇ ਇਸ ਘਟਨਾ ਸਬੰਧੀ ਕੋਈ ਹੋਰ ਜਾਣਕਾਰੀ ਦੇਣ ਤੋਂ ਇਨਕਾਰ ਕੀਤਾ ਹੈ। ਪੁਲਿਸ ਅਨੁਸਾਰ ਮ੍ਰਿਤਕਾਂ ਨੂੰ ਕਿਸੇ ਬਾਹਰੀ ਹਮਲਾਵਰ ਵੱਲੋਂ ਹੀ ਮਾਰਿਆ ਗਿਆ ਹੋ ਸਕਦਾ ਹੈ, ਕਿਉਂਕਿ ਉਨ੍ਹਾਂ ਦੇ ਆਪਸੀ ਝੜਪ ਦੇ ਸਬੂਤ ਨਹੀਂ ਮਿਲੇ। ਪੁਲਿਸ ਨੇ ਸਿੱਖ ਭਾਈਚਾਰੇ ਨੂੰ ਸੁਰੱਖਿਆ ਦਾ ਭਰੋਸਾ ਵੀ ਦਿੱਤਾ ਹੈ।

## ਲੰਮੀ ਉਮਰ ਲਈ ਜੀਵਨ ਸਾਥੀ ਨੂੰ ਖੁਸ਼ ਰੱਖੋ

**ਲੰਡਨ:** ਲੰਮੀ ਉਮਰ ਤੇ ਚੰਗੀ ਸਿਹਤ ਲਈ ਖੁਸ਼ ਰਹਿਣਾ ਕਿੰਨਾ ਅਹਿਮ ਹੈ, ਇਹ ਤਾਂ ਅਸੀਂ ਸਾਰੇ ਜਾਣਦੇ ਹਾਂ, ਪਰ ਇਕ ਅਧਿਐਨ ਤੋਂ ਪਤਾ ਲੱਗਾ ਹੈ ਕਿ ਲੰਮੀ ਉਮਰ ਪਾਉਣ ਲਈ ਖੁਸ਼ ਰਹਿਣ ਦੇ ਨਾਲ ਨਾਲ ਤੁਹਾਡੇ ਜੀਵਨ ਸਾਥੀ ਦਾ ਖੁਸ਼ ਰਹਿਣਾ ਵੀ ਜ਼ਰੂਰੀ ਹੈ।

ਨੀਦਰਲੈਂਡ ਦੀ ਟਿਲਬੁਰਗ ਯੂਨੀਵਰਸਿਟੀ ਦੀ ਖੋਜਾਰਥੀ ਓਲਗਾ ਸਤਾਵਰੋਵਾ ਨੇ ਕਿਹਾ ਕਿ ਇਹ ਅਧਿਐਨ ਵਿਅਕਤੀ ਦੀ ਸਿਹਤ 'ਤੇ ਉਹਦੇ ਆਲੇ-ਦੁਆਲੇ ਦੇ ਸਮਾਜਿਕ ਮਾਹੌਲ ਦੇ ਅਸਰ ਨੂੰ ਅਹਿਮੀਅਤ ਦਿੰਦਾ ਹੈ।

'ਸਾਇਕਲੋਜੀਕਲ ਸਾਇੰਸ' ਨਾਂ ਦੇ ਰਸਾਲੇ ਵਿਚ ਪ੍ਰਕਾਸ਼ਿਤ ਅਧਿਐਨ ਮੁਤਾਬਕ ਜਿਨ੍ਹਾਂ ਲੋਕਾਂ ਦੇ ਜੀਵਨ ਸਾਥੀ ਸਰਗਰਮ ਜੀਵਨ ਜਿਊਂਦੇ ਹਨ, ਉਨ੍ਹਾਂ ਦੀ ਆਪਣੀ ਜੀਵਨਸ਼ੈਲੀ ਵੀ ਕਾਰਜਸ਼ੀਲ ਰਹਿਣ ਦੀ ਸੰਭਾਵਨਾ ਹੁੰਦੀ ਹੈ। ਸਤਾਵਰੋਵਾ ਨੇ ਕਿਹਾ ਕਿ ਇਸੇ ਤਰ੍ਹਾਂ ਜੇਕਰ ਤੁਹਾਡਾ ਜੀਵਨ ਸਾਥੀ ਤਣਾਅ 'ਚ ਘਿਰਿਆ ਹੈ ਤੇ ਸ਼ਾਮ ਨੂੰ ਟੀ.ਵੀ. ਅੱਗੇ ਬੈਠ ਕੇ ਚਿਪਸ ਖਾਣਾ ਪਸੰਦ ਕਰਦਾ ਹੈ ਤਾਂ ਸੰਭਵ ਹੈ ਕਿ ਤੁਹਾਡੀ ਸ਼ਾਮ ਵੀ ਅਜਿਹੀ ਹੀ ਹੋਵੇਗੀ। ਸਤਾਵਰੋਵਾ ਨੇ ਅਮਰੀਕਾ ਦੇ ਉਨ੍ਹਾਂ ਕਰੀਬ 4400 ਜੋੜਿਆਂ ਦੇ ਅੰਕੜਿਆਂ 'ਤੇ ਅਧਿਐਨ ਕੀਤਾ ਹੈ, ਜਿਨ੍ਹਾਂ ਦੀ ਉਮਰ 50 ਸਾਲ ਤੋਂ ਵੱਧ ਸੀ।

ਅੰਕੜੇ ਇਕੱਤਰ ਕਰਨ ਦੀ ਸ਼ੁਰੂਆਤ ਦੇ ਅੱਠ ਸਾਲ ਮਗਰੋਂ ਕਰੀਬ 16 ਫੀਸਦ ਹਿੱਸੇਦਾਰਾਂ ਦਾ ਦੇਹਾਂਤ ਹੋ ਗਿਆ। ਜਿਹੜੇ ਲੋਕ ਫੌਤ ਹੋਏ, ਉਹ ਜਿਊਂਦੇ ਹਿੱਸੇਦਾਰਾਂ ਦੇ ਮੁਕਾਬਲੇ ਬਜ਼ੁਰਗ, ਘੱਟ ਪੜ੍ਹੇ-ਲਿਖੇ, ਘੱਟ ਅਮੀਰ, ਸਰੀਰਕ ਰੂਪ ਵਿਚ ਘੱਟ ਕਾਰਜਸ਼ੀਲ ਤੇ ਖਰਾਬ ਸਿਹਤ ਵਾਲੇ ਸਨ। ਉਹ ਜਿਊਂਦੇ ਹਿੱਸੇਦਾਰਾਂ ਦੀ ਨਿਸਬਤ ਸਬੰਧਾਂ ਤੇ ਜਿੰਦਗੀ ਤੋਂ ਵੀ ਘੱਟ ਸੰਤੁਸ਼ਟ ਸਨ ਤੇ ਉਨ੍ਹਾਂ ਦੇ ਜੀਵਨ ਸਾਥੀ ਵੀ ਜਿੰਦਗੀ ਤੋਂ ਉਕਤਾ ਚੁੱਕੇ ਸਨ। ਅਧਿਐਨ ਤੋਂ ਪਤਾ ਲੱਗਾ ਹੈ ਕਿ ਜਿਨ੍ਹਾਂ ਲੋਕਾਂ ਦੇ ਜੀਵਨ ਸਾਥੀ ਅਧਿਐਨ ਦੀ ਸ਼ੁਰੂਆਤ ਵਿਚ ਹੀ ਜੀਵਨ ਤੋਂ ਸੰਤੁਸ਼ਟ ਸਨ, ਉਨ੍ਹਾਂ ਦੀ ਮੌਤ ਦਾ ਖਤਰਾ ਮੁਕਾਬਲਤਨ ਘੱਟ ਸੀ।

## ਜਸਵੀਰ ਦਿਓਲ ਬਣਿਆ ਕੈਨੇਡਾ 'ਚ ਵਿਧਾਇਕ

**ਆਦਮਪੁਰ ਦੋਆਬਾ:** ਨੇੜਲੇ ਪਿੰਡ ਹਰੀਪੁਰ ਦੇ ਜਸਵੀਰ ਸਿੰਘ ਦਿਓਲ ਨੂੰ ਕੈਨੇਡਾ ਦੇ ਅਲਬਰਟਾ ਸ਼ਹਿਰ ਦੇ ਵਿਧਾਇਕ ਬਣਨ ਦਾ ਮਾਣ ਪ੍ਰਾਪਤ ਹੋਇਆ ਹੈ। ਇਸ ਨਾਲ ਉਸ ਦੇ ਜੱਦੀ ਪਿੰਡ ਹਰੀਪੁਰ ਦੇ ਲੋਕਾਂ 'ਚ ਖੁਸ਼ੀ ਦੀ ਲਹਿਰ ਫੈਲ ਗਈ ਅਤੇ ਉਨ੍ਹਾਂ ਨੇ ਪਿੰਡ ਦੇ ਜੰਮਪਲ ਜਸਵੀਰ ਸਿੰਘ ਦਿਓਲ ਦੀ ਇਸ ਪ੍ਰਾਪਤੀ 'ਤੇ ਜਸ਼ਨ ਮਨਾਇਆ।

ਪਿੰਡ ਦੇ ਸਾਬਕਾ ਸਰਪੰਚ ਬਲਜੀਤ ਸਿੰਘ ਦਿਓਲ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਦੇ ਮਾਸਟਰ ਅਮਰੀਕ ਸਿੰਘ ਦਾ ਪੁੱਤਰ ਜਸਵੀਰ ਸਿੰਘ ਕੈਨੇਡਾ ਅਲਬਰਟਾ ਵਿਚ ਹੋਈਆਂ ਚੋਣਾਂ ਦੌਰਾਨ ਨਿਊ ਡੈਮੋਕਰੈਟਿਕ ਪਾਰਟੀ ਦੇ ਐਮ.ਐਲ.ਏ. ਚੁਣੇ ਗਏ ਹਨ। ਜਸਵੀਰ ਸਿੰਘ ਨੂੰ ਇਨ੍ਹਾਂ ਚੋਣਾਂ 'ਚ 6900 ਵੋਟਾਂ ਪਈਆਂ ਜਦਕਿ ਉਨ੍ਹਾਂ ਦੇ ਵਿਰੋਧੀ ਨੂੰ 3500 ਵੋਟਾਂ ਪਈਆਂ।

## ਪੰਜਾਬ ਦੇ ਸੰਸਦੀ ਹਲਕਿਆਂ ਲਈ 385 ਨਾਮਜ਼ਦਗੀਆਂ

**ਚੰਡੀਗੜ੍ਹ:** ਪੰਜਾਬ ਦੀਆਂ 13 ਸੰਸਦੀ ਸੀਟਾਂ ਲਈ ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ, ਕਾਂਗਰਸ, ਆਮ ਆਦਮੀ ਪਾਰਟੀ, ਪੰਜਾਬ ਜਮਹੂਰੀ ਗੱਠਜੋੜ, ਸ਼੍ਰੋਮਣੀ ਅਕਾਲੀ ਦਲ (ਟਕਸਾਲੀ), ਹੋਰਾਂ ਪਾਰਟੀਆਂ ਨਾਲ ਸਬੰਧਤ ਤੇ ਆਜ਼ਾਦ ਉਮੀਦਵਾਰਾਂ ਨੇ 385 ਨਾਮਜ਼ਦਗੀਆਂ ਦਾਖਲ ਕੀਤੀਆਂ ਹਨ।

ਕਾਗਜ਼ ਭਰਨ ਦੇ ਆਖਰੀ ਦਿਨ 188 ਨਾਮਜ਼ਦਗੀਆਂ ਦਾਖਲ ਹੋਈਆਂ। ਆਖਰੀ ਦਿਨ ਜਿਨ੍ਹਾਂ ਪ੍ਰਮੁੱਖ ਉਮੀਦਵਾਰਾਂ ਵੱਲੋਂ ਪਰਚੇ ਭਰੇ ਗਏ ਹਨ, ਉਨ੍ਹਾਂ ਵਿਚ ਫਿਲਮ ਅਦਾਕਾਰ ਅਜੈ ਸਿੰਘ ਉਰਫ ਸਨੀ ਦਿਓਲ, ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਸਾਬਕਾ ਮੰਤਰੀ ਮਨੀਸ਼ ਤਿਵਾੜੀ, ਪ੍ਰੇਮ ਸਿੰਘ ਚੰਦੂਮਾਜਰਾ ਅਤੇ ਸ਼ੇਰ ਸਿੰਘ ਘੁਬਾਇਆ ਆਦਿ ਸ਼ਾਮਲ ਹਨ। ਪੰਜਾਬ 'ਚ ਵੋਟਾਂ ਅੰਤਿਮ ਗੇੜ 'ਚ 19 ਮਈ ਨੂੰ ਪੈਣਗੀਆਂ।

## ਅਧੂਰਾ ਰਹਿ ਗਿਆ 'ਆਪ' ਦਾ ਇਨਕਲਾਬ

*(ਸਫਾ ਇਕ ਦੀ ਬਾਕੀ)*

ਦੋਸ਼ ਲਾਉਣ ਉਤੇ ਖਰਚ ਹੋਈ। ਇਸ ਵੇਲੇ ਪੰਜਾਬ ਵਿਚ ਆਮ ਆਦਮੀ ਪਾਰਟੀ ਨੂੰ ਵੱਡੇ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੇ ਆਗੂਆਂ ਨੂੰ ਸਾਫ ਦਿਸ ਰਿਹਾ ਹੈ ਕਿ ਪਾਰਟੀ ਲੋਕਾਂ ਦਾ ਵਿਸ਼ਵਾਸ ਗੁਆ ਚੁੱਕੀ ਹੈ ਅਤੇ ਇਸ ਦਾ ਸਿਆਸੀ ਭਵਿਖ ਖਤਰੇ ਵਿਚ ਹੈ। ਦੂਸਰੇ ਪਾਸੇ ਅਕਾਲੀ ਦਲ ਵੀ ਅੰਦਰੂਨੀ ਸੰਕਟ ਦਾ ਸਾਹਮਣਾ ਕਰ ਰਿਹਾ ਹੈ ਅਤੇ ਕੇਂਦਰੀ ਸਰਕਾਰ ਦੀ ਪਿਛਲੇ ਪੰਜ ਸਾਲਾਂ ਵਿਚ ਕੀਤੀ ਗਈ ਕਮਜ਼ੋਰ ਕਾਰਗੁਜ਼ਾਰੀ ਕਾਰਨ ਲੋਕ ਭਾਰਤੀ ਜਨਤਾ ਪਾਰਟੀ ਤੋਂ ਵੀ ਨਿਰਾਸ਼ ਹਨ। ਇਸ ਤਰ੍ਹਾਂ ਕਾਂਗਰਸ ਪਿਛਲੇ ਦੋ ਸਾਲਾਂ ਤੋਂ ਪੰਜਾਬ ਵਿਚ ਆਪਣੇ ਵਾਅਦੇ ਨਾ ਪੂਰੇ ਕਰਨ ਦੇ ਬਾਵਜੂਦ ਵੀ ਬਿਹਤਰ ਸਥਿਤੀ ਵਿਚ ਹੈ।

## ਵਿਦੇਸ਼ਾਂ ਵਿਚ ਪਨਾਹ ਲੈਣ ਵਾਲੇ ਸਿੱਖਾਂ ਨੂੰ ਰਾਹਤ

*(ਸਫਾ ਇਕ ਦੀ ਬਾਕੀ)*

ਵਿਵਾਦ ਛੇੜ ਦਿੱਤਾ ਸੀ ਜਦੋਂ ਉਨ੍ਹਾਂ ਜੰਮੂ ਵਿਚ ਸੂਬਾ ਛੱਡਣ ਵਾਲੇ ਕਸ਼ਮੀਰੀ ਅਤਿਵਾਦੀਆਂ ਜਾਂ ਨੌਜਵਾਨਾਂ ਦੇ ਮੁੜ ਵਸੇਬੇ ਲਈ ਯੋਜਨਾ ਦਾ ਐਲਾਨ ਕੀਤਾ ਸੀ ਪਰ ਕਾਲੀ ਸੂਚੀ 'ਚ ਸ਼ਾਮਲ ਪੰਜਾਬੀ ਲੋਕਾਂ ਲਈ ਅਜਿਹੀ ਕੋਈ ਯੋਜਨਾ ਨਾ ਹੋਣ ਦੀ ਗੱਲ ਆਖੀ ਸੀ।

## ਮਾਣਹਾਨੀ ਮਾਮਲਾ: ਸੁਖਬੀਰ ਤੇ ਮਜੀਠੀਆ ਦੀਆਂ ਮੁਸ਼ਕਿਲਾਂ ਵਧੀਆਂ

**ਚੰਡੀਗੜ੍ਹ:** ਬੇਅਦਬੀ ਕਾਂਡ ਦੀ ਜਾਂਚ ਦੌਰਾਨ ਜਸਟਿਸ ਰਣਜੀਤ ਸਿੰਘ ਦਾ ਅਪਮਾਨ ਕਰਨ ਸਬੰਧੀ ਕੇਸ 'ਚ ਪੰਜਾਬ ਹਰਿਆਣਾ ਹਾਈ ਕੋਰਟ ਨੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਵਿਧਾਇਕ ਬਿਕਰਮ ਸਿੰਘ ਮਜੀਠੀਆ ਨੂੰ 11 ਜੁਲਾਈ ਨੂੰ ਬੈਂਚ ਅੱਗੇ ਪੇਸ਼ ਹੋਣ ਦੇ ਹੁਕਮ ਦਿੱਤੇ ਹਨ।



ਸੁਖਬੀਰ ਅਤੇ ਮਜੀਠੀਆ ਦੇ ਵਕੀਲਾਂ ਨੇ ਅਦਾਲਤ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਉਨ੍ਹਾਂ ਕੋਲ ਸੁਣਵਾਈ ਦੀ ਪਹਿਲੀ ਤਰੀਕ 'ਤੇ ਉਨ੍ਹਾਂ ਦੇ ਮੁਵੱਕਲਾਂ ਨੂੰ ਨਿੱਜੀ ਪੇਸ਼ੀ ਤੋਂ ਛੋਟ ਦੇਣ ਦੀ ਤਾਕਤ ਹੈ। ਇਸ ਦਲੀਲ ਦਾ ਜਸਟਿਸ ਰਣਜੀਤ ਸਿੰਘ ਦੇ ਵਕੀਲਾਂ ਨੇ ਜ਼ੋਰਦਾਰ ਵਿਰੋਧ ਕੀਤਾ। ਦੋਵੇਂ ਆਗੂਆਂ ਦੇ ਵਕੀਲਾਂ ਨੇ ਕਮਿਸ਼ਨ ਆਫ ਇਨਕੁਆਇਰੀ ਐਕਟ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਹ ਸ਼ਿਕਾਇਤ ਵਾਰੰਟ ਕੇਸ ਦੇ ਦਾਇਰੇ 'ਚ ਆਉਂਦੀ ਹੈ ਪਰ ਕੁਦਰਤੀ ਤੌਰ 'ਤੇ ਇਹ ਸੰਮਨ ਕੇਸ ਬਣਦਾ ਹੈ। ਸੰਮਨ ਕੇਸ 'ਚ ਦੋ ਸਾਲ ਤੋਂ ਘੱਟ ਦੀ ਸਜ਼ਾ ਹੁੰਦੀ ਹੈ ਜਦਕਿ ਵਾਰੰਟ ਕੇਸ 'ਚ ਦੋ ਸਾਲ ਤੋਂ ਵੱਧ ਦੀ ਸਜ਼ਾ ਸੁਣਾਈ ਜਾ ਸਕਦੀ ਹੈ। ਜਸਟਿਸ ਰਣਜੀਤ ਸਿੰਘ ਦੀ ਸ਼ਿਕਾਇਤ ਦੇ ਮਾਮਲੇ 'ਚ ਛੇ ਮਹੀਨੇ ਤੱਕ ਦੀ ਸਜ਼ਾ ਜਾਂ ਜੁਰਮਾਨੇ ਦਾ ਪ੍ਰਾਵਧਾਨ ਹੈ। ਇਸ ਕਰਕੇ ਉਨ੍ਹਾਂ ਦੇ ਮੁਵੱਕਲਾਂ ਨੂੰ ਸੰਮਨ ਕੇਸ ਦੀ ਪਹਿਲੀ ਤਰੀਕ 'ਤੇ ਨਿੱਜੀ ਪੇਸ਼ੀ ਤੋਂ ਛੋਟ ਦਿੱਤੀ ਜਾ ਸਕਦੀ ਹੈ।

## ਸਪਾ ਨੇ ਬੀ.ਐਸ.ਐਫ. ਦੇ ਸਾਬਕਾ ਜਵਾਨ ਨੂੰ ਮੋਦੀ ਖਿਲਾਫ ਟਿਕਟ ਦਿੱਤੀ

**ਲਖਨਊ:** ਬੀ.ਐਸ.ਐਫ. ਦੇ ਸਾਬਕਾ ਕਾਂਸਟੇਬਲ ਤੇਜ ਬਹਾਦੁਰ ਯਾਦਵ, ਜਿਸ ਨੂੰ ਖਾਣੇ ਦੇ ਮਿਆਰ ਬਾਰੇ ਸ਼ਿਕਾਇਤ ਕੀਤੇ ਜਾਣ ਮਗਰੋਂ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ, ਨੂੰ ਸਮਾਜਵਾਦੀ ਪਾਰਟੀ (ਸਪਾ) ਨੇ ਵਾਰਾਨਸੀ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖਿਲਾਫ ਉਮੀਦਵਾਰ ਐਲਾਨਿਆ ਹੈ। ਸਪਾ, ਜਿਸ ਵੱਲੋਂ ਬਹੁਜਨ ਸਮਾਜ ਪਾਰਟੀ ਅਤੇ ਰਾਸ਼ਟਰੀ ਲੋਕ ਦਲ ਨਾਲ ਗਠਜੋੜ ਕੀਤਾ ਗਿਆ ਹੈ, ਨੇ ਪਹਿਲਾਂ ਸ਼ਾਲਿਨੀ ਯਾਦਵ ਨੂੰ ਵਾਰਾਨਸੀ ਤੋਂ ਆਪਣਾ ਉਮੀਦਵਾਰ ਐਲਾਨਿਆ ਸੀ। ਕਾਂਗਰਸ ਵੱਲੋਂ ਅਜੈ ਰਾਇ ਵੱਲੋਂ ਵਾਰਾਨਸੀ ਤੋਂ ਚੋਣ ਲੜੀ ਜਾ ਰਹੀ ਹੈ।

ਦੱਸਣਯੋਗ ਹੈ ਕਿ ਇਸ ਸਾਬਕਾ ਜਵਾਨ ਨੇ 2017 'ਚ ਸੋਸ਼ਲ ਮੀਡੀਆ 'ਤੇ ਵੀਡੀਓ ਅਪਲੋਡ ਕਰਕੇ ਜੰਮੂ ਕਸ਼ਮੀਰ ਵਿਚ ਕੰਟਰੋਲ ਰੇਖਾ 'ਤੇ ਬਰਫੀਲੇ ਪਹਾੜੀ ਇਲਾਕਿਆਂ ਵਿਚ ਡਿਊਟੀ ਕਰਦੇ ਜਵਾਨਾਂ ਨੂੰ ਗੈਰਮਿਆਰੀ ਖਾਣਾ ਦਿੱਤੇ ਜਾਣ ਦੀ ਸ਼ਿਕਾਇਤ ਕੀਤੀ ਸੀ। ਬਾਅਦ ਵਿਚ ਉਸ ਨੂੰ ਅਨੁਸ਼ਾਸਨ ਭੰਗ ਕਰਨੇ ਦੇ ਦੋਸ਼ ਹੇਠ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਬਲਵਿੰਦਰ ਸਿੰਘ ਸੰਧੂ | ਅਯੁਧਿਆ ਸਲਵਾਨ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | |

## ਬਜ਼ੁਰਗ ਮਾਤਾ ਦੀ ਸੰਭਾਲ ਲਈ ਲੋੜ ਹੈ

ਬਜ਼ੁਰਗ ਮਾਤਾ ਦੀ ਸਾਂਭ ਸੰਭਾਲ ਲਈ ਇਕ ਰਿਟਾਇਰ ਲੇਡੀ/ ਜੋੜੇ ਦੀ ਲੋੜ ਹੈ, ਜੋ ਨਾਰਥਵਿਲ, ਮਿਸ਼ੀਗਨ ਵਿਚ ਸਾਡੇ ਘਰ ਰਹਿ ਸਕੇ। ਹਫਤਾਵਾਰ ਤਨਖਾਹ। ਰਿਹਾਇਸ਼ ਫਰੀ।

*ਸੰਪਰਕ ਕਰੋ:*

ਕਮਲਜੀਤ ਕੌਰ ਫੋਨ: 248-396-9993

ਜਾਂ ਐਂਡੀ, ਫੋਨ: 248-390 0682

18-19



## ਵੇਟਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਵੇਟਰ ਦੀ ਲੋੜ ਹੈ।

ਮੁਫਤ ਖਾਣਾ ਤੇ ਹੋਰ ਸਹੂਲਤਾਂ

*ਸੰਪਰਕ ਕਰੋ: ਮਿਸਟਰ ਸਿੰਘ*

ਫੋਨ: 608-886-2500

17-20



## SUPER TRAVEL

847-676-9090, 773-465-5566

*E-mail: supertravel2003@live.com*

**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

For Emergency Call anytime at 847-673-3825

*EARLY BIRD SALE!!!!*

Domestic fares available



## Desi Bazar

*916 E. Main Street #118, Greenwood, IN, 46143*
***Tel: 317-888-2040, Fax: 317-887-6116***

***We specialize in all kind of Indian Groceries and Sweets***

- FRESH VEGETABLES EVERY THURSDAY
- FRESH GOAT MEAT

***10% off on all Gurudwara supplies and Religious programs!!***

**We Are Open 7 Days a Week**

ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ


## ਕਰਤਾਰਪੁਰ ਲਾਂਘੇ ਨੇੜਿਓਂ ਮਿਲਿਆ ਬਾਬੇ ਨਾਨਕ ਦੇ ਸਮੇਂ ਦਾ ਪੁਰਾਤਨ ਖੂਹ

**ਲਾਹੌਰ:** ਕਰਤਾਰਪੁਰ ਦੇ ਗੁਰਦੁਆਰਾ ਦਰਬਾਰ ਸਾਹਿਬ ਲਈ ਤਿਆਰ ਕੀਤੇ ਜਾ ਰਹੇ ਲਾਂਘੇ ਨਾਲ ਪੈਂਦੇ ਇਕ ਹੋਰ ਗੁਰਦੁਆਰੇ ਵਿਚ ਬਾਬੇ ਨਾਨਕ ਦੇ ਸਮੇਂ ਦੇ ਪੁਰਾਤਨ ਖੂਹ ਬਾਰੇ ਪਤਾ ਲੱਗਿਆ ਹੈ। ਇਸ ਖੂਹ ਦਾ ਉਦੋਂ ਪਤਾ ਲੱਗਾ ਜਦੋਂ ਗੁਰਦੁਆਰਾ ਡੇਰਾ ਸਾਹਿਬ ਕਰਤਾਰਪੁਰ ਦੇ ਨਜ਼ਦੀਕ ਖੁਦਾਈ ਚੱਲ ਰਹੀ ਸੀ। ਇਹ ਸਥਾਨ ਲਾਹੌਰ ਤੋਂ 125 ਕਿਲੋਮੀਟਰ ਦੂਰ ਹੈ। ਵੀਹ ਫੁੱਟ ਡੂੰਘਾ ਖੂਹ ਪੁਰਾਤਨ ਨਾਨਕਸ਼ਾਹੀ ਇੱਟਾਂ (ਛੋਟੀਆਂ ਇੱਟਾਂ) ਦਾ ਬਣਿਆ ਹੋਇਆ ਹੈ। ਇਹ ਜਾਣਕਾਰੀ ਗੁਰਦੁਆਰੇ ਦੇ ਸੇਵਾਦਾਰ ਸਰਦਾਰ ਗੋਬਿੰਦ ਸਿੰਘ ਨੇ ਦਿੱਤੀ ਹੈ।

ਉਨ੍ਹਾਂ ਦੱਸਿਆ ਕਿ ਇਹ ਖੂਹ ਗੁਰੂ ਨਾਨਕ ਦੇਵ ਜੀ ਦੇ ਸਮੇਂ ਦਾ ਬਣਿਆ ਹੋਇਆ ਜਾਪਦਾ ਹੈ ਅਤੇ ਇਸ ਨੂੰ ਨਵੇਂ ਸਿਰੇ ਤੋਂ ਚਾਲੂ ਕਰਕੇ ਸੰਗਤ ਲਈ ਖੋਲ੍ਹਿਆ ਜਾਵੇਗਾ। ਉਨ੍ਹਾਂ ਕਿਹਾ ਕਿ 'ਖੂਹ ਸਾਹਿਬ' ਸਿੱਖ ਸ਼ਰਧਾਲੂਆਂ ਲਈ ਵਿਸ਼ੇਸ਼ ਸ਼ਰਧਾ ਦਾ ਕੇਂਦਰ ਬਣੇਗਾ ਅਤੇ ਉਹ ਇਸ ਖੂਹ ਨੂੰ ਜਲਦੀ ਹੀ ਚਾਲੂ ਕਰ ਦੇਣਗੇ।

ਸ਼ਰਧਾਲੂ ਇਥੋਂ ਦਾ ਪਵਿੱਤਰ ਜਲ ਵੀ ਨਾਲ ਲੈ ਕੇ ਜਾ ਸਕਣਗੇ। ਇਹ ਭਾਰਤੀ ਅਤੇ ਹੋਰ ਵਿਦੇਸ਼ੀ ਸਿੱਖਾਂ ਲਈ ਹੋਰ ਵੀ ਖਿੱਚ ਦਾ ਕੇਂਦਰ ਬਣੇਗਾ ਕਿਉਂਕਿ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਵੱਡੀ ਗਿਣਤੀ ਵਿਚੋਂ ਸਿੱਖਾਂ ਦੇ ਭਾਰਤ ਅਤੇ ਵਿਦੇਸ਼ਾਂ ਵਿਚੋਂ ਸ੍ਰੀ ਕਰਤਾਰਪੁਰ ਸਾਹਿਬ ਪੁੱਜਣ ਦੀ ਉਮੀਦ ਹੈ ਅਤੇ ਲੋਕ ਹੁਣ ਖੂਹ ਦੇ ਵੀ ਦਰਸ਼ਨ ਕਰਨਗੇ। ਇਸ ਖੂਹ ਬਾਰੇ ਅਜੇ ਤੱਕ ਪਾਕਿਸਤਾਨ ਦੀ ਸਰਕਾਰ ਵੱਲੋਂ ਕਿਸੇ ਪ੍ਰਕਾਰ ਦਾ ਕੋਈ ਅਧਿਕਾਰਤ ਦਾਅਵਾ ਸਾਹਮਣੇ ਨਹੀਂ ਆਇਆ।

## Matrimonials

### ਲੜਕੀ ਦੀ ਲੋੜ ਹੈ

Jatt Sikh 28, 5'-8", only boy, B.Com, own business & properties in Jalandhar City. Like to settle in California. Family is looking for girl with moral values. Contact, Ph: 805-889-4848 17-20

Looking for Punjabi Jatt (Girl), Bachelor in 3-D animation from Canada, did one year advance program of sketching in London (UK). Working in (Hollywood Movie studio, The Mill) Canada. Contact, Ph: 216-471-0305 16-

Looking for Punjabi Jatt (Girl) for smart, handsome boy, Age 22. Graduate in Hotel Management from Kolata. Living in Colorado, USA. On work visa. Contact, Ph: 440-901-8806 16-

Jatt Sikh Sangha parents seeking match for their US citizen son, 25 years, 6'-2'', non drinker, working as Software Engineer in Boeing. Contact, Ph: 636-577-5615 or E-mail: sangha@charter.net 11-18

### ਲੜਕੀ ਦੀ ਲੋੜ ਹੈ

ਸੈਣੀ ਸਿੱਖ ਉਮਰ 32 ਸਾਲ, ਕੱਦ 5'-8'' ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਾ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 14-17

Wanted suitable girl for my Doctor US born son final year residency Int-Med, 5'-5" wheatish, teetotaler and vegetarian NYC, visa candidates can be considered. Non Jatt elegant Gujjar family from Punjab. Call after 4 pm eastern or text any time. Contact: (321) 888-5109 or E-mail: billsinghtech@gmail.com 14-

Wanted US citizen Suitable girl for Dental specialist Arora Sikh boy, 30, 5'-10", practicing and teaching endodontic. Mother senior professor, father retired Deputy Director, Department of animal husbandry, well settled. Caste no bar. Contact: 91-94174-05453 {Punjab} 13-16

## ਜਨਰਲ ਮੁਸ਼ੱਰਫ ਦੇ ਪਾਕਿਸਤਾਨ ਪਰਤਣ ਦੀ ਸੰਭਾਵਨਾ ਘੱਟ

**ਇਸਲਾਮਾਬਾਦ:** ਦੇਸ਼ ਧ੍ਰੋਹ ਦੇ ਮਾਮਲੇ 'ਚ ਦੋਸ਼ੀ ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਪ੍ਰਵੇਜ਼ ਮੁਸ਼ੱਰਫ਼ ਦੇ ਬਾਰੇ 2 ਮਈ ਨੂੰ ਪਾਕਿਸਤਾਨ ਦੀ ਵਿਸ਼ੇਸ਼ ਅਦਾਲਤ 'ਚ ਹਾਜ਼ਰ ਹੋਣ ਦੇ ਐਲਾਨ ਦੇ ਬਾਅਦ ਹੁਣ ਅਜਿਹੇ ਸੰਕੇਤ ਮਿਲ ਰਹੇ ਹਨ ਕਿ ਉਹ ਆਪਣੇ ਮੈਡੀਕਲ ਬੋਰਡ ਦੀ ਸਿਫਾਰਸ਼ ਅਤੇ ਪਰਿਵਾਰਕ ਦਬਾਅ ਕਾਰਨ ਪਾਕਿਸਤਾਨ ਨਹੀਂ ਆਉਣਗੇ।

ਉਨ੍ਹਾਂ ਦੇ ਵਕੀਲ ਸਲਮਾਨ ਸਫਦਰ ਨੇ ਪੱਤਰਕਾਰਾਂ ਨੂੰ ਕਿਹਾ ਸੀ ਕਿ 75 ਸਾਲਾ ਸਾਬਕਾ ਰਾਸ਼ਟਰਪਤੀ ਆਪਣੀ ਖਰਾਬ ਸਿਹਤ ਦੇ ਬਾਵਜੂਦ 2 ਮਈ ਨੂੰ ਅਦਾਲਤ ਦੇ ਸਾਹਮਣੇ ਪੇਸ਼ ਹੋਣ ਲਈ ਦ੍ਰਿੜ੍ਹ ਸੰਕਲਪ ਹਨ, ਹਾਲਾਂਕਿ ਡਾਨ ਅਖਬਾਰ ਦੀ ਰਿਪੋਰਟ ਅਨੁਸਾਰ ਜਨਰਲ ਮੁਸ਼ੱਰਫ ਮੈਡੀਕਡ ਬੋਰਡ ਦੀ ਸਿਫਾਰਸ਼ ਅਤੇ ਪਰਿਵਾਰਕ ਦਬਾਅ ਕਾਰਨ ਪਾਕਿਸਤਾਨ ਵਾਪਸ ਨਹੀਂ ਮੁੜਨਗੇ।

ਆਲ ਪਾਕਿਸਤਾਨ ਮੁਸਲਿਮ ਲੀਗ ਦੇ ਮੈਂਬਰ ਅਲੀ ਨਵਾਬ ਚਿਤਰਾਲੀ ਨੇ ਕਿਹਾ ਕਿ ਜਨਰਲ ਮੁਸ਼ੱਰਫ ਰੀੜ੍ਹ ਦੀ ਹੱਡੀ ਦੇ ਦਰਦ ਤੋਂ ਪੀੜਤ ਹਨ ਤੇ ਮੈਡੀਕਲ ਬੋਰਡ ਨੇ ਉਨ੍ਹਾਂ ਨੂੰ ਯਾਤਰਾ ਤੋਂ ਬਚਣ ਦੀ ਸਲਾਹ ਦਿੱਤੀ ਹੈ ਅਤੇ ਉਨ੍ਹਾਂ 'ਤੇ ਸਿਹਤ ਦੇ ਕਾਰਨ ਪਾਕਿਸਤਾਨ ਨਹੀਂ ਜਾਣ ਦਾ ਪਰਿਵਾਰਕ ਦਬਾਅ ਵੀ ਹੈ। ਉਨ੍ਹਾਂ ਨੇ ਕਿਹਾ ਕਿ ਜਿਵੇਂ ਕਿ ਸਾਰੇ ਜਾਣਦੇ ਹਨ ਕਿ ਜਨਰਲ ਮੁਸ਼ੱਰਫ ਜ਼ੁਬਾਨ ਦੇ ਪੱਕੇ ਹਨ, ਇਸ ਲਈ ਅਜੇ ਵੀ ਉਨ੍ਹਾਂ ਦੇ ਪਾਕਿਸਤਾਨ ਆਉਣ ਦੀ 50% ਸੰਭਾਵਨਾ ਹੈ।

## ਆਸਟਰੇਲੀਆ 'ਚ ਪੰਜਾਬੀ ਦੀ ਮੌਤ

**ਐਡੀਲੇਡ:** ਇਥੋਂ ਕੋਈ 80 ਕਿਲੋਮੀਟਰ ਦੂਰ ਦੱਖਣ-ਪੂਰਬੀ ਕੌਮੀ ਮਾਰਗ 'ਤੇ ਰੈੱਡ ਕਰਾਸ ਡਿਲਵਰੀ ਵੈਨ ਤੇ ਟਰੱਕ ਵਿਚਾਲੇ ਹੋਈ ਟੱਕਰ 'ਚ ਵੈਨ ਚਾਲਕ ਪੰਜਾਬੀ ਨੌਜਵਾਨ ਪਰਮਪ੍ਰੀਤ ਸਿੰਘ ਪੂਨੀਆ (23) ਦੀ ਮੌਤ ਹੋ ਗਈ।


## ਪ੍ਰੋਫੈਸ਼ਨਲ ਤੰਦੂਰੀਏ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਪ੍ਰੋਫੈਸ਼ਨਲ ਤੰਦੂਰੀਏ ਦੀ ਲੋੜ ਹੈ ਜੋ ਤੰਦੂਰ ਦਾ ਸਾਰਾ ਕੰਮ ਜਾਣਦਾ ਹੋਵੇ।

ਚੰਗੀ ਤਨਖਾਹ; ਖਾਣਾ ਤੇ ਰਿਹਾਇਸ਼ ਮੁਫਤ

*ਸੰਪਰਕ ਕਰੋ: ਮਿ. ਸਿੰਘ*

ਫੋਨ: 515-291-1961

17-18



## ਖੁੱਲ੍ਹ ਗਿਆ ਹੈ ! ਖੁੱਲ੍ਹ ਗਿਆ ਹੈ ! !




**916 East Main Street # 120**
**Greenwood, Indiana 46143**
***(Next to Desi Bazaar)***



**Ph: 317-886-7176**

**Fax: 317-886-7180** 6-9



## ਤੰਦੂਰੀਏ ਤੇ ਹਲਵਾਈ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ ਅਤੇ ਤੰਦੂਰੀਏ ਦੀ ਲੋੜ ਹੈ

ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

*ਸੰਪਰਕ ਕਰੋ*

ਮੁਖਤਿਆਰ ਸਿੰਘ, ਫੋਨ: 713-884-9547

ਸੁਖਦੇਵ ਸਿੰਘ, ਫੋਨ: 832-724-1635

4-

# ਚੋਣਾਂ: ਕੁਰਬਾਨੀ ਅਤੇ ਸੇਵਾ ਦੀ ਰਟ ਰੈਟਰਿਕ

ਪੰਜਾਬ 'ਚ ਸਿੱਖ ਆਵਾਮ ਸਿਆਸਤ ਵਿਚ ਹਰ ਵਕਤ ਆਪਣੇ ਆਪ ਨੂੰ ਠੱਗਿਆ ਠੱਗਿਆ ਮਹਿਸੂਸ ਕਰਦਾ ਹੈ।

ਗੁਰੂ ਸਾਹਿਬਾਨ ਨੇ ਤਾਂ ਹਰ ਵਕਤ ਜਾਗਦੇ ਰਹਿਣ ਦੀ ਸਿੱਖਿਆ ਦਿੱਤੀ ਸੀ, ਹਰ ਫੈਸਲਾ ਸੋਚ ਸਮਝ ਕੇ ਕਰਨ ਦੀ ਨਸੀਹਤ ਕਰਦਿਆਂ, ਅਣੋਭੜ ਕਿਸਮ ਦੀ ਭਾਵੁਕਤਾ ਤੋਂ ਹਮੇਸ਼ਾ ਪਰਹੇਜ਼ ਕਰਨ ਦੀ ਹਦਾਇਤ ਕੀਤੀ ਸੀ।

ਦਸਮ ਪਾਤਸ਼ਾਹ ਦਾ ਫੁਰਮਾਨ ਹੈ, "ਪੂਰਨ ਜੋਤਿ ਜਗੈ ਘਟ ਮੈਂ ਤਬ ਖਾਲਸ ਤਾਹਿ ਨਖਾਲਸ ਜਾਨੈ॥" ਭਾਵ ਇਨਸਾਨ ਨੂੰ ਜਦੋਂ ਪੂਰਨ ਗਿਆਨ ਹੁੰਦਾ ਹੈ ਤਾਂ ਹੀ ਉਸ ਨੂੰ ਠੀਕ ਦੀ ਸੋਝੀ ਹੁੰਦੀ ਹੈ, ਤਾਂ ਹੀ ਉਸ ਨੂੰ ਗਲਤ ਦਾ ਪਤਾ ਲੱਗਦਾ ਹੈ। ਗਿਆਨ ਵਿਹੂਣਾ ਬੰਦਾ ਹਰ ਸਮੇਂ ਗਲਤੀ ਕਰਦਾ ਹੈ ਤੇ ਹਰ ਵਕਤ ਪਛਤਾਉਂਦਾ ਹੈ, ਕਿਉਂਕਿ ਉਹ ਹਮੇਸ਼ਾ ਭਲੇ ਨੂੰ ਬੁਰਾ ਸਮਝ ਬੈਠਦਾ ਹੈ ਤੇ ਬੁਰੇ ਨੂੰ ਭਲਾ ਅਨੁਮਾਨ ਲੈਂਦਾ ਹੈ।



ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384

ਪਹਿਲਾਂ ਅਸੀਂ ਮਿਸਲਾਂ ਵੇਲੇ ਠੱਗੇ ਗਏ; ਰਣਜੀਤ ਸਿੰਘ ਵੇਲੇ ਫਿਰ ਠੱਗੇ ਗਏ। ਸੰਤਾਲੀ 'ਚ ਵੀ ਉਹੀ ਗੱਲ ਹੋਈ ਤੇ ਉਸ ਪਿਛੋਂ ਵੀ ਉਹੀ ਗੱਲ ਵਾਰ ਵਾਰ ਵਾਪਰ ਰਹੀ ਹੈ। ਠੱਗੀ ਠੋਰੀ ਸਾਡੀ ਸਿਆਸਤ ਹੋ ਗਈ ਹੈ।

ਦਸਮ ਪਾਤਸ਼ਾਹ ਨੇ ਆਦੇਸ਼ ਕੀਤਾ ਸੀ, "ਬਾਲ ਬਿਰਧ ਸਭ ਕੋਊ ਪਠਾਵਾ॥ ਅਣਪੜ੍ਹ ਕੋਊ ਰਹਿਣ ਨ ਪਾਵਾ॥" ਗੁਰੂ ਸਾਹਿਬ ਨੇ ਸਿੱਖਿਆ ਦੇ ਮਹਾਂ ਅਭਿਆਨ ਦਾ ਆਗਾਜ਼ ਕੀਤਾ ਸੀ; ਪਰ ਅਸੀਂ ਪੜ੍ਹਾਈ ਲਿਖਾਈ ਨੂੰ ਤਰਜੀਹ ਨਹੀਂ ਦੇ ਸਕੇ। ਇਹੀ ਕਾਰਨ ਸੀ ਕਿ ਤਮਾਮ ਮਿਸਲਾਂ ਦਾ ਲੱਕ ਤੋੜ ਕੇ, ਇੱਕ ਕੋਰਾ ਚਿੱਟਾ ਅਨਪੜ੍ਹ ਬੰਦਾ ਖਾਲਸਾ ਰਾਜ ਦਾ ਮਾਲਕ ਬਣ ਬੈਠਾ ਤੇ ਹਰੀ ਸਿੰਘ ਨਲੂਏ ਜਿਹੇ ਸਮਰੱਥ ਵਿਦਵਾਨ ਅਤੇ ਲਹਿਣਾ ਸਿੰਘ ਮਜੀਠੀਏ ਜਿਹੇ ਅਕਲ ਦੇ ਕੋਟ ਨੂੰ ਵੀ ਉਸ ਦੇ ਥੱਲੇ ਲੱਗਣਾ ਪਿਆ। ਥੱਲੇ ਵੀ ਇੱਥੋਂ ਤੱਕ ਕਿ ਸ. ਨਲੂਏ ਨੂੰ ਤਾਂ ਆਪਣੀ ਜਾਨ ਤੋਂ ਹੀ ਹੱਥ ਧੋਣੇ ਪਏ ਤੇ ਲਹਿਣਾ ਸਿੰਘ ਵਿਚਾਰਾ ਹਰਿਦੁਆਰ ਦਾ ਓਟ ਆਸਰਾ ਲੈ ਕੇ ਕੇਵਲ ਆਪਣੀ ਜਾਨ ਬਚਾ ਸਕਿਆ।

ਕੀ ਕਾਰਨ ਸੀ ਕਿ ਸੰਤਾਲੀ ਵਿਚ ਔਕਸਬ੍ਰਿਜੀਅਨ ਗੋਰਿਆਂ ਨਾਲ ਤਾਲਮੇਲ ਅਤੇ ਗੱਲਬਾਤ ਕਰਨ ਲਈ ਬਾਹਰਲੀਆਂ ਯੂਨੀਵਰਸਿਟੀਆਂ ਵਿਚੋਂ ਗੋਰਿਆਂ ਦੀ ਟੱਕਰ ਦੀ ਵਿਦਿਆ ਹਾਸਲ ਕਰਨ ਵਾਲੇ-ਜਿਨਾਹ, ਗਾਂਧੀ ਅਤੇ ਨਹਿਰੂ ਦੇ ਮੁਕਾਬਲੇ ਸਾਡੇ ਨੇਤਾ ਅਸਲੋਂ ਹੀ ਅਨਪੜ੍ਹ ਅਤੇ ਲੋਲ੍ਹੇ ਸਨ? ਅਸੀਂ ਆਪਣੇ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਪ੍ਰਿੰ. ਤੇਜਾ ਸਿੰਘ, ਭਾਈ ਧਰਮਾਨੰਤ ਸਿੰਘ, ਡਾ. ਮੋਹਣ ਸਿੰਘ ਦੀਵਾਨਾ ਤੇ ਭਾਈ ਸਾਹਿਬ ਸਿਰਦਾਰ ਕਪੂਰ ਸਿੰਘ ਦੀਆਂ ਸੇਵਾਵਾਂ ਕਿਉਂ ਨਾ ਹਾਸਲ ਕਰ ਸਕੇ?

ਸੋਚਣਾ ਬਣਦਾ ਹੈ ਕਿ ਉਹ ਕਿਹੜੇ ਕਾਰਨ ਸਨ ਤੇ ਹਨ, ਜਿਨ੍ਹਾਂ ਕਰਕੇ ਅਨਪੜ੍ਹ ਤੇ ਲੋਲ੍ਹੜ ਬੰਦੇ ਹਮੇਸ਼ਾ ਹੀ ਸਿੱਖ ਸਿਆਸਤ 'ਤੇ ਛਾਏ ਰਹਿੰਦੇ ਹਨ? ਬੇਸ਼ੱਕ ਇਹ ਸਵਾਲ ਕਿਸੇ ਨੂੰ ਦਿਲਚਸਪ ਲੱਗਦੇ ਹੋਣ, ਪਰ ਇਨ੍ਹਾਂ ਦੇ ਜਵਾਬ ਬੜੇ ਹੀ ਦੁਖਦਾਈ ਹਨ।

ਮੇਰੀ ਸਮਝ ਮੁਤਾਬਕ ਇਨ੍ਹਾਂ ਸਵਾਲਾਂ ਦਾ ਜਵਾਬ ਇਹ ਹੈ ਕਿ ਅਸੀਂ ਗਿਆਨ ਦੀ ਲੋੜ ਵਾਲੇ ਫੈਸਲੇ ਵੀ ਸ਼ਾਤਰ ਕਿਸਮ ਦੀ ਉਪਭਾਵੁਕਤਾ ਵਿਚ ਆ ਕੇ ਕਰਦੇ ਹਾਂ। ਕਈ ਕਿਸਮ ਦੇ ਵੇਲਾ ਵਿਹਾ ਚੁਕੇ ਰਾਗ, ਰਟ ਅਤੇ ਰੈਟਰਿਕ ਸਾਨੂੰ ਸਹੀ ਫੈਸਲੇ ਨਹੀਂ ਕਰਨ ਦਿੰਦੇ। 'ਸੇਵਾ' ਅਤੇ 'ਕੁਰਬਾਨੀ' ਦੋ ਅਜਿਹੇ ਰਾਗ ਹਨ, ਜਿਨ੍ਹਾਂ ਦੇ ਝਾਂਸੇ ਵਿਚ ਉਲਝ ਉਲਝ ਕੇ ਅਸੀਂ ਲਗਾਤਾਰ ਹਰ ਖੇਤਰ ਵਿਚ ਕੱਖੋਂ ਹੌਲੇ ਹੋ ਰਹੇ ਹਾਂ।

ਕੋਈ ਕਹਿੰਦਾ ਹੈ, ਉਸ ਨੂੰ ਮੁੱਖ ਮੰਤਰੀ ਬਣਾਓ ਕਿਉਂਕਿ ਉਸ ਨੇ ਸਤਾਰਾਂ ਸਾਲ ਜੇਲ੍ਹ ਕੱਟੀ ਹੈ; ਕੋਈ ਕਹਿੰਦਾ ਹੈ, ਉਸ ਨੇ ਨੌਕਰੀ ਛੱਡੀ ਹੈ; ਕੋਈ ਕਹਿੰਦਾ ਹੈ, ਉਸ ਦਾ ਭਾਈ ਸ਼ਹੀਦ ਹੋਇਆ ਹੈ; ਕੋਈ ਕਹਿੰਦਾ ਹੈ, ਉਸ ਦਾ ਪੁੱਤ ਸ਼ਹੀਦ ਹੋਇਆ ਹੈ; ਕੋਈ ਕਹਿੰਦਾ ਹੈ, ਉਸ ਦਾ ਪਿਤਾ ਸ਼ਹੀਦ ਹੋਇਆ ਹੈ; ਕੋਈ ਕਹਿੰਦੀ ਹੈ, ਉਸ ਦਾ ਪਤੀ ਸ਼ਹੀਦ ਹੋਇਆ ਹੈ। ਇਸ ਤਰ੍ਹਾਂ ਦੇ ਬਹੁਤ ਸਾਰੇ ਲੋਕਾਂ ਨੂੰ ਅਸੀਂ ਵੱਡੀਆਂ ਛੋਟੀਆਂ ਕੁਰਸੀਆਂ 'ਤੇ ਬਿਰਾਜਮਾਨ ਕਰ ਕਰ ਕੇ ਦੇਖ ਚੁਕੇ ਹਾਂ। ਸ਼ਹੀਦਾਂ ਦੇ ਸਕੇ ਕੁਰਸੀ ਮਿਲਦੇ ਸਾਰ ਹੀ ਸ਼ਹੀਦਾਂ ਦੇ ਸਿਰਤਾਜ ਅਤੇ ਸਰਬੰਸਦਾਨੀ ਵੱਲ ਪਿੱਠ ਕਰ ਲੈਂਦੇ ਹਨ ਤੇ ਆਪਣੀ ਉਦਰ ਪੂਰਤੀ 'ਚ ਜੁਟ ਜਾਂਦੇ ਹਨ।

ਕਿਉਂ ਨਹੀਂ ਅਸੀਂ ਇਨ੍ਹਾਂ ਵੋਟ ਬਟੋਰੂ ਲਾਰਿਆਂ ਅਤੇ ਨਾਅਰਿਆਂ ਤੋਂ ਬਾਜ ਆਉਂਦੇ? ਕਿਉਂ ਅਸੀਂ ਵਾਰ ਵਾਰ ਉਸੇ ਰੈਟਰਿਕ ਦੇ ਸ਼ਿਕਾਰ ਹੋਈ ਜਾ ਰਹੇ ਹਾਂ? ਕਿਉਂ ਅਸੀਂ ਅਕਲ ਤੋਂ ਕੰਮ ਨਹੀਂ ਲੈਂਦੇ?

ਪਿਛਲੀ ਚੋਣ ਸਮੇਂ ਖਡੂਰ ਸਾਹਿਬ ਤੋਂ ਚੋਣ 'ਖੇਲਣ' ਵਾਲੇ ਬੇਹੱਦ ਸੁਲਝੇ ਅਤੇ ਦਾਨਿਸ਼ਵਰ ਕਿਸਮ ਦੇ ਇਨਸਾਨ ਦੇ ਹੱਕ ਵਿਚ ਸਾਡੀ ਸਿੱਖੀ ਅਤੇ ਪੰਥਕ ਜਜ਼ਬਾ ਪਤਾ ਨਹੀਂ ਕਿੱਥੇ ਗੁਆਚ ਗਿਆ ਸੀ! ਕਿਉਂ ਅਜੋਕਾ ਕੋਈ ਵੀ ਕੱਦਾਵਰ ਵਿਦਵਾਨ ਸਾਡੀ ਸਿਆਸਤ ਨੂੰ ਕਤਈ ਪਰਵਾਨ ਨਹੀਂ ਹੁੰਦਾ? ਕਿਉਂ ਕੜਛੀ ਮਾਸਟਰ ਦਾਲ ਸਪੈਸ਼ਲਿਸਟਾਂ ਦਾ ਹੀ ਚਾਰੇ ਪਾਸੇ ਬੋਲਬਾਲਾ ਹੈ?

ਜਿੰਨੇ ਇਹ ਸਵਾਲ ਦੁਖਦਾਇਕ ਹਨ, ਇਨ੍ਹਾਂ ਦੇ ਜਵਾਬ ਉਸ ਤੋਂ ਵੀ ਵੱਧ ਦੁਖਦਾਇਕ ਹਨ। ਕੁਰਬਾਨੀ ਕਰਨ ਵਾਲਿਆਂ ਦੇ ਰਿਸ਼ਤੇਦਾਰਾਂ ਨੂੰ ਮਾਇਆ ਨਾਲ ਮਾਲੋਮਾਲ ਕਰ ਕੇ ਘਰੇ ਬਹਾਲ ਦਿੱਤਾ ਜਾਵੇ ਤਾਂ ਬਿਹਤਰ ਹੋਵੇਗਾ। ਸਿਆਸਤ ਵਿਚ ਲਿਆਕਤ ਜਰੂਰੀ ਹੈ, ਰਿਸ਼ਤੇਦਾਰੀ ਨਹੀਂ। ਕਿਸੇ ਕੁਰਬਾਨੀ ਵਾਲੇ ਦੀ ਭੂਆ, ਭਾਈ, ਪੁੱਤ, ਪਿਤਾ ਜਾਂ ਪਤਨੀ ਹੋਣਾ ਹੀ ਸਮਾਜ ਦੇ ਵੱਡੇ ਸੇਵਾਦਾਰ ਹੋਣ ਦੀ ਨਿਸ਼ਾਨੀ ਨਹੀਂ ਹੈ ਤੇ ਨਾ ਹੀ ਸਿਆਸੀ ਟਿਕਟ ਦਾ ਲਾਇਸੈਂਸ ਹੈ। ਕੋਈ ਪੁੱਛੇ, ਉਹ ਕਿਹੜੀ ਸੇਵਾ ਹੈ, ਜੋ ਝੰਡੀ ਵਾਲੀ ਕਾਰ 'ਚ ਬਹਿ ਕੇ ਹੀ ਹੋ ਸਕਦੀ ਹੈ?

ਕਿਸੇ ਦੀ ਸੇਵਾ ਦਾ ਹਿਸਾਬ ਲਾਉਣ ਲਈ ਭਾਈ ਮੰਝ ਦੀ ਸੇਵਾ ਚੇਤੇ ਕਰ ਲੈਣੀ ਚਾਹੀਦੀ ਹੈ, ਜੋ ਗੁਰੂ ਕੇ ਲੰਗਰ ਲਈ ਬਾਲਣ ਲਿਆਉਣ ਦੀ ਸੇਵਾ ਕਰਦੇ ਸਨ। ਪੰਚਮ ਪਾਤਸ਼ਾਹ ਨੇ ਪੁੱਛਿਆ, "ਭਾਈ ਜੀ ਕੀ ਕਰਦੇ ਹੋ?" ਜਵਾਬ ਮਿਲਿਆ, "ਜੀ ਬਾਲਣ ਲਿਆਉਣ ਦੀ ਸੇਵਾ ਕਰਦਾ ਹਾਂ।" ਪਾਤਸ਼ਾਹ ਨੇ ਪੁੱਛਿਆ, "ਪ੍ਰਸ਼ਾਦਾ ਪਾਣੀ ਕਿੱਥੇ ਛਕਦੇ ਹੋ?" ਭਾਈ ਮੰਝ ਕਹਿਣ ਲੱਗੇ, "ਜੀ ਗੁਰੂ ਕੇ ਲੰਗਰ ਵਿਖੇ।" ਗੁਰੂ ਸਾਹਿਬ ਮੁਸਕਰਾ ਪਏ ਤੇ ਆਖਿਆ, "ਅੱਛਾ, ਸੇਵਾ ਦਾ ਹਿਸਾਬ ਨਾਲ ਦੀ ਨਾਲ ਚੁਕਤਾ ਕਰੀ ਜਾਂਦੇ ਹੋ।" ਕਹਿੰਦੇ ਹਨ, ਇਸ ਉਪਰੰਤ ਭਾਈ ਮੰਝ ਨੇ ਲੰਗਰ ਵਿਚ ਪ੍ਰਸ਼ਾਦਾ ਪਾਣੀ ਛਕਣਾ ਬੰਦ ਕਰ ਦਿੱਤਾ ਤੇ ਬਾਲਣ ਲਿਆਉਣ ਦੀ ਸੇਵਾ ਉਸੇ ਭਾਵਨਾ, ਤਰੀਕੇ ਅਤੇ ਸਲੀਕੇ ਨਾਲ ਜਾਰੀ ਰੱਖੀ।

ਜੇ ਕੁਰਬਾਨੀਆਂ ਦਾ ਹਿਸਾਬ ਲਾਉਣਾ ਹੋਵੇ ਤਾਂ ਬੀਬੀ ਭਾਨੀ ਦੇ ਪਰਿਵਾਰ ਤੋਂ ਵੱਧ ਕਿਸ ਦੀ ਕੁਰਬਾਨੀ ਹੋ ਸਕਦੀ ਹੈ? ਫਿਰ ਤਾਂ ਉਸ ਦੇ ਪਰਿਵਾਰ ਤੋਂ ਬਿਨਾ ਕੋਈ ਹੋਰ ਕਿਸੇ ਵੀ ਅਹੁਦੇ ਦਾ ਹੱਕਦਾਰ ਹੀ ਨਹੀਂ ਹੈ। ਫਿਰ ਕੀ ਕਾਰਨ ਹੈ ਕਿ ਅੱਜ ਤੱਕ ਬੀਬੀ ਭਾਨੀ ਦੇ ਪਰਿਵਾਰ ਦਾ ਕੋਈ ਵੀ ਮੈਂਬਰ ਨਾ ਹੀ ਕਦੀ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਿਆ ਹੈ ਤੇ ਨਾ ਹੀ ਸਕੱਤਰ; ਨਾ ਕੋਈ ਅਕਾਲੀ ਦਲ ਦਾ ਪ੍ਰਧਾਨ ਬਣਿਆ, ਨਾ ਮੁੱਖ ਮੰਤਰੀ, ਨਾ ਡਿਪਟੀ ਮੁੱਖ ਮੰਤਰੀ ਤੇ ਨਾ ਖਜਾਨਾ ਮੰਤਰੀ। ਬੀਬੀ ਭਾਨੀ ਦਾ ਪਰਿਵਾਰਕ ਮੈਂਬਰ ਤਾਂ ਸ਼ਾਇਦ ਹੀ ਕਿਤੇ ਸਰਪੰਚ ਵੀ ਹੋਵੇ।

ਸਾਨੂੰ ਨਾ ਸੇਵਾ ਦਾ ਪਤਾ ਹੈ, ਨਾ ਕੁਰਬਾਨੀ ਦਾ; ਅਸੀਂ ਚੌਧਰਪੁਣੇ ਨੂੰ ਹੀ ਸੇਵਾ ਸਮਝਦੇ ਹਾਂ ਤੇ ਘੜੰਮ ਚੌਧਰੀਆਂ ਨੂੰ ਵੱਡੇ ਸੇਵਾਦਾਰ। 'ਰਾਜ ਨਹੀਂ ਸੇਵਾ' ਸਾਡੇ ਸਮਿਆਂ ਦਾ ਸਭ ਤੋਂ ਵੱਡਾ, ਅਸਲ ਅਤੇ ਖਤਰਨਾਕ ਚੁਟਕਲਾ ਹੈ।

ਸੇਵਾਦਾਰ ਦੀ ਅਸਲ ਪਛਾਣ ਇਹ ਹੁੰਦੀ ਹੈ ਕਿ ਉਸ ਵਿਚ ਕੁਰਬਾਨੀ ਦਾ ਜਜ਼ਬਾ ਕੁੱਟ ਕੁੱਟ ਕੇ ਭਰਿਆ ਹੁੰਦਾ ਹੈ; ਉਹ ਆਪ ਪਿੱਛੇ ਰਹਿਣਾ ਪਸੰਦ ਕਰਦਾ ਹੈ ਤੇ ਦੂਜਿਆਂ ਨੂੰ ਅੱਗੇ ਕਰਦਾ ਹੈ। ਦੂਜਿਆਂ ਨੂੰ ਪਿੱਛੇ ਧੱਕ ਕੇ ਆਪ ਅੱਗੇ ਹੋਣਾ ਨਾ ਕੁਰਬਾਨੀ ਹੈ ਤੇ ਨਾ ਸੇਵਾ। ਅਜਿਹੀ ਸੇਵਾ ਨੇ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਬਾਪ, ਬੇਟੇ ਅਤੇ ਬਹੂ ਦੀ ਤਿੱਕੜੀ ਤੱਕ ਮਹਿਦੂਦ ਕਰ ਦਿੱਤਾ ਹੈ; ਤਿੱਕੜੀ ਤੇ ਤੱਕੜੀ 'ਚ ਸਿਰਫ ਸਿਹਾਰੀ ਦਾ ਹੀ ਫਰਕ ਰਹਿ ਗਿਆ ਹੈ। ਕਿੱਡੀ ਹੈਰਾਨੀ ਦੀ ਗੱਲ ਹੈ ਕਿ ਇਹ ਪੰਜਾਬੀ ਤਿੱਕੜੀ ਦਿੱਲੀ ਵਾਲੀ ਮਾਂ, ਪੁੱਤ ਅਤੇ ਧੀ ਦੀ ਤਿੱਕੜੀ ਦਾ ਹੱਦੋਂ ਵੱਧ ਵਿਰੋਧ ਕਰਦੀ ਹੈ!

ਮੁੱਦੇ ਦੀ ਗੱਲ ਇਹ ਹੈ ਕਿ ਹੋਣ ਵਾਲੀ ਚੋਣ ਵਿਚ ਆਪਣੀ ਮੱਤ ਕਿਸ ਨੂੰ ਅਰਪਣ ਕੀਤੀ ਜਾਵੇ। ਮੱਤ ਦਾ ਅਰਥ ਹੈ, ਅਕਲ। ਜੋ ਵੀ ਕੋਈ ਆਪਣੇ ਫੈਸਲੇ ਆਪਣੀ ਅਕਲ ਅਨੁਸਾਰ ਨਹੀਂ ਕਰਦਾ, ਸਗੋਂ ਕਿਸੇ ਦੇ ਕਹਿਣ 'ਤੇ ਕਰਦਾ ਹੈ, ਉਹ ਬੰਦਾ ਅਕਲਮੰਦ ਨਹੀਂ ਕਿਹਾ ਜਾ ਸਕਦਾ। ਅਸੀਂ ਆਪਣੇ ਮੱਤ ਹੱਕ ਦੀ ਵਰਤੋਂ ਆਪਣੀ ਮੱਤ ਅਨੁਸਾਰ ਨਹੀਂ ਕਰਦੇ। ਜਾਤੀ, ਖੇਤਰ ਤੇ ਬੋਲੀ ਦੇ ਭਾਵ ਸਾਡੀ ਅਕਲ 'ਤੇ ਪਰਦਾ ਤਾਣ ਲੈਂਦੇ ਹਨ ਤੇ ਅਸੀਂ ਹਰ ਵਾਰ ਠੱਗੇ ਜਾਂਦੇ ਹਾਂ ਜਾਂ ਲੁੱਟੇ ਜਾਂਦੇ ਹਾਂ, ਤੇ ਅੰਤ ਹੱਥ ਮਲਦੇ ਰਹਿ ਜਾਂਦੇ ਹਾਂ।

ਖੁਸ਼ਵੰਤ ਸਿੰਘ ਨੇ 1957 ਵਿਚ 'ਦਾ ਵਾਇਸ ਆਫ ਗੌਡ' ਕਹਾਣੀ ਲਿਖੀ ਸੀ, ਜਿਸ ਵਿਚ ਉਸ ਨੇ ਬੜੇ ਹੀ ਭਾਵਪੂਰਤ ਅਤੇ ਵਿਅੰਗਮਈ ਅੰਦਾਜ਼ ਵਿਚ ਵੋਟ ਅਤੇ ਚੋਣਤੰਤਰ ਦੇ ਪ੍ਰਤੱਖ ਦਰਸ਼ਨ ਕਰਵਾ ਦਿੱਤੇ ਸਨ।

ਕਿਵੇਂ ਸਾਡੇ 'ਅੰਨ ਦਾਤੇ' ਚੋਣ ਪ੍ਰਚਾਰ ਦੌਰਾਨ ਝੂਟੇ ਕਿਸੇ ਹੋਰ ਦੀ ਕਾਰ 'ਚ ਲੈਂਦੇ ਹਨ, ਦਾਰੂ ਕਿਸੇ ਹੋਰ ਦੀ ਪੀਂਦੇ ਹਨ, ਲਾਰੇ ਕਿਸੇ ਹੋਰ ਨੂੰ ਲਾਉਂਦੇ ਹਨ, ਵਾਅਦੇ ਕਿਸੇ ਹੋਰ ਨਾਲ ਕਰਦੇ ਹਨ, ਕਸਮਾਂ ਕਿਤੇ ਹੋਰ ਖਾਂਦੇ ਹਨ ਤੇ ਅਖੀਰ ਵੋਟ ਪਾਉਂਦੇ ਹਨ, ਕੁਣਬੇ ਦੇ ਸਭ ਤੋਂ ਭ੍ਰਿਸ਼ਟ ਬੰਦੇ ਨੂੰ। ਸਾਡੇ ਵੋਟਤੰਤਰ ਵਿਚ ਭ੍ਰਿਸ਼ਟਾਚਾਰ ਦਾ ਅੰਨ੍ਹਾ ਬੋਲਬਾਲਾ ਹੈ।

'ਕੁਰਬਾਨੀਆਂ' ਤੇ 'ਸੇਵਾ' ਸਾਡੇ ਸਮਿਆਂ ਦੇ ਬਹੁਤ ਵੱਡੇ ਫਰੇਬ ਭਰਪੂਰ ਮਜ਼ਾਕ ਬਣੇ ਹੋਏ ਹਨ। ਆਓ, ਆਪਾਂ ਆਪਣੇ ਮੱਤ ਦੀ ਆਪਣੀ ਅਕਲ ਅਨੁਸਾਰ ਵਰਤੋਂ ਕਰਨੀ ਸਿੱਖੀਏ ਅਤੇ ਦੇਸ਼ ਵਿਚ ਨਵੇਂ ਤੇ ਸਵੱਛ ਸਿਆਸੀ ਸੱਭਿਆਚਾਰਕ ਵਾਤਾਵਰਣ ਦੀ ਸਿਰਜਣਾ ਦਾ ਮੁੱਢ ਬੰਨ੍ਹੀਏ।

## ਚੋਣ ਚੁਸਕੀ

# ਮੁਲਕ ਦੀ ਸਿਆਸਤ ਦਾ ਕਰੂਪ ਮੁਹਾਂਦਰਾ

ਸਿਆਸਤ ਵਿਚ ਕੋਈ ਅਜਿਹਾ ਸ਼ਬਦ ਨਹੀਂ, ਜੋ ਪਾਕ ਮੁਕੱਦਸ ਹੋਵੇ; ਤੇ ਕੋਈ ਵਾਅਦਾ ਨਹੀਂ, ਜੋ ਤੋੜਿਆ ਨਾ ਜਾ ਸਕੇ। ਇਸ ਰਾਹ 'ਤੇ ਦੋਸਤ-ਮਿੱਤਰ ਅਤੇ ਦੁਸ਼ਮਣ ਪੱਕੇ ਨਹੀਂ ਹੁੰਦੇ, ਸਗੋਂ ਬਦਲਦੇ ਰਹਿੰਦੇ ਹਨ। ਜਜ਼ਬਾਤ ਪ੍ਰਾਪੇਗੰਡੇ ਦੀ ਸਰਦਾਰੀ 'ਚ ਚਲਦੇ ਹਨ। ਜਜ਼ਬਾਤ ਜਦੋਂ ਪ੍ਰਾਪੇਗੰਡੇ ਤੋਂ ਬਾਗੀ ਹੋਣਗੇ, ਉਦੋਂ ਹੀ ਸਿਆਸਤਦਾਨ ਹਾਸ਼ੀਏ 'ਤੇ ਆ ਜਾਵੇਗਾ। ਤਕਰੀਰ ਲੁਭਾਉਣੀ ਹੋਵੇ ਤਾਂ ਸਮਝੋ ਸਿਆਸੀ ਬੰਦੇ 'ਤੇ ਵਿਆਹੁੰਦੜ ਮੁੰਡੇ ਦੇ ਵਟਣਾ ਲੱਗਣ ਵਾਂਗ ਨਿਖਾਰ ਆ ਜਾਂਦਾ ਹੈ, ਤੇ ਉਹ ਚਮਕ ਜਾਂਦਾ ਹੈ।

ਖਾਸ ਵਕਤ ਕੁਝ ਲੋਕਾਂ ਨੂੰ ਚੇਤੇ ਰੱਖਣਾ ਤੇ ਫੇਰ ਭੁੱਲ ਜਾਣਾ, ਸਿਆਸੀ ਨਾਟਕ ਦਾ ਇਕ ਦਮਦਾਰ ਪਹਿਲੂ ਹੈ। ਮਜ਼ਹਬ, ਬਰਾਦਰੀ, ਜਾਤ, ਅਮੀਰੀ-ਗਰੀਬੀ, ਭਾਸ਼ਾ, ਕਿੱਤੇ, ਰੰਗ, ਨਸਲ ਦਾ ਬਾਰੂਦ ਸਮਾਜ ਵਿਚ ਵਿਛਾਈ ਰੱਖਣਾ ਸਿਆਸਤ ਦੀ ਖੇਡ ਜਿੱਤਣ ਦੇ ਕਾਰਗਰ ਦਾਅ ਹਨ। ਗੁੰਡਾ ਗਰੋਹ ਪਾਲਣੇ ਤੇ ਹਲਾਕ ਕਰਵਾਉਣੇ ਸਿਆਸੀ ਚਲਾਕੀ ਦਾ ਅੰਗ ਹਨ ਤਾਂ ਕਿ ਡਰ ਤੇ ਦਹਿਸ਼ਤ ਪੈਦਾ ਕਰਕੇ ਫਿਰ ਸ਼ਾਂਤੀ ਤੇ ਅਮਨ ਦਾ ਵਿਖਾਵਾ ਕੀਤਾ ਜਾ ਸਕੇ। ਵਿਰੋਧੀਆਂ ਦੀ ਆਲੋਚਨਾ ਤੇ ਬੇਰੁਖੀ ਦੀ ਵਾਛੜ ਵਿਚ ਚਾਪਲੂਸਾਂ ਦੀ ਨੇੜਤਾ ਸਿਆਸੀ ਬੰਦੇ ਨੂੰ ਸਕੂਨ ਦਿੰਦੀ ਹੈ।

ਹਰਜਿੰਦਰ ਸਿੰਘ ਸਭਰਾਅ

ਹੱਥ ਜੋੜਨ ਤੇ ਹੱਥ ਚੁੱਕਣ ਵਰਗੀਆਂ ਕਲਾਬਾਜੀਆਂ 'ਚ ਮੁਹਾਰਤ ਸਿਆਸੀ ਬੰਦੇ ਦਾ ਖਾਸਾ ਹੈ। ਹੱਥ ਜੋੜਨ ਤੇ ਹੱਥ ਚੁੱਕਣ ਵਿਚ ਵਕਤ ਅਤੇ ਧਿਰ ਦੀ ਪਛਾਣ ਤੋਂ ਉਕ ਜਾਣ ਵਾਲਾ ਸਿਆਸੀ ਮਨੁੱਖ ਭਵਿੱਖ ਤਬਾਹ ਵੀ ਕਰ ਲੈਂਦਾ ਹੈ। ਸਿਆਣੇ ਤੇ ਇਮਾਨਦਾਰ ਵਰਕਰ ਨੀਂਹ ਦੀਆਂ ਇੱਟਾਂ ਵਾਂਗ ਹੁੰਦੇ ਹਨ, ਜੋ ਸਿਆਸੀ ਚਿਹਰੇ ਨੂੰ ਪਛਾਣ ਦਿੰਦੇ ਹਨ; ਉਨ੍ਹਾਂ ਨੂੰ ਨੀਂਹ ਦੀ ਇੱਟ ਵਾਂਗ ਦਫਨ ਕਰੀ ਰੱਖਣਾ ਵੀ ਸਿਆਸੀ ਮਨੁੱਖ ਦੀ ਕਠੋਰਤਾ ਦਾ ਹਿੱਸਾ ਜਰੂਰ ਹੁੰਦਾ ਹੈ। ਵਰਕਰਾਂ ਦੀ ਬਲੀ ਲੈਣਾ ਤੇ ਬਲੀ ਦੇਣਾ ਸਿਆਸੀ ਸ਼ਤਰੰਜ ਦਾ ਹਿੱਸਾ ਹੈ, ਜੇ ਇਹ ਗੋਟੀਆਂ ਸੁੱਟੀਆਂ ਨਾ ਜਾਣ ਤਾਂ ਸਿਆਸਤ ਕੁਰਬਾਨੀ ਦਾ ਵਿਖਾਵਾ ਨਹੀਂ ਕਰ ਸਕੇਗੀ।

ਸਮਾਜਕ ਮੁਸ਼ਕਿਲਾਂ ਨੂੰ ਖਤਮ ਕਰਨ ਨਾਲੋਂ ਮੁਸ਼ਕਿਲਾਂ ਨੂੰ ਮਸਾਲੇ ਵਾਂਗ ਵਰਤਣ ਦਾ ਰੁਝਾਨ ਸਿਆਸੀ ਸੁਭਾਅ 'ਚ ਵਧੇਰੇ ਹੈ। ਗਰਮ ਨਾਅਰੇ, ਝਗੜੇ, ਟਕਰਾਓ-ਇਹ ਸਭ ਵਰਕਰਾਂ ਤੇ ਵੋਟਰਾਂ ਨੂੰ ਡੂੰਘਾ ਸੋਚਣ ਤੋਂ ਉਕਤਾਉਂਦੇ ਹਨ, ਇਸ ਲਈ ਇਹ ਖਿਡਾਉਣਿਆਂ ਵਾਂਗ ਵਰਤ ਹੁੰਦੇ ਹਨ। ਮੁਫਤਖੋਰੀ ਦਾ ਝੱਸ ਫੈਲਾਉਣਾ ਤੇ ਉਸ ਦੀ ਪੂਰਤੀ ਲਈ ਨਿੱਕੇ ਨਿੱਕੇ ਖੇਖਣ ਕਰਨੇ ਲੋਕਾਂ ਨੂੰ 'ਕੁਝ ਤਾਂ ਹੋ ਹੀ ਰਿਹਾ ਹੈ' ਦੀ ਤਸੱਲੀ ਦਿਵਾਉਣ ਦਾ ਕਾਰਗਰ ਤਰੀਕਾ ਹੈ।

ਧੜਾ ਧਾਰਨ ਕਰਨ ਵਾਲੇ ਨੂੰ 'ਸੱਚ ਦਾ ਪਛਾਣੂ' ਤੇ 'ਇਨਸਾਫ ਪਸੰਦ' ਦਾ ਖਿਤਾਬ ਅਤੇ ਧੜਾ ਛੱਡਣ ਵਾਲੇ ਨੂੰ 'ਮੌਕਾਪ੍ਰਸਤ', 'ਬੇਈਮਾਨ' ਆਦਿ ਖਿਤਾਬ ਦੇਣੇ ਜਰੂਰੀ ਹੁੰਦੇ ਹਨ, ਪਰ ਨਾਲ ਹੀ ਇਨ੍ਹਾਂ ਸ਼ਬਦਾਂ ਨੂੰ ਠਰੰਮੇ ਨਾਲ ਸੁਣਨ ਦਾ ਮਾਦਾ ਸਿਆਸਤ 'ਚ ਬਣੇ ਰਹਿਣ ਲਈ ਲਾਜ਼ਮੀ ਹੁੰਦਾ ਹੈ। ਝੱਗੇ ਦਾ ਕਾਲਰ ਠੀਕ ਕਰਨ ਤੋਂ ਕਾਲਰ ਫੜਨ ਤੱਕ, ਗਲ 'ਚ ਹਾਰ ਪਾਉਣ ਤੋਂ ਗਲ ਘੁੱਟਣ ਤੱਕ, ਜੁੱਤੀ ਝਾੜਨ ਤੋਂ ਮਾਰਨ ਤੱਕ, ਜਿੰਦਾਬਾਦ ਤੋਂ ਮੁਰਦਾਬਾਦ ਤੱਕ, ਗਲ ਲਾਉਣ ਤੋਂ ਗਲੋਂ ਲਾਹੁਣ ਤੱਕ-ਮਤਲਬ ਇਹ ਸਭ ਕ੍ਰਿਆਵਾਂ ਲਗਾਤਾਰ ਸਿੱਧੇ-ਪੁਠੇ ਪਾਸੇ ਸਫਰ ਕਰਦੀਆਂ ਰਹਿੰਦੀਆਂ ਹਨ। ਵਿਰੋਧੀ ਧੜੇ 'ਚ ਪਾੜ ਪਾਉਣ ਤੋਂ ਲੈ ਕੇ ਆਪਣੇ ਖੇਮੇ 'ਚ ਗੁਟਬੰਦੀ ਬਣਾਉਣ ਤੱਕ ਦੀ ਸਿਰਦਰਦੀ ਸਿਆਸੀ ਬੰਦੇ ਦੀ ਲੋੜ ਹੈ।

ਪ੍ਰਸ਼ਾਸਨ ਤੇ ਨੇਤਾ ਦਾ ਨਾਜਾਇਜ਼ ਤਾਲ-ਮੇਲ ਸਮਾਜਕ ਭਲਾਈ ਦੀਆਂ ਅਵਾਜ਼ਾਂ ਦਾ ਟਾਕਰਾ ਕਰਨ ਲਈ ਜਰੂਰੀ ਗਠਜੋੜ ਹੈ। ਧਰਨੇ ਲਾਉਣ, ਲਵਾਉਣ ਤੋਂ ਲੈ ਕੇ ਧਰਨੇ ਚੁਕਵਾਉਣ ਤੱਕ ਲੰਮਾ ਤਰੱਦਦ ਸਹਿਣਾ ਸਿਆਸੀ ਮਨੁੱਖ ਲਈ ਜਰੂਰੀ ਹੈ। ਲੋਕਾਂ ਦੀਆਂ ਬਰੂਹਾਂ 'ਤੇ ਜਾਣਾ ਅਤੇ ਆਪਣੇ ਦਰਵਾਜੇ ਬੰਦ ਕਰ ਲੈਣ ਦਾ 'ਧੋਖੇਬਾਜ' ਸੁਭਾਅ ਕਾਰਆਮਦ ਤਰੀਕਾ ਹੈ। ਇਹ ਗੱਲ ਇਹ ਵੀ ਸਾਬਤ ਕਰਦੀ ਹੈ ਕਿ ਮੁਸੀਬਤ ਬਣ ਕੇ ਜਾਓ! ਪਰ ਮੁਸੀਬਤ ਨੂੰ ਆਪਣੀਆਂ ਬਰੂਹਾਂ ਨਾ ਟੱਪਣ ਦਿਓ। ਸਾਧਾਰਨ ਲੋਕਾਂ 'ਚ ਪਏ ਤੇ ਪਵਾਏ ਗਏ ਵੈਰ-ਵਿਰੋਧ ਸਿਆਸੀ ਮਨੁੱਖ ਲਈ ਸਾਹਾਂ ਦਾ ਕੰਮ ਕਰਦੇ ਹਨ। ਅਜਿਹੇ ਹਾਲਾਤ ਹਥਠੋਕਾ ਅਫਸਰਸ਼ਾਹੀ ਤੇ ਪ੍ਰਸ਼ਾਸਨ ਰਾਹੀਂ 'ਚਾਹ-ਪਾਣੀ' ਤੋਂ ਕਿਤੇ ਵੱਧ 'ਉਤਲੀ ਕਮਾਈ' ਦਾ ਸ੍ਰੋਤ ਬਣਦੇ ਹਨ।

ਮਜ਼ਹਬੀ, ਬਰਾਦਰੀ, ਨਿਰਪੱਖਤਾ, ਅੰਦੋਲਨਕਾਰੀ, ਕ੍ਰਾਂਤੀਕਾਰੀ, ਜਮਹੂਰੀ, ਫਿਰਕੂ, ਸੰਪਰਦਾਇਕਤਾ, ਧਰਮ ਨਿਰਪੱਖਤਾ, ਆਦਿ ਹੋਰ ਵੀ ਬਹੁਤ ਸਾਰੇ ਸ਼ਬਦ ਮਹਿਜ ਸ਼ਬਦ ਨਹੀਂ, ਸਿਆਸੀ ਬੰਦਿਆਂ ਦੀ ਮੋਰਚਾਬੰਦੀ ਹੈ। ਮਸਲੇ ਮੁਕਾਉਣ ਨਾਲੋਂ ਉਲਝਾਉਣ ਨਾਲ ਸਿਆਸਤ ਦੀ ਗੱਡੀ ਨੂੰ ਊਰਜਾ ਮਿਲਦੀ ਹੈ। ਮਸਲੇ ਪੈਦਾ ਕਰਨ ਤੇ ਪੇਚੀਦਾ ਕਰਨਾ ਵੱਡੇ ਸਿਆਸਤੀ ਹੋਣ ਦੀ ਨਿਸ਼ਾਨੀ ਹੈ। ਸਪੀਕਰ, ਸਟੇਜ, ਝੰਡੀਆਂ, ਇਸ਼ਤਿਹਾਰ, ਬਾਹਾਂ ਚੁਕ ਕੇ ਜਿੰਦਾਬਾਦ ਬੋਲਣ ਵਾਲੇ ਵਰਕਰ, ਭੀੜ ਦਾ ਹੱਥ ਹਿਲਾ ਕੇ ਸਤਿਕਾਰ ਕਰਨਾ ਹਰ ਸਿਆਸੀ ਮਨੁੱਖ ਲਈ ਖੁਦ ਲਈ ਸੁਖਮਈ ਅਤੇ ਦੂਜੇ ਨੂੰ ਮਿਲਣ 'ਤੇ ਪ੍ਰੇਸ਼ਾਨੀ ਦਾ ਸਬੱਬ ਬਣਦਾ ਹੈ।

ਖਾਸ ਸਮੇਂ ਟੁੱਟੇ ਘਰਾਂ 'ਚ ਜਾਣਾ ਤੇ ਚਿੱਬੀ ਥਾਲੀ 'ਚ ਰੁੱਖਾ ਭੋਜਨ ਗਰੀਬ ਦੇ ਨਾਲ ਬਹਿ ਕੇ ਖਾਣ ਦਾ ਜਿਗਰਾ ਰੱਖਣਾ ਜਰੂਰੀ ਹੈ, ਪਰ ਨਾਲ ਹੀ ਜਰੂਰੀ ਹੈ ਅਜਿਹਾ ਗਰੀਬ ਤੇ ਗਰੀਬੀ ਦੀ ਹਾਲਤ ਨੂੰ ਕਾਇਮ ਰੱਖਣਾ, ਕਿਉਂਕਿ ਚੋਣਾਂ ਫਿਰ ਵੀ ਆਉਣੀਆਂ ਹਨ। ਆਲੋਚਨਾ ਕਰਨ ਵਾਲੇ ਨੂੰ ਦੂਜੇ ਧੜੇ ਦਾ ਏਜੰਟ ਕਹਿਣਾ ਸੁਭਾਵਿਕ ਕ੍ਰਿਆ ਹੈ, ਜਿਸ ਦਾ ਅਭਿਆਸ ਹੋਣ 'ਤੇ ਇਹ ਅਜੀਬ ਨਹੀਂ ਲਗਦੀ।

ਹਰ ਪਰਿਵਾਰ ਨਾਲ ਪੁਰਾਣੇ ਤੇ ਨਿੱਘੇ ਸਬੰਧਾਂ ਦਾ ਜ਼ਿਕਰ ਕਰਨਾ, ਹਰ ਪਿੰਡ ਨੂੰ ਆਪਣਾ ਜੱਦੀ ਪਿੰਡ ਆਖਣਾ, ਵਰਕਰਾਂ ਤੇ ਵੋਟਰਾਂ ਦੇ ਉਤਸ਼ਾਹ ਨੂੰ ਹੜ੍ਹ 'ਚ ਤਬਦੀਲ ਕਰਦਾ ਹੈ। ਉਤਸ਼ਾਹ 'ਚ ਆ ਕੇ ਲੋਕਾਂ ਲਈ ਕੁਝ ਕਰ ਗੁਜਰਨ ਦੀ ਇੱਛਾ ਨੂੰ ਭਾਸ਼ਣਾਂ ਵਿਚ ਸਜਾ ਕੇ ਬਿਆਨਣਾ ਸਿਆਸੀ ਮਨੁੱਖ ਦਾ ਜਜ਼ਬਾਤੀ ਰੌਅ ਹੁੰਦਾ ਹੈ, ਜੋ ਅਕਸਰ ਵਹਿੰਦਾ ਰਹਿੰਦਾ ਹੈ, ਪਰ ਠੰਢੇ ਦਿਮਾਗ ਨਾਲ ਸੋਚਣ 'ਤੇ ਲਗਦਾ ਹੈ, ਇਹ ਬੇਮਤਲਬ ਗੱਲਾਂ ਨੇ, ਜਿਨ੍ਹਾਂ 'ਤੇ ਅਮਲ ਕਰਨਾ ਜਰੂਰੀ ਨਹੀਂ। ਚੋਣਾਂ ਵੇਲੇ ਹੱਥ ਜੋੜ ਕੇ ਵੋਟ ਪਵਾਉਣ ਦੀ ਖੇਚਲ ਕਰਨ ਪਿਛੋਂ ਸਿਆਸੀ ਬੰਦਾ ਉਸੇ ਵੋਟਰ ਦੇ ਜੁੜੇ ਹੱਥ ਤੇ ਬੇਨਤੀਆਂ ਨੂੰ ਵੇਖ-ਸੁਣ ਕੇ ਬਦਲਾ ਪੂਰਾ ਹੋਣ ਦੇ ਸੁਖ ਨੂੰ ਮਹਿਸੂਸ ਕਰਦਾ ਹੈ।

ਵਿਕਾਸ, ਤਰੱਕੀ, ਰੁਜ਼ਗਾਰ, ਨਿਰਪੱਖ ਫੈਸਲੇ, ਇਨਸਾਫ, ਘੱਟਗਿਣਤੀਆਂ ਦੇ ਹੱਕ ਚੰਗੇ ਸ਼ਬਦ ਹਨ, ਜੋ ਸੁਪਨੇ ਦੀ ਸੱਚਾਈ ਵਾਂਗ ਘੱਟ ਈ ਮਿਲਦੇ ਹਨ, ਪਰ ਕਦੇ ਪੁਰਾਣੇ ਨਹੀਂ ਹੁੰਦੇ, ਨਾ ਹੀ ਕਹਿਣ-ਸੁਣਨ ਵਾਲਿਆਂ ਦਾ ਇਨ੍ਹਾਂ ਤੋਂ ਮਨ ਅੱਕਦਾ ਹੈ। ਬਦਕਲਾਮੀ, ਤੂੰ-ਤੂੰ, ਮੈਂ-ਮੈਂ, ਗਾਲ੍ਹੀ ਗਲੋਚ, ਨੀਵੇਂ ਪੱਧਰ ਦੀ ਆਲੋਚਨਾ, ਪਰਿਵਾਰਕ ਮਿਹਣੇਬਾਜੀ ਸਿਆਸੀ ਲੋਕਾਂ ਦੇ ਨੀਵੇਂ ਕਿਰਦਾਰ ਦੀ ਸਭ ਤੋਂ ਉਤਮ ਮਿਸਾਲ ਹੈ, ਜਿਸ ਨਾਲ ਮੀਡੀਆ ਦੀ ਕਮਾਈ ਹੁੰਦੀ ਹੈ ਤੇ ਆਮ ਲੋਕਾਂ ਦਾ ਮਨੋਰੰਜਨ।

ਵਿਧਾਨ ਸਭਾ, ਲੋਕ ਸਭਾ ਤੱਕ ਇੱਕ ਵਾਰ ਜਾਣਾ ਤੇ ਫਿਰ ਜਾਂਦੇ ਰਹਿਣ ਦਾ ਜੁਗਾੜ ਲਾਈ ਰੱਖਣਾ ਆਪਣੇ ਫਰਜਾਂ ਤੇ ਜਿੰਮੇਵਾਰੀਆਂ ਤੋਂ ਕਿਤੇ ਜਰੂਰੀ ਹੋ ਨਿਬੜਦਾ ਹੈ। ਰਿਸ਼ਤਿਆਂ ਅਤੇ ਸਾਂਝਾਂ ਖਾਤਰ ਫਰਜ਼ਾਂ, ਜਿੰਮੇਵਾਰੀਆਂ ਤੇ ਸਹੁੰਆਂ ਤੋੜਨਾ ਅਤੇ ਸਿਆਸੀ ਸੱਤਾ ਲਈ ਰਿਸ਼ਤੇ ਤੇ ਸਾਂਝਾਂ ਦਾਅ 'ਤੇ ਲਾਉਣੀਆਂ-ਦੋਹਾਂ ਹਾਲਤਾਂ ਦੀ ਸੰਭਾਵਨਾ ਪੱਕੇ ਰੂਪ ਵਿਚ ਮੌਜੂਦ ਹੁੰਦੀ ਹੈ। ਜੇ ਸਿਆਸਤਦਾਨ ਹੋਣ ਦੇ ਨਾਲ ਨਾਲ 'ਦਰਵੇਸ਼ ਸਿਆਸਤਦਾਨ', 'ਗਰੀਬਾਂ ਦੀ ਅਵਾਜ਼', 'ਲੋਕ ਮਸੀਹਾ', 'ਇਲਾਕੇ ਦਾ ਜਰਨੈਲ' ਵਰਗੇ ਲਕਬ ਮਿਲ ਜਾਣ ਤਾਂ 'ਸਿਆਸਤ ਦੇ ਬਾਬਾ ਬੋਹੜ' ਵਰਗੀ ਟੀਸੀ 'ਤੇ ਪਹੁੰਚਣਾ ਸੌਖਾ ਬਣ ਜਾਂਦਾ ਹੈ। ਭਾਵੇਂ ਸਭ ਜਾਣਦੇ ਨੇ, ਬੋਹੜ ਆਪਣੇ ਥੱਲੇ ਕੋਈ ਹੋਰ ਰੁੱਖ ਨਹੀਂ ਉਗਣ ਦਿੰਦਾ।


ਸਿਆਸੀ ਮਨੁੱਖ ਲਈ ਆਪਣੀ ਮਿਥੀ ਮੰਜ਼ਿਲ 'ਤੇ ਪਹੁੰਚਣਾ ਜਰੂਰੀ ਹੈ, ਇਸ ਗੱਲ ਦਾ ਮਤਲਬ ਨਹੀਂ ਸਮਝਿਆ ਜਾਂਦਾ ਕਿ ਉਹ ਕਿਹੜਾ ਰਾਹ ਚੁਣਦਾ ਹੈ ਤੇ ਉਸ ਦਾ ਤਰੀਕਾ ਕਿੰਨਾ ਸਹੀ ਜਾਂ ਗਲਤ ਹੈ। ਮੰਜ਼ਿਲ ਮਿਲ ਗਈ ਤਾਂ ਗਲਤ ਤਰੀਕੇ 'ਤੇ ਆਪੇ ਪਰਦਾ ਪੈ ਜਾਵੇਗਾ। ਵਫਾਦਾਰੀਆਂ ਬਦਲਨਾ ਕੱਪੜੇ ਬਦਲਣ ਵਰਗਾ ਹੀ ਸਹਿਲਾ ਕੰਮ ਹੈ। ਛਲ, ਫਰੇਬ, ਬੇਈਮਾਨੀ ਨੂੰ ਤਰੱਕੀ ਦਾ ਰਾਹ ਪ੍ਰਵਾਨ ਕਰਕੇ ਚੱਲਣਾ ਜਰੂਰੀ ਬਣਾਇਆ ਜਾਂਦਾ ਹੈ। ਹਵਾ ਦੇ ਰੁੱਖ ਮੁਦਿਆਂ ਨੂੰ ਬਦਲਣ ਦੀ ਚਲਾਕੀ ਵੱਡੀ ਕਲਾ ਸਮਝੀ ਜਾਂਦੀ ਹੈ। ਘਟਨਾਵਾਂ ਦੀ ਜਾਂਚ ਕਰਵਾਉਣਾ, ਕਮਿਸ਼ਨ ਬਿਠਾਉਣਾ, ਜਾਂਚ ਪ੍ਰਭਾਵਤ ਕਰਨਾ ਅਤੇ ਰਿਪੋਰਟਾਂ ਦਬਾਉਣਾ ਮਹਿਜ ਸਿਆਸੀ ਕਸਰਤ ਹੈ। ਇਨਸਾਫ ਦੀ ਉਮੀਦ ਰੱਖਣ ਵਾਲਿਆਂ ਲਈ ਊਠ ਦਾ ਇਹ ਬੁੱਲ੍ਹ ਕਦੇ ਨਹੀਂ ਡਿਗੇਗਾ।

ਅਮੀਰਾਂ ਨਾਲ ਸੌਦੇਬਾਜੀ, ਗਰੀਬਾਂ ਨਾਲ ਧੱਕਾ, ਸਾਂਝੀਆਂ ਚੀਜਾਂ 'ਤੇ ਸਾਜਿਸ਼ੀ ਕਬਜਾ, ਸਰਕਾਰੀ ਸਕੀਮਾਂ ਦੀ ਦੁਰਵਰਤੋਂ, ਚਹੇਤਿਆਂ ਦੀ ਲੋੜੋਂ ਵੱਧ ਪਰਵਾਹ, ਆਮ ਲੋਕਾਂ ਨੂੰ ਅਣਗੌਲਣਾ; ਧੱਕੇਖੋਰਾਂ ਨੂੰ ਸ਼ਹਿ, ਦੰਗੇ, ਕਤਲੇਆਮਾਂ, ਕਾਤਲਾਂ ਨੂੰ ਸਿਆਸੀ ਸਰਪ੍ਰਸਤੀਆਂ; ਲੁਟੇਰਿਆਂ ਤੇ ਠੱਗਾਂ ਦੀ ਮਦਦ ਮੁਲਕ ਦੀ ਸਿਆਸਤ 'ਤੇ ਬਦਨੁਮਾ ਦਾਗ ਹਨ। ਗੱਲ ਕੀ! ਸਿਆਸਤ ਦਾ ਜੋ ਰੂਪ ਦਿੱਸ ਰਿਹਾ ਹੈ, ਇਹ ਮਾਨਵਘਾਤੀ ਤੇ ਬੰਦੇਖਾਣੀ ਮਸ਼ੀਨ ਬਣ ਗਈ ਹੈ। ਇਸੇ ਠੋਕਤੰਤਰ ਨੂੰ ਲੋਕਤੰਤਰ ਦੇ ਫੱਟੇ ਹੇਠ ਚਲਾਇਆ ਜਾਂਦਾ ਹੈ। ਧੰਨ ਹੋਣਗੇ ਜੋ ਇਸ ਕਾਲਖ ਕੋਠੀ ਵਿਚੋਂ ਬੇਦਾਗ ਰਹਿਣਗੇ ਜਾਂ ਕਹਿ ਲਵੋ ਥੋੜੇ ਦਾਗਾਂ ਵਾਲੇ ਈ ਹੋਣਗੇ। ਦੁਆ ਉਨ੍ਹਾਂ ਦੀ ਸਲਾਮਤੀ ਦੀ, ਕਿਉਂਕਿ ਅਜਿਹੇ ਲੋਕ ਹੋਣਗੇ ਤਾਂ ਸਮਾਜ ਹੋਵੇਗਾ। ਹਰੀ ਸਿੰਘ ਜਾਚਕ ਦੀਆਂ ਸਤਰਾਂ ਹਨ,

ਦੁੱਧ ਫੁਟ ਜਾਏ ਤਾਂ ਪਨੀਰ ਬਣ ਜਾਏ।
ਰੁੱਖ ਟੁੱਟ ਜਾਏ ਤਾਂ ਸ਼ਤੀਰ ਬਣ ਜਾਏ।
ਗੁੰਡਿਆਂ ਦੇ ਨਾਲ ਤੂੰ ਵੀ ਰੱਖ ਰਾਮ ਰਾਮ
ਕੀ ਪਤਾ ਕਦੋਂ ਕੋਈ ਵਜ਼ੀਰ ਬਣ ਜਾਏ।

# ਕਿੱਥੇ ਟਿਕੀਆਂ ਹਨ ਸਿਹਤਮੰਦ ਸਮਾਜ ਦੇ ਚਾਹਵਾਨਾਂ ਦੀਆਂ ਅੱਖਾਂ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪੰਜਾਬ ਭਾਰਤ ਦਾ ਹਿੱਸਾ ਹੈ। ਜੋ ਕੁਝ ਭਾਰਤ ਵਿਚ ਹੁੰਦਾ ਹੈ, ਉਹ ਪੰਜਾਬ ਵਿਚ ਵੀ ਹੋਣਾ ਹੈ, ਪੰਜਾਬ ਵਿਚ ਜੋ ਕੁਝ ਵਾਪਰਦਾ ਹੈ, ਉਸ ਦਾ ਭਾਰਤ 'ਤੇ ਓਨਾ ਅਸਰ ਕਦੇ ਨਹੀਂ ਪੈ ਸਕਦਾ। ਜਦੋਂ ਬਾਰਾਂ ਸਾਲਾਂ ਤੱਕ ਪੰਜਾਬ ਦੇ ਲੋਕ ਸਹਿਮੇ ਹੋਏ ਸਨ ਅਤੇ ਉਨ੍ਹਾਂ ਨੂੰ ਦੂਜੇ ਦਿਨ ਦਾ ਸੂਰਜ ਵੇਖਣ ਦਾ ਯਕੀਨ ਤੱਕ ਨਹੀਂ ਸੀ ਹੁੰਦਾ, ਬਾਕੀ ਭਾਰਤ ਵਿਚ ਜ਼ਿੰਦਗੀ ਉਦੋਂ ਆਮ ਤੌਰ 'ਤੇ ਬਿਨਾ ਕਿਸੇ ਵੱਡੇ ਡਿਕੋ-ਡੋਲੇ ਤੋਂ ਸਹਿਜ ਨਾਲ ਤੁਰੀ ਜਾਂਦੀ ਸੀ। ਕਦੇ-ਕਦਾਈਂ ਕੋਈ ਵਾਰਦਾਤ ਹੋ ਜਾਂਦੀ ਤਾਂ ਉਸ ਦਾ ਸਹਿਮ ਚਾਰ ਦਿਨ ਉਸ ਖਾਸ ਖੇਤਰ ਵਿਚ ਰਹਿੰਦਾ ਸੀ, ਬਾਕੀ ਦੇਸ਼ ਨੂੰ ਉਸ ਤੋਂ ਵੀ ਬਹੁਤਾ ਪ੍ਰਭਾਵ ਪਿਆ ਨਹੀਂ ਸੀ ਵੇਖਿਆ ਜਾਂਦਾ।

ਇਸ ਦੇ ਉਲਟ ਜਦੋਂ ਭਾਰਤ ਵਿਚ ਕੁਝ ਵੀ ਵਾਪਰਦਾ ਹੈ, ਪੰਜਾਬ 'ਤੇ ਅਸਰ ਘੱਟ-ਵੱਧ ਸਦਾ ਪੈਂਦਾ ਹੈ, ਪਰ ਵਾਜਪਾਈ-ਅਡਵਾਨੀ ਦੀ ਲੀਡਰਸ਼ਿਪ ਵੇਲੇ ਭਾਜਪਾ ਨੇ ਪੰਜਾਬ ਵਿਚ ਇੱਕ ਅਜਿਹੀ ਧਿਰ ਆਪਣੇ ਨਾਲ ਪੱਕੀ ਗੰਢ ਲਈ, ਜੋ ਯਾਰਾਂ ਦੀ ਯਾਰੀ ਵੱਲ ਵੇਖਦੀ ਹੈ, ਐਬਾਂ ਵੱਲ ਵੇਖਣ ਦੀ ਲੋੜ ਉਹ ਕਦੇ ਨਹੀਂ ਸਮਝਦੀ। ਇਹ ਧਿਰ ਬਾਦਲ ਪਰਿਵਾਰ ਦੀ ਜੇਬ ਵਿਚ ਪੈ ਚੁਕਾ ਅਕਾਲੀ ਦਲ ਹੈ। ਅਕਾਲੀ ਦਲ ਦੇ ਆਗੂ ਬੜੇ ਮਾਣ ਨਾਲ ਆਖਦੇ ਹਨ, ਉਹ ਭਾਜਪਾ ਦੀ ਸਭ ਤੋਂ ਪੁਰਾਣੀ ਤੇ ਪੱਕੀ ਭਾਈਵਾਲ ਧਿਰ ਹਨ ਅਤੇ ਔਖੇ ਤੋਂ ਔਖੇ ਹਾਲਾਤ ਵਿਚ ਵੀ ਉਨ੍ਹਾਂ ਕਦੀ ਭਾਜਪਾ ਦਾ ਸਾਥ ਨਹੀਂ ਛੱਡਿਆ। ਏਨੀ ਪਤੀ-ਵਰਤਾ ਵਫਾ ਦਾ ਪ੍ਰਗਟਾਵਾ ਕਰਨ ਵਾਲੇ ਇਸ ਦਲ ਲਈ ਪੰਜਾਬ ਓਨਾ ਅਹਿਮ ਨਹੀਂ, ਜਿੰਨਾ ਭਾਜਪਾ ਨਾਲ ਰਹਿ ਕੇ ਕੇਂਦਰੀ ਰਾਜ ਵਿਚੋਂ ਹਿੱਸਾ-ਪੱਤੀ ਲੈਣਾ ਹੈ।

ਇਸ ਸਮੇਂ ਭਾਰਤ ਬੜੇ ਨਾਜ਼ੁਕ ਮੋੜ 'ਤੇ ਹੈ। ਇਨ੍ਹਾਂ ਚੋਣਾਂ 'ਚ ਜਿੱਦਾਂ ਦੇ ਸੰਕੇਤ ਮਿਲਦੇ ਹਨ, ਉਨ੍ਹਾਂ ਦਾ ਸਿੱਧਾ ਜ਼ਿਕਰ ਕਰਨ ਤੋਂ ਵੱਡੇ-ਵੱਡੇ ਲੇਖਕ ਵੀ ਝਿਜਕਦੇ ਹਨ ਤੇ ਵਲਾਵੇਂ ਪਾ ਕੇ ਗੱਲ ਕਹਿੰਦੇ ਹਨ ਕਿ ਮਈ ਲੰਘ ਜਾਣ ਪਿੱਛੋਂ ਕੀ ਕੁਝ ਵਾਪਰੂ, ਇਹ ਅਜੋਕੇ ਭਾਰਤ ਦੀ ਹਕੀਕੀ ਹਾਲਤ ਹੈ। ਜਦੋਂ ਵੀ. ਪੀ. ਸਿੰਘ ਦੀ ਚੜ੍ਹਤ ਸਮੇਂ ਕੁਝ ਸਾਧੂ ਤੇ ਸਾਧਵੀਆਂ ਨੂੰ ਲਾਲ ਕ੍ਰਿਸ਼ਨ ਅਡਵਾਨੀ ਦੇ ਦਬਾਅ ਹੇਠ ਵਾਜਪਾਈ ਸਣੇ ਭਾਜਪਾ ਦੀ ਸਾਰੇ ਦੇਸ਼ ਦੀ ਲੀਡਰਸ਼ਿਪ ਨੇ ਅੱਗੇ ਲਿਆਂਦਾ ਸੀ, ਉਦੋਂ ਹੀ ਅਗਲਾ ਦੌਰ ਸਮਝ ਆਉਣ ਲੱਗਾ ਸੀ, ਪਰ ਅਮਰੀਕੀ ਰਾਜਦੂਤ ਨਾਲ ਗੱਲਬਾਤ ਦੌਰਾਨ ਗੋਵਿੰਦਾਚਾਰੀਆ ਦੇ ਸ਼ਬਦਾਂ ਨੇ ਕੁਝ ਸਮਾਂ ਅਟਕਾ ਦਿੱਤਾ ਸੀ। ਗੋਵਿੰਦਾਚਾਰੀਆ ਨੇ ਉਦੋਂ ਵਾਜਪਾਈ ਨੂੰ ਪਾਰਟੀ ਦਾ 'ਮੁੱਖ ਨਹੀਂ, ਸਿਰਫ ਮੁਖੌਟਾ' ਕਹਿ ਦਿੱਤਾ ਸੀ। ਇਸ ਨਾਲ ਵਾਜਪਾਈ ਧੜਾ ਏਨਾ ਭੜਕ ਗਿਆ ਕਿ ਗੋਵਿੰਦਾਚਾਰੀਆ ਨੂੰ ਪਾਰਟੀ ਵਿਚੋਂ ਕੱਢਣ ਦੇ ਨਾਲ ਉਹੋ ਜਿਹੀ ਸੋਚ ਵੀ ਕਈ ਸਾਲਾਂ ਲਈ ਦੱਬੀ ਗਈ ਸੀ।




ਉਦੋਂ ਵਾਲੀ ਸੋਚ ਅੱਜ ਨਿਸਾਰੇ 'ਤੇ ਹੈ। ਭਾਰਤ ਦੇ ਸਭ ਤੋਂ ਵੱਡੇ ਰਾਜ ਉਤਰ ਪ੍ਰਦੇਸ਼ ਦਾ ਮੁੱਖ ਮੰਤਰੀ ਚੁਣਨ ਲਈ ਯੋਗੀ ਆਦਿਤਿਆਨਾਥ ਦਾ ਗੁਣਾ ਐਵੇਂ ਨਹੀਂ ਪਿਆ ਸੀ। ਯੋਗੀ ਉਮਾ ਭਾਰਤੀ ਨਾਲੋਂ ਵੱਧ ਉਹ ਕੰਮ ਕਰ ਸਕਦਾ ਹੈ, ਜਿਨ੍ਹਾਂ ਲਈ ਕਿਸੇ ਵੇਲੇ ਉਮਾ ਭਾਰਤੀ ਨੂੰ ਅੱਗੇ ਲਿਆਂਦਾ ਸੀ। ਅੱਜ ਸਾਧਵੀ ਪ੍ਰਗਿਆ ਸਿੰਘ ਅੱਗੇ ਲਾਈ ਗਈ ਹੈ, ਜੋ ਉਸ ਵੇਲੇ ਉਮਾ ਭਾਰਤੀ ਨਾਲ ਉਭਾਰੀ ਗਈ ਸਾਧਵੀ ਰਿਤੰਬਰਾ ਨਾਲੋਂ ਵੱਧ ਉਸ ਸੋਚ ਨੂੰ ਅੱਗੇ ਵਧਾਉਣ ਲਈ ਕਾਹਲੀ ਹੈ।


ਹਰ ਥਾਂ ਅਜਿਹੇ ਲੋਕ ਨਹੀਂ ਮਿਲਦੇ। ਇਸ ਲਈ ਆਸਾਮ ਦੇ ਮੁੱਖ ਮੰਤਰੀ ਵਾਂਗ ਕਾਂਗਰਸ ਦੀ ਦਿੱਤੀ ਬੁਰਕੀ ਚੱਬ ਚੁਕੇ ਅਤੇ ਸੱਤਾ ਸੁਖ ਮਾਣਨ ਲਈ ਭਾਜਪਾ ਵਿਚ ਆਏ ਕਈ ਆਗੂ ਇਸ ਸੋਚ ਨਾਲ ਸਹਿਮਤ ਨਾ ਹੋਣ ਦੇ ਬਾਵਜੂਦ ਇਸ ਸੋਚ ਦੇ ਸਭ ਤੋਂ ਵੱਡੇ ਝੰਡਾ ਬਰਦਾਰ ਬਣੇ ਦਿਖਾਈ ਦਿੰਦੇ ਹਨ। ਕਿਸੇ ਸਮੇਂ ਆਰ. ਐਸ. ਐਸ. ਨਾਲ ਰਾਜਸੀ ਪਾਰਟੀਆਂ ਦੇ ਸਬੰਧਾਂ ਦਾ ਤਿੱਖਾ ਵਿਰੋਧ ਕਰਨ ਵਾਲਾ ਬਹੁਗੁਣਾ ਪਰਿਵਾਰ ਵੀ ਭਾਜਪਾ ਵਿਚ ਹੈ ਤੇ ਅਯੁੱਧਿਆ ਦੀ ਬਾਬਰੀ ਮਸਜਿਦ ਢਾਹੇ ਜਾਣ ਵਿਰੁਧ ਪਾਰਲੀਮੈਂਟ ਵਿਚ ਰੌਲੀ ਪਾਉਣ ਵਾਲਾ ਸ. ਆਹਲੂਵਾਲੀਆ ਉਨ੍ਹਾਂ ਦਾ ਕਾਰਿੰਦਾ ਬਣ ਚੁਕਾ ਹੈ।

ਪੰਜਾਬ ਦਾ ਅਕਾਲੀ ਦਲ ਵੀ ਸੱਤਾ ਸੁਖ ਲਈ ਹਰ ਹੱਦ ਟੱਪਣ ਵਾਲੀ ਧਿਰ ਹੈ। ਉਨ੍ਹਾਂ ਦਾ ਸਿੱਖੀ ਲਈ ਪ੍ਰੇਮ ਗੁਰੂ ਕੀ ਗੋਲਕ 'ਤੇ ਕਬਜ਼ਾ ਕਰੀ ਰੱਖਣ ਤੱਕ ਸੀਮਤ ਹੈ, ਤਖਤਾਂ ਦੇ ਜਥੇਦਾਰਾਂ ਨੂੰ ਉਹ ਆਪਣੇ ਘਰ ਦੇ ਨਿੱਜੀ ਨੌਕਰਾਂ ਤੋਂ ਵੱਧ ਫੁਰਤੀ ਨਾਲ ਬਦਲ ਦੇਣ ਦਾ ਫਾਰਮੂਲਾ ਵਰਤਦੇ ਹਨ ਅਤੇ ਇਸੇ ਲਈ ਧਾਰਮਿਕ ਹਸਤੀਆਂ ਉਨ੍ਹਾਂ ਅੱਗੇ ਝੁਕ-ਝੁਕ ਜਾਂਦੀਆਂ ਹਨ।

ਇਨ੍ਹਾਂ ਸਥਿਤੀਆਂ ਵਿਚ ਪੰਜਾਬ ਦੇ ਲੋਕਾਂ ਨੂੰ ਜ਼ਰਾ ਸੋਚ ਕੇ ਵੋਟ ਪਾਉਣ ਦੀ ਲੋੜ ਹੈ। ਉਹ ਇਸ ਤਰ੍ਹਾਂ ਸੋਚ ਕੇ ਵੋਟ ਪਾਉਣਗੇ ਜਾਂ ਨਹੀਂ, ਇਹ ਤਾਂ ਪਤਾ ਨਹੀਂ, ਪਰ ਇੱਕ ਗੱਲ ਸਾਫ ਹੈ ਕਿ ਇਸ ਵਾਰ ਪੰਜਾਬ ਦਾ ਰਾਜ ਚਲਾਉਣ ਵਾਲੀ ਪਾਰਟੀ ਆਪਣੀ ਜਿੱਤ ਦੇ ਵਹਿਮ ਵਿਚ ਬਹੁਤ ਹੈ। ਉਨ੍ਹਾਂ ਦਾ 'ਮਿਸ਼ਨ ਤੇਰਾਂ' ਇਸ ਤਰ੍ਹਾਂ ਪੇਸ਼ ਕੀਤਾ ਜਾ ਰਿਹਾ ਹੈ, ਜਿਵੇਂ ਉਨ੍ਹਾਂ ਨੇ ਚੋਣ ਨਹੀਂ ਲੜਨੀ, ਤੇਰਾਂ ਸੀਟਾਂ ਵਾਸਤੇ ਆਪਣੇ ਆਗੂ ਨਾਮਜ਼ਦ ਕਰ ਕੇ ਪਾਰਲੀਮੈਂਟ ਵਿਚ ਭੇਜਣ ਦਾ ਅਧਿਕਾਰ ਪ੍ਰਾਪਤ ਕੀਤਾ ਹੋਇਆ ਹੋਵੇ। ਹਾਲਾਤ ਉਨ੍ਹਾਂ ਲਈ ਅਣਸੁਖਾਵੇਂ ਬਣਦੇ ਜਾਂਦੇ ਹਨ। ਜਿਸ ਤਰ੍ਹਾਂ ਸੁਖਬੀਰ ਸਿੰਘ ਬਾਦਲ ਨੇ ਖੁਦ ਚੋਣ ਲੜਨ ਦੇ ਨਾਲ ਆਪਣੀ ਪਤਨੀ ਨੂੰ ਵੀ ਚੋਣ ਜੰਗ ਵਿਚ ਲਿਆ ਕੇ ਮਾਹੌਲ ਦਾ ਨਕਸ਼ਾ ਪਲਟਣ ਦਾ ਯਤਨ ਕੀਤਾ ਹੈ, ਮਾਹਰ ਆਖਦੇ ਹਨ ਕਿ ਇਹ ਫੈਸਲਾ ਕਰਨ ਤੋਂ ਪਹਿਲਾਂ ਵੀ ਭਾਜਪਾ ਦੇ ਆਗੂਆਂ ਨਾਲ ਬਾਕਾਇਦਾ ਸਲਾਹ ਕਰ ਲਈ ਹੋਵੇਗੀ। ਮਾਹਰ ਕਿੰਨਾ ਕੁ ਠੀਕ ਹਨ ਤੇ ਕਿੰਨਾ ਨਹੀਂ, ਇਸ ਬਾਰੇ ਅਸੀਂ ਕਹਿ ਨਹੀਂ ਸਕਦੇ, ਪਰ ਇੱਕ ਗੱਲ ਪੱਕੀ ਹੈ ਕਿ ਅਕਾਲੀ ਦਲ ਦੇ ਜਿੰਨੇ ਵੀ ਉਮੀਦਵਾਰ ਜਿੱਤਣਗੇ, ਉਹ ਸਿਰਫ ਕਹਿਣ ਨੂੰ ਅਕਾਲੀ ਹੋਣਗੇ, ਉਂਜ ਦਿੱਲੀ ਦੇ ਮਨਜਿੰਦਰ ਸਿੰਘ ਸਿਰਸਾ ਵਾਂਗ ਉਥੇ ਪਹੁੰਚ ਕੇ 'ਮੇਕ ਇਨ ਇੰਡੀਆ' ਦੀ ਮੋਹਰ ਵਾਲੇ ਗਿਣੇ ਜਾਣਗੇ ਅਤੇ ਏਨੇ ਪੱਕੇ ਚੇਲੇ ਬਣਨ ਦਾ ਯਤਨ ਕਰਨਗੇ ਕਿ ਸ਼ਿਵ ਸੈਨਾ ਵਾਲਿਆਂ ਵਾਂਗ ਬੁੜਬੁੜ ਵੀ ਨਹੀਂ ਕਰਨਗੇ। ਇਸ ਦੇ ਸਿੱਟੇ ਵਜੋਂ ਭਾਰਤ ਦਾ ਭਵਿੱਖ ਇਸ 'ਤੇ ਨਿਰਭਰ ਕਰੇਗਾ ਕਿ ਅਣਖ ਨਾਲ ਆਪਣਾ ਸਿਰ ਚੁੱਕ ਕੇ ਗੱਲ ਕਰਨ ਵਾਲੇ ਕਿੰਨੇ ਕੁ ਜਿੱਤਦੇ ਹਨ ਤੇ ਇਸ ਲੋੜ ਦੀ ਪੂਰਤੀ ਲਈ ਜੋ ਧਿਰਾਂ ਚੋਣ ਮੈਦਾਨ ਵਿਚ ਹਨ, ਸਿਹਤਮੰਦ ਸਮਾਜ ਦੇ ਚਾਹਵਾਨਾਂ ਦੀਆਂ ਨਜ਼ਰਾਂ ਉਨ੍ਹਾਂ 'ਤੇ ਹੀ ਟਿਕੀਆਂ ਹੋਈਆਂ ਹਨ, ਸਿਰਫ ਉਨ੍ਹਾਂ 'ਤੇ ਹੀ, ਬਾਕੀ ਸਭ ਤਾਂ ਚੱਲਦਿਆਂ ਨਾਲ ਚੱਲਣ ਵਾਲੇ ਬਣੀ ਜਾ ਰਹੇ ਹਨ।

# ਮੈਂ ਵੀ ਕਰਨੀ ਆ 'ਘਰ ਵਾਪਸੀ'

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

"ਸਰਦਾਰਾ! ਚਾਰ ਧੀਆਂ ਦਾ ਤੂੰ ਬਾਪ, ਨਾ ਜਮੀਨ, ਨਾ ਜਾਇਦਾਦ-ਤੂੰ ਕਿਆ ਲੈਣਾ ਸੀ 'ਡੈਲੀਗੇਟ' ਬਣ ਕੇ? ਇਹ ਤਾਂ ਵਿਹਲੇ ਅਮੀਰਾਂ ਦੇ ਕੰਮ ਐ, ਇਹ ਸਾਨੂੰ ਨਹੀਂ ਪੁੱਗਣੇ।"

ਇਹ ਸਨ, ਸੰਨ 1967-68 ਵਿਚ ਸਾਡੀ ਮਾਂ ਵਲੋਂ ਭਾਈਆ ਜੀ ਨੂੰ ਦਿੱਤੀ 'ਚਿਤਾਵਨੀ' ਦੇ ਬੋਲ, ਜੋ ਉਸ ਨੇ ਉਦੋਂ ਕਹੇ ਸਨ, ਜਦੋਂ ਸਾਡੇ ਪਿਤਾ ਜੀ ਸ਼੍ਰੋਮਣੀ ਅਕਾਲੀ ਦਲ ਦੇ ਨਵਾਂ ਸ਼ਹਿਰ ਤਹਿਸੀਲ ਤੋਂ 'ਡੈਲੀਗੇਟ' ਚੁਣੇ ਗਏ ਸਨ ਤੇ ਉਹ ਪਾਰਟੀ ਪ੍ਰਧਾਨ ਦੀ ਚੋਣ ਵਿਚ ਆਪਣੀ ਵੋਟ ਪਾਉਣ ਵਾਸਤੇ ਅੰਮ੍ਰਿਤਸਰ ਜਾਣ ਲਈ ਤਿਆਰ ਹੋ ਰਹੇ ਸਨ। ਸੁਭਾਅ ਪੱਖੋਂ ਪੂਰੇ ਸਿੰਘ ਭਾਈਆ ਜੀ ਸਾਡੀ ਮਾਂ ਨੂੰ ਅਣਸੁਣਿਆ ਕਰਕੇ ਵੋਟ ਪਾਉਣ ਵੀ ਚਲੇ ਗਏ ਅਤੇ ਆਪਣੇ ਆਖਰੀ ਸਾਹ ਤੱਕ ਅਕਾਲੀ ਦਲ ਦੀ ਸਥਾਨਕ ਸਿਆਸਤ ਵਿਚ ਬਣਦਾ-ਸਰਦਾ ਰੋਲ ਵੀ ਨਿਭਾਉਂਦੇ ਰਹੇ।

ਗੁੜ੍ਹਤੀ 'ਚ ਮਿਲੀ ਹੋਈ 'ਅਕਾਲੀਅਤ' ਸਦਕਾ ਮੈਂ ਵੀ ਪਿਤਾ ਜੀ ਦੀਆਂ ਪੈੜਾਂ ਮੱਲ ਲਈਆਂ। ਅਕਾਲੀ ਦਲ ਦੇ ਸਥਾਨਕ ਪੱਧਰ ਦੇ ਜਲਸੇ, ਜਲੂਸਾਂ, ਧਰਨੇ ਆਦਿ ਵਿਚ ਸ਼ਮੂਲੀਅਤ ਕਰਦਿਆਂ ਕਾਨਫਰੰਸਾਂ ਦਾ ਸਟੇਜ ਸੈਕਟਰੀ ਵੀ ਬਣਨ ਲੱਗਾ। ਉਦੋਂ 'ਅਕਾਲੀ ਪਤ੍ਰਿਕਾ' ਅਤੇ 'ਕੌਮੀ ਦਰਦ' ਮੇਰੀਆਂ ਮਨ ਪਸੰਦ ਅਖਬਾਰਾਂ ਸਨ। ਸਾਡੇ ਲਾਗਲੇ ਪਿੰਡ ਮਜਾਰਾ ਕਲਾਂ ਤੋਂ ਮੇਰਾ ਸਿਰਨਾਵੀਆਂ ਜਥੇਦਾਰ ਤਰਲੋਚਨ ਸਿੰਘ ਉਦੋਂ ਪਹਿਲੀ ਵਾਰ ਸ਼੍ਰੋਮਣੀ ਕਮੇਟੀ ਮੈਂਬਰ ਚੁਣਿਆ ਗਿਆ ਸੀ। ਉਸ ਵੇਲੇ ਦੀਆਂ ਯਾਦਾਂ ਤਾਂ ਧੁੰਦਲੀਆਂ ਜਿਹੀਆਂ ਨੇ, ਪਰ ਸੰਨ 1979 ਵਾਲੀ ਸ਼੍ਰੋਮਣੀ ਕਮੇਟੀ ਦੀ ਚੋਣ ਵੇਲੇ ਮੈਂ ਪਿੰਡ-ਪਿੰਡ ਘੁੰਮ ਕੇ ਵੋਟਾਂ ਬਣਾਈਆਂ ਸਨ।

ਇਸ ਤੋਂ 16-17 ਸਾਲ ਬਾਅਦ ਸੰਨ 1996 ਵਿਚ ਜਦੋਂ ਸ਼੍ਰੋਮਣੀ ਕਮੇਟੀ ਚੋਣਾਂ ਦਾ ਮੁੜ ਬਿਗਲ ਵੱਜਾ, ਤਦ ਸਾਡੇ ਨਵਾਂ ਸ਼ਹਿਰ ਜਿਲੇ ਦੀ ਅਕਾਲੀ ਸਿਆਸਤ ਵਿਚ ਕੁਝ ਅਜਿਹੇ ਹਾਲਾਤ ਬਣੇ ਕਿ ਮਰਹੂਮ ਐਮ. ਐਲ. ਏ. ਜਤਿੰਦਰ ਸਿੰਘ ਕਰੀਹਾ ਨੇ ਮੈਨੂੰ ਉਮੀਦਵਾਰ ਵਜੋਂ ਪੇਸ਼ ਕੀਤਾ। ਗੋਰਾਇਆ ਲਾਗੇ ਗੁਰਦੁਆਰਾ ਸੰਗ ਢੇਸੀਆਂ ਵਿਖੇ ਉਸ ਵੇਲੇ ਦੇ ਸੀਨੀਅਰ ਆਗੂਆਂ ਨੇ ਸ਼੍ਰੋਮਣੀ ਕਮੇਟੀ ਲਈ ਉਮੀਦਵਾਰੀ ਦਾ ਦਾਅਵਾ ਕਰਨ ਵਾਲਿਆਂ ਨਾਲ ਇੰਟਰਵਿਊ ਕੀਤੀ। ਸੁਰਜੀਤ ਸਿੰਘ ਬਰਨਾਲਾ, ਜਗਦੇਵ ਸਿੰਘ ਤਲਵੰਡੀ, ਸੁਖਦੇਵ ਸਿੰਘ ਢੀਂਡਸਾ, ਪ੍ਰਕਾਸ਼ ਸਿੰਘ ਬਾਦਲ ਅਤੇ ਗੁਰਚਰਨ ਸਿੰਘ ਟੌਹੜਾ 'ਤੇ ਆਧਾਰਤ ਪੈਨਲ ਵਿਚੋਂ ਬਜੁਰਗ ਬਾਦਲ ਨੇ ਤਾਂ ਮੈਨੂੰ ਨਾਂਹ ਕਰ ਦਿੱਤੀ, ਅਖੇ, 'ਤੁਸੀਂ ਕਦੇ ਜੇਲ੍ਹ ਨਹੀਂ ਗਏ' ਪਰ ਜਥੇਦਾਰ ਟੌਹੜਾ ਨੇ ਗੱਲ ਹਾਸੇ ਵਿਚ ਪਾਉਂਦਿਆਂ ਮੈਨੂੰ 'ਤਿਆਰੀ ਕਰਨ' ਲਈ ਥਾਪੜਾ ਦੇ ਦਿੱਤਾ। ਮੋਢੇ 'ਤੇ ਥਾਪੀ ਮਾਰ ਟੌਹੜਾ ਸਾਹਿਬ ਨੇ ਕਿਹਾ ਸੀ, "ਇਹਨੂੰ ਜੇਲ੍ਹ ਕਿਤੇ ਫੇਰ ਭੇਜ ਦਿਆਂਗੇ, ਟਿਕਟ ਦੇ ਦਿਉ 'ਮੁੰਡੇ' ਨੂੰ।"

1996 ਵਿਚ ਮੈਂਬਰ ਸ਼੍ਰੋਮਣੀ ਕਮੇਟੀ ਬਣ ਕੇ ਸ਼ਾਇਦ ਮੈਂ ਦੂਜੀ ਕੁ ਵਾਰ ਸ਼੍ਰੋਮਣੀ ਕਮੇਟੀ ਦੇ ਦਫਤਰ ਗਿਆ। ਰਿਕਸ਼ੇ ਤੋਂ ਉਤਰ ਕੇ ਮੈਂ ਇਕੱਲਾ ਤੇਜਾ ਸਿੰਘ ਸਮੁੰਦਰੀ ਹਾਲ ਮੋਹਰੇ ਤੁਰਿਆ ਜਾ ਰਿਹਾ ਸਾਂ। ਸ਼੍ਰੋਮਣੀ ਕਮੇਟੀ ਵਿਚ ਬਤੌਰ ਮੈਨੇਜਰ ਕੰਮ ਕਰਦੇ ਸ. ਭਾਟੀਆ, ਜੋ ਮੇਰੇ ਪੁਰਾਣੇ ਵਾਕਫ ਸਨ, ਮੈਨੂੰ ਦੇਖ ਕੇ ਮੇਰੇ ਕੋਲ ਆ ਕੇ ਕਹਿੰਦੇ, "ਜਥੇਦਾਰ ਜੀ, ਇਕੱਲੇ ਹੀ ਤੁਰੇ ਆ ਰਹੇ ਹੋ?"

"ਹੋਰ ਭਲਾ ਮੇਰੇ ਨਾਲ ਫੌਜਾਂ ਹੋਣੀਆਂ ਸਨ?" ਮੇਰਾ ਜਵਾਬ ਸੁਣ ਕੇ ਉਹ ਪਰਦੇ ਨਾਲ ਗੱਲ ਕਰਨ ਵਾਂਗ ਮੇਰੇ ਕੰਨ ਕੋਲ ਮੂੰਹ ਕਰਕੇ ਬੋਲੇ, "ਹਾਲੇ ਤਾਂ ਅਮਨ ਚੈਨ ਹੀ ਆ, ਜਿਸ ਦਿਨ ਅਹਿ ਦੋਵੇਂ ਬੁੜ੍ਹੇ (ਬਾਦਲ ਤੇ ਟੌਹੜਾ) ਆਪਸ ਵਿਚ ਲੜ ਪਏ, ਫਿਰ ਦੇਖਿਓ ਤੁਹਾਨੂੰ ਅੰਮ੍ਰਿਤਸਰ ਨੂੰ ਕਿਵੇਂ 'ਲਿਆਂਦਾ ਜਾਇਆ' ਕਰੇਗਾ।"

ਉਹੀ ਗੱਲ ਹੋਈ। ਬਸ 1997 ਵਾਲਾ ਸਾਲ ਹੀ ਸੁੱਖ-ਸਬੀਲੀ ਨਾਲ ਲੰਘਿਆ। 1998 ਵਿਚ ਸਚਮੁੱਚ 'ਦੋਹਾਂ ਬੁੜ੍ਹਿਆਂ' ਦੀ ਲੜਾਈ ਸ਼ੁਰੂ ਹੋ ਗਈ, ਜੋ 1999 ਵਿਚ ਸਿਖਰ 'ਤੇ ਪਹੁੰਚ ਗਈ। ਜਥੇਦਾਰ ਟੌਹੜਾ ਨੇ ਵੱਖਰਾ ਦਲ ਬਣਾ ਲਿਆ। ਧਾਰਮਿਕ ਬਿਰਤੀ ਹੋਣ ਕਰਕੇ ਮੇਰਾ ਬਹੁਤਾ ਝੁਕਾਅ ਤਾਂ ਟੌਹੜਾ ਧੜੇ ਨਾਲ ਹੀ ਸੀ, ਪਰ ਜਿਨ੍ਹਾਂ ਜਿਲਾ ਪੱਧਰੀ ਅਕਾਲੀ ਆਗੂਆਂ ਨੇ ਮਦਦ ਕਰਕੇ ਮੈਨੂੰ ਟਿਕਟ ਦਿਵਾਈ ਸੀ ਤੇ ਚੋਣ ਜਿਤਾਈ ਸੀ, ਉਹ ਸਾਰੇ ਬਾਦਲ ਦਲ ਨਾਲ ਹੋਣ ਕਰਕੇ ਮੈਂ ਨਾ ਚਾਹੁੰਦਿਆਂ ਵੀ ਬਾਦਲ ਦਲ ਵਿਚ ਟਿਕਿਆ ਰਿਹਾ। ਤਕਨੀਕੀ ਪੱਖੋਂ ਭਾਵੇਂ ਮੈਂ ਬਾਦਲ ਦਲੀਆ ਹੀ ਸਾਂ, ਪਰ ਅਕਸਰ ਬਿਆਨਬਾਜ਼ੀ 'ਟੌਹੜਾ ਸੁਰ' ਵਾਲੀ ਹੀ ਕਰਦਾ ਰਹਿੰਦਾ, ਜਿਸ ਕਰਕੇ ਮੈਨੂੰ ਬਾਦਲ ਦਲ ਦੇ ਦਫਤਰੋਂ 'ਕਾਰਨ ਦੱਸੋ' ਨੋਟਿਸ ਵੀ ਮਿਲੇ। ਇਕ-ਦੋ ਵਾਰ ਵੱਡੇ ਬਾਦਲ ਨੇ ਮੇਲ-ਮੁਲਾਕਾਤਾਂ ਦੌਰਾਨ ਮੈਨੂੰ 'ਤਾੜਿਆ' ਵੀ, ਅਖੇ, "ਕਾਕਾ ਜੀ, ਬਿਆਨਬਾਜ਼ੀ ਨਾ ਕਰਿਆ ਕਰੋ।"

1999 ਵਿਚ ਆਪਣੇ ਰਾਹ ਦਾ ਰੋੜਾ ਸਮਝ ਕੇ ਬਾਦਲ ਵਲੋਂ ਅਕਾਲ ਤਖਤ ਦੀ ਜਥੇਦਾਰੀ ਤੋਂ ਲਾਹੇ ਗਏ ਭਾਈ ਰਣਜੀਤ ਸਿੰਘ ਨਾਲ ਉਨ੍ਹੀਂ ਦਿਨੀਂ ਬੜੀ ਦਿਲਚਸਪ ਮੁਲਾਕਾਤ ਹੋਈ। ਢਾਹਾਂ ਕਲੇਰਾਂ ਹਸਪਤਾਲ ਵਿਚ ਉਹ ਕਦੇ-ਕਦਾਈਂ ਆਉਂਦੇ ਜਾਂਦੇ ਸੀ, ਜਿੱਥੇ ਮੈਂ ਰੋਜੀ-ਰੋਟੀ ਲਈ ਨੌਕਰੀ ਕਰਦਾ ਸਾਂ। ਇਕ ਵਾਰ ਉਸ ਅਦਾਰੇ ਦੇ ਬਾਨੀ ਪ੍ਰਧਾਨ ਮਰਹੂਮ ਬੁੱਧ ਸਿੰਘ ਢਾਹਾਂ ਨੇ ਭਾਈ ਰਣਜੀਤ ਸਿੰਘ ਕੋਲ ਮੇਰੀਆਂ ਬੜੀਆਂ ਸਿਫਤਾਂ ਕੀਤੀਆਂ। ਸਿਫਤਾਂ ਸੁਣ ਕੇ ਭਾਈ ਸਾਹਿਬ ਮੇਰੇ ਚਿਹਰੇ ਵੱਲ ਦੇਖਦੇ ਰਹੇ ਅਤੇ ਗੱਲ ਮੁੱਕਣ 'ਤੇ ਬੜੀ ਬੇਬਾਕੀ ਨਾਲ ਕਹਿੰਦੇ, "ਕੀ ਕਰਨਾ ਇਨ੍ਹਾਂ ਦੀ ਵਧੀਆ ਲੇਖਣੀ ਨੂੰ ਅਤੇ ਚੰਗੇ ਬੁਲਾਰੇ ਹੋਣ ਨੂੰ, ਹੈਗੇ ਤਾਂ ਇਹ ਬਾਦਲ ਦਲ ਦੀ ਗਾਂ ਹੀ ਨਾ?"

ਬਾਦਲ ਦਲ ਦੀ ਗਾਂ ਨਾ ਬਣੇ ਹੋਣ ਦੇ ਸਬੂਤ ਵਜੋਂ ਮੈਂ ਕਈ ਮਿਸਾਲਾਂ ਦਿੱਤੀਆਂ, ਪਰ ਮੈਨੂੰ ਯਾਦ ਹੈ, ਉਨ੍ਹਾਂ ਦੀ ਤਸੱਲੀ ਨਹੀਂ ਸੀ ਹੋਈ।

ਖੈਰ! ਲਿਖਤ ਸਮੇਟਦਿਆਂ ਵਿਸ਼ੇ ਵੱਲ ਆਉਂਦਾ ਹਾਂ। ਸੰਨ 2002 ਵਿਚ ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਬਣਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਦੂਜੇ ਅਹੁਦੇਦਾਰਾਂ ਦੀ ਸਾਲਾਨਾ ਚੋਣ ਆ ਗਈ ਤਾਂ ਬਾਦਲ ਦਲ ਨੇ ਸਾਨੂੰ ਸਰਕਾਰੀ ਪ੍ਰਭਾਵ ਤੋਂ ਬਚਾਉਣ ਹਿਤ ਪਹਿਲਾਂ ਨਾਡਾ ਸਾਹਿਬ, ਤੇ ਫਿਰ ਬਾਲਾਸਰ ਲੈ ਆਂਦਾ। ਬਾਲਾਸਰ ਦੇ ਇਕ ਵਾੜੇ ਵਿਚ ਰੱਖੇ ਹੋਏ ਪਾਕਿਸਤਾਨੀ ਭੇਡੂਆਂ ਕੋਲ ਇਕ ਰਾਤ ਬਿਤਾ ਕੇ ਮੈਂ ਅਤੇ ਮੇਰੇ ਦੋ ਹਰ ਸਾਥੀ ਭਾਈ ਬਡੂੰਗਰ ਦੀ ਸੂਮੋ 'ਚ ਬਹਿ ਕੇ ਹਰਿਆਣਾ ਦੇ ਚੌਟਾਲਿਆਂ ਦੇ ਫਾਰਮ ਹਾਊਸ ਚਲੇ ਗਏ। ਸਿਰਫ ਟੌਹੜਾ ਸਾਹਿਬ ਨੂੰ ਵੋਟ ਭੁਗਤਣ ਦੇ ਡਰੋਂ ਇਥੇ ਮੈਂਬਰਾਂ ਦੀ 'ਹਰ ਤਰ੍ਹਾਂ ਦੀ ਸੇਵਾ' ਦੇਖ ਕੇ ਮੇਰਾ ਦਿਲ ਉਚਾਟ ਹੋ ਗਿਆ। ਕੀ ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਆਪਣੀ ਕੋਈ ਸੋਚ, ਜ਼ਮੀਰ ਹੈ ਨਹੀਂ? ਇਨ੍ਹਾਂ ਨੂੰ ਲੋਭ, ਲਾਲਚ ਦੇ ਕੇ ਆਪਣਾ ਧੜਾ ਪਾਲਣਾ, ਇਹ ਕਿਧਰਲਾ 'ਪੰਥਕ ਕਾਰਜ' ਹੋਇਆ?

ਅਕਤੂਬਰ 2002 ਵਿਚ ਜਿਸ ਦਿਨ ਸੌਦਾ ਸਾਧ ਦੇ ਚਾਟੜਿਆਂ ਨੇ ਪੱਤਰਕਾਰ ਰਾਮਚੰਦਰ ਛਤਰਪਤੀ ਦੇ ਗੋਲੀਆਂ ਮਾਰੀਆਂ, ਉਸ ਤੋਂ ਦੂਜੇ ਦਿਨ ਮੈਂ ਚੌਟਾਲਾ ਫਾਰਮ ਹਾਊਸ ਤੋਂ ਅੱਧੀ ਰਾਤ ਤੋਂ ਬਾਅਦ ਬਗਾਵਤ ਕਰਕੇ ਡੱਬਵਾਲੀ ਥਾਣੀਂ ਹੁੰਦਾ ਆਪਣੇ ਪਿੰਡ ਪਹੁੰਚ ਗਿਆ। ਬਾਦਲ ਖੇਮੇ 'ਚੋਂ ਆਉਣ ਦੀ ਖਬਰ ਸੁਣ ਕੇ ਟੌਹੜਾ ਧੜੇ ਵਾਲਿਆਂ ਦੀਆਂ ਵਾਛਾਂ ਖਿੜ ਗਈਆਂ। ਇਕ ਦਿਨ ਸੁਵਖਤੇ ਹੀ ਪ੍ਰੇਮ ਸਿੰਘ ਚੰਦੂਮਾਜਰਾ ਮੇਰੇ ਘਰ ਵਧਾਈ ਦੇਣ ਆ ਪਹੁੰਚੇ। ਕਹਿੰਦੇ, "ਤੁਸੀਂ ਤਾਂ ਜੀ ਮਲਕ ਭਾਗੋ ਦਾ ਤਿਆਗ ਕਰਕੇ ਮਹਾਨ ਪੰਥਪ੍ਰਸਤੀ ਦੀ ਮਿਸਾਲ ਕਾਇਮ ਕਰ ਦਿੱਤੀ ਐ।"

ਉਧਰੋਂ ਸ. ਬਾਦਲ ਵਲੋਂ 'ਘਰ ਵਾਪਸੀ' ਲਈ ਮਹਿੰਗੀਆਂ ਤੋਂ ਮਹਿੰਗੀਆਂ ਪੇਸ਼ਕਸ਼ਾਂ ਦੇ ਫੋਨ ਅਤੇ ਇਧਰੋਂ ਟੌਹੜਾ ਧੜੇ ਦੀਆਂ ਵਧਾਈਆਂ ਦੇ ਫੋਨ ਦਿਨ ਰਾਤ ਖੜਕਣ ਲੱਗੇ। ਮੁੱਖ ਮੰਤਰੀ ਕੈਪਟਨ ਸਾਹਿਬ ਨੇ ਵੀ ਨਵਾਂ ਸ਼ਹਿਰ ਦੇ ਐਸ. ਐਸ. ਪੀ. ਰਾਹੀਂ ਮੈਨੂੰ ਮਿਲਣ ਲਈ 'ਸਰਕਾਰੀ ਸੁਨੇਹਾ' ਭੇਜਿਆ, ਪਰ ਮੈਂ ਬਾਦਲ ਦਲ ਤੋਂ ਤਿਆਗ ਨੂੰ ਆਪਣੀ ਜ਼ਮੀਰ ਦਾ ਫੈਸਲਾ ਬਣਾਈ ਰੱਖਣ ਲਈ ਇਨਕਾਰ ਕਰ ਦਿੱਤਾ। ਜੇ ਮੈਂ ਹੁੱਬ ਕੇ ਚਲਾ ਜਾਂਦਾ ਤਾਂ ਮੇਰੇ 'ਤੇ ਵੀ 'ਸ਼ੱਕੀ' ਜਾਂ 'ਖਰੀਦਿਆ ਹੋਇਆ' ਦਾ ਲੇਬਲ ਲੱਗ ਜਾਣਾ ਸੀ।

ਇਸੇ ਦੌਰਾਨ ਟੌਹੜਾ ਧੜੇ ਨੇ ਲੁਧਿਆਣੇ ਇਕ ਗੁਰਦੁਆਰੇ ਵਿਚ ਸਮਾਗਮ ਕਰਕੇ ਮੈਨੂੰ ਸ਼ਾਨਦਾਰ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ, ਜਿਸ ਦੀ ਪ੍ਰਸ਼ੰਸਾਮਈ ਇਬਾਰਤ ਵਿਚ ਲਿਖਿਆ ਹੋਇਆ ਸੀ ਕਿ ਮੈਂ ਤਾਜਦਾਰਾਂ ਨੂੰ ਛੱਡ ਕੇ ਭਾਈ ਲਾਲੋ ਦੀ ਵਿਚਾਰਧਾਰਾ ਦਾ ਸਾਥ ਦੇ ਕੇ 'ਅਸਲ ਅਕਾਲੀ' ਹੋਣ ਦਾ ਸਬੂਤ ਦਿੱਤਾ ਹੈ; ਤੇ ਜਦੋਂ ਕੁਝ ਅਰਸੇ ਬਾਅਦ ਟੌਹੜਾ ਸਾਬ੍ਹ ਨੇ ਬਾਦਲ ਸਾਬ੍ਹ ਪਾਸੋਂ ਪੀਲਾ ਸਿਰੋਪਾਓ ਗਲ 'ਚ ਪੁਆ ਕੇ ਪੀਲਾ ਹੀ ਲੱਡੂ ਖਾ ਲਿਆ ਤਾਂ ਮੈਂ ਬੜੇ ਹਿਰਖ ਨਾਲ ਉਹੀ, ਲੁਧਿਆਣੇ ਵਾਲਾ ਮੋਮੈਂਟੋ ਚੁੱਕ ਕੇ ਟੌਹੜਾ ਸਾਹਿਬ ਨੂੰ ਪੁੱਛਣ ਗਿਆ ਕਿ ਜਥੇਦਾਰ ਜੀ! ਇਹਦਾ ਹੁਣ ਮੈਂ ਕੀ ਕਰਾਂ? ਕਿਸੇ ਖੂਹ ਖਾਤੇ ਸੁੱਟ ਦਿਆਂ ਜਾਂ ਫਿਰ ਘਰੇ ਮੂਧਾ ਮਾਰ ਦਿਆਂ? ਇਸ ਮੌਕੇ ਜੋ ਵਾਰਤਾਲਾਪ ਹੋਇਆ ਸੀ, ਉਹਦੇ ਬਾਰੇ ਮੈਂ ਉਦੋਂ ਅਖਬਾਰੀ ਲੇਖ 'ਚ ਦਿਲ ਦਾ ਗੁੱਸਾ ਕੱਢਿਆ ਸੀ।

'ਲੰਘ ਗਈ ਰਾਤ ਤੇ ਮੁੱਕ ਗਈ ਬਾਤ' ਵਾਂਗ ਚੜ੍ਹਦੇ ਸੰਨ 2004 ਵਿਚ ਮੇਰੀ ਸ਼੍ਰੋਮਣੀ ਕਮੇਟੀ ਮੈਂਬਰੀ ਖਤਮ ਹੋ ਗਈ ਅਤੇ ਅਮਰੀਕਾ ਰਹਿੰਦੀ ਵੱਡੀ ਭੈਣ ਵੱਲੋਂ ਕੀਤੀ ਹੋਈ 'ਬਲੱਡ ਰਿਲੇਸ਼ਨ' ਵਾਲੀ ਪਟੀਸ਼ਨ ਨਿਕਲ ਆਈ ਤੇ ਮੈਂ ਪਰਿਵਾਰ ਸਮੇਤ ਆਪਣੀ 'ਅਕਾਲੀਅਤ' ਨੂੰ ਨਾਲ ਲੈ ਕੇ ਅਮਰੀਕਾ ਆ ਗਿਆ।

ਜਿਸ ਦਲ ਨੂੰ ਮੈਂ 2002 ਵਿਚ ਹੀ ਬੁਰਾ ਸਮਝ ਕੇ ਛੱਡ ਦਿੱਤਾ, ਉਸ ਨੇ 2019 ਤਕ ਪਹੁੰਚਦਿਆਂ ਐਸਾ ਇਤਿਹਾਸ ਸਿਰਜ ਲਿਆ ਹੈ ਕਿ ਉਸ ਨੂੰ ਪੰਥਕ ਸਮਝਣਾ ਜਾਂ ਕਹਿਣਾ ਘੋਰ ਅਨਿਆਂ ਹੋਵੇਗਾ। ਇਕ ਸਮੇਂ ਸਿੱਖ ਬੁੱਧੀਜੀਵੀ ਕਿਹਾ ਕਰਦੇ ਸਨ ਕਿ ਭਾਜਪਾ ਸਿੱਖਾਂ ਲਈ ਅਜਗਰ ਹੈ ਤੇ ਕਾਂਗਰਸ ਫਨੀਅਰ ਸੱਪ।

ਜ਼ਰਾ ਸੋਚੋ, ਬਾਦਲ ਦਲ ਦੇ ਦਸ ਸਾਲਾ ਰਾਜ ਦੌਰਾਨ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਈ, ਬੇਅਦਬੀ ਵਿਰੁਧ ਸ਼ਾਂਤਮਈ ਰੋਸ ਕਰਦੀ ਸੰਗਤ ਉਤੇ ਗੋਲੀਆਂ ਚਲਾਉਣ ਨਾਲ ਦੋ ਸਿੰਘ ਸ਼ਹੀਦ ਹੋਏ। ਬੇਅਦਬੀਆਂ ਦੇ ਗੁਨਾਹਗਾਰ ਸੌਦਾ ਪ੍ਰੇਮੀਆਂ ਦੇ ਗੁਰੂ-ਘੰਟਾਲ ਰਾਮ ਰਹੀਮ ਨੂੰ ਮੁਆਫੀ ਦਿਵਾਉਣ, ਫਿਰ ਮੁਆਫੀਨਾਮੇ ਵਾਪਸ ਲੈਣ ਲਈ ਬਾਦਲ ਦਲ ਨੇ ਅਕਾਲ ਤਖਤ ਸਾਹਿਬ ਦੀ ਹਾਸੋ-ਹੀਣੀ ਕਰਵਾਈ 'ਤੇ ਗੁਰੂ ਕੀ ਗੋਲਕ ਲੁਟਾਈ। ਇਹ ਸਾਰੇ ਕਾਰੇ ਦੇਖ ਕੇ ਬਾਦਲ ਦਲ ਨੂੰ 'ਅਕਾਲੀ ਦਲ' ਕਹਿਣਾ ਕੀ ਵਾਜਬ ਹੈ?

ਬੇਅਦਬੀ ਤੇ ਗੋਲੀ ਕਾਂਡ ਵਿਰੁਧ ਰੋਸ ਵਜੋਂ 2015 ਵਿਚ ਬਾਦਲ ਦਲ ਤੋਂ ਕਿਨਾਰਾ ਕਰ ਗਏ ਕੁਝ ਸ਼੍ਰੋਮਣੀ ਕਮੇਟੀ ਮੈਂਬਰਾਂ ਵਲੋਂ ਹੁਣ ਭਖੇ ਚੋਣ ਮਾਹੌਲ ਵਿਚ ਬਾਦਲ ਦਲ ਵਿਚ 'ਘਰ ਵਾਪਸੀ' ਦੀਆਂ ਮਨਹੂਸ ਖਬਰਾਂ ਦੇ ਹਵਾਲੇ ਨਾਲ ਮੇਰੇ ਪੰਜਾਬ ਰਹਿੰਦੇ ਮਿੱਤਰ ਨੇ ਪੁੱਛਿਆ, "ਤੁਸੀਂ ਨਹੀਂ ਕਰਨੀ ਘਰ ਵਾਪਸੀ?"

ਮੇਰਾ ਜਵਾਬ ਸੀ, "ਬਿਲਕੁਲ ਕਰਨੀ ਹੈ ਜੀ! ਪਰ ਉਦੋਂ ਕਰਾਂਗਾ, ਜਦੋਂ ਇਹ ਬਾਦਲ ਦਲ ਕਿਸੇ ਮੌਕੇ 'ਸ਼੍ਰੋਮਣੀ ਅਕਾਲੀ ਦਲ' ਬਣਿਆ। ਜੇ ਜਿਉਂਦੇ ਜੀਅ ਅਜਿਹਾ ਨਾ ਹੋ ਸਕਿਆ ਤਾਂ ਇਸ 'ਅਕਾਲੀ' ਦੀ ਅਕਾਲ ਪੁਰਖ ਦੇ ਘਰ ਦਰ ਲਈ 'ਘਰ ਵਾਪਸੀ' ਹੋਵੇਗੀ।"

ਪੰਜਾਬ ਟਾਈਮਜ਼

*ਸਨਿਚਰਵਾਰ, 4 ਮਈ 2019*

## ਚੋਣਾਂ ਅਤੇ ਸਿਆਸਤ ਦਾ ਘੜਮੱਸ

ਭਾਰਤ ਵਿਚ ਹੋ ਰਹੀਆਂ ਲੋਕ ਸਭਾ ਚੋਣਾਂ ਦੇ ਚਾਰ ਪੜਾਅ ਮੁਕੰਮਲ ਹੋ ਚੁਕੇ ਹਨ। ਪੰਜਵੇਂ, ਛੇਵੇਂ ਅਤੇ ਸੱਤਵੇਂ ਪੜਾਅ ਤਹਿਤ ਵੋਟਾਂ ਕ੍ਰਮਵਾਰ 6, 12 ਅਤੇ 19 ਮਈ ਨੂੰ ਪੈਣੀਆਂ ਹਨ। ਪੰਜਾਬ ਵਿਚ ਵੋਟਾਂ ਸੱਤਵੇਂ ਪੜਾਅ ਵਿਚ 19 ਮਈ ਨੂੰ ਪੈਣੀਆਂ ਹਨ। ਚਾਰ ਪੜਾਵਾਂ ਤੋਂ ਬਾਅਦ ਸਿਆਸੀ ਹਾਲਤ ਕੁਝ-ਕੁਝ ਸਪਸ਼ਟ ਹੋ ਰਹੀ ਹੈ। ਐਤਕੀਂ ਭਾਵੇਂ ਨਰਿੰਦਰ ਮੋਦੀ ਅਤੇ ਭਾਰਤੀ ਜਨਤਾ ਪਾਰਟੀ ਦੀ ਸਿਆਸੀ ਪੈਂਠ ਪਿਛਲੀਆਂ 2014 ਵਾਲੀਆਂ ਲੋਕ ਸਭਾ ਚੋਣਾਂ ਵਾਲੀ ਨਹੀਂ ਹੈ, ਪਰ ਇਸ ਵਾਰ ਵੀ ਚੋਣਾਂ ਦਾ ਕੇਂਦਰ ਬਿੰਦੂ ਨਰਿੰਦਰ ਮੋਦੀ, ਉਸ ਦਾ ਗੁਜਰਾਤੀ ਜੋਟੀਦਾਰ ਅਮਿਤ ਸ਼ਾਹ ਅਤੇ ਭਾਰਤੀ ਜਨਤਾ ਪਾਰਟੀ ਹੀ ਹਨ। ਸਿਆਸੀ ਵਿਸ਼ਲੇਸ਼ਕਾਂ ਵਲੋਂ ਇਨ੍ਹਾਂ ਚੋਣਾਂ ਨੂੰ ਇਸ ਕਰਕੇ ਵੀ ਵਧੇਰੇ ਅਹਿਮੀਅਤ ਦਿੱਤੀ ਜਾ ਰਹੀ ਹੈ, ਕਿਉਂਕਿ ਇਨ੍ਹਾਂ ਚੋਣਾਂ ਨੇ ਭਵਿਖ ਦੀ ਸਿਆਸਤ ਦਾ ਰਾਹ ਪੱਧਰਾ ਕਰਨਾ ਹੈ। ਨਰਿੰਦਰ ਮੋਦੀ ਅਤੇ ਉਸ ਦੀ ਸਰਪ੍ਰਸਤ ਜਥੇਬੰਦੀ ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐਸ. ਐਸ.) ਨੇ ਪੂਰੇ ਪੰਜ ਸਾਲ ਜਿਸ ਤਰ੍ਹਾਂ ਦੇਸ਼ ਦਾ ਪ੍ਰਬੰਧ ਚਲਾਇਆ ਹੈ, ਉਸ ਤੋਂ ਕਿਸੇ ਨੂੰ ਕੋਈ ਭੁਲੇਖਾ ਨਹੀਂ ਰਹਿ ਗਿਆ ਕਿ ਇਹ ਲੋਕ ਹਿੰਦੂ ਰਾਸ਼ਟਰ ਦੀ ਕਾਇਮੀ ਲਈ ਕਿੰਨਾ ਤੀਂਘੜ ਰਹੇ ਹਨ। ਕੇਂਦਰ ਸਰਕਾਰ ਦੀਆਂ ਬਹੁਤੀਆਂ ਸਿਆਸੀ ਚਾਲਾਂ ਵਿਚ ਸਪਸ਼ਟ ਸੰਕੇਤ ਸੁੱਟੇ ਗਏ ਕਿ ਉਨ੍ਹਾਂ ਦਾ ਦਾਈਆ ਹਿੰਦੂਤਵ ਦੀ ਸਰਦਾਰੀ ਕਾਇਮ ਕਰਨਾ ਹੀ ਹੈ। ਆਰ. ਐਸ. ਐਸ. ਅਤੇ ਭਾਰਤੀ ਜਨਤਾ ਪਾਰਟੀ ਦੀ ਲੀਡਰਸ਼ਿਪ ਦੀ ਗਿਣਤੀ-ਮਿਣਤੀ ਇਹ ਹੈ ਕਿ ਜੇ ਦੇਸ਼ ਦੀ ਹਿੰਦੂ ਵਸੋਂ ਵਿਚੋਂ ਬਹੁਤੀ ਨੂੰ ਆਪਣੇ ਪਾਲੇ ਵਿਚ ਖਿੱਚ ਲਿਆ ਜਾਵੇ ਤਾਂ ਚੋਣਾਂ ਵਿਚ ਜਿੱਤ ਦੇ ਰਾਹ ਖੁੱਲ੍ਹ ਸਕਦੇ ਹਨ। ਅਜੇ ਤਕ ਲੀਡਰਸ਼ਿਪ ਦੀ ਇੱਛਾ ਨੂੰ ਬੂਰ ਨਹੀਂ ਪਿਆ ਹੈ, ਉਂਜ ਚਹੁੰ ਪੜਾਵਾਂ ਦੇ ਚੋਣ ਪ੍ਰਚਾਰ ਦੌਰਾਨ ਸਾਫ ਹੋ ਗਿਆ ਕਿ ਇਹ ਲੋਕ ਇਹ ਟੀਚਾ ਹਾਸਲ ਕਰਨ ਲਈ ਹਰ ਜੋਖਮ ਉਠਾਉਣ ਲਈ ਤਿਆਰ ਹਨ ਅਤੇ ਅਜਿਹੇ ਮੁੱਦੇ ਵਾਰ-ਵਾਰ ਉਭਾਰੇ ਜਾ ਰਹੇ ਹਨ, ਜਿਨ੍ਹਾਂ ਨਾਲ ਆਮ ਲੋਕਾਂ ਅੰਦਰ ਮਸਨੂਈ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਕੇ ਉਨ੍ਹਾਂ ਦਾ ਸਮਰਥਨ ਹਾਸਲ ਕੀਤਾ ਜਾ ਸਕੇ।

ਇਸ ਮਾਮਲੇ ਵਿਚ ਨਰਿੰਦਰ ਮੋਦੀ ਮਰਿਆਦਾ ਦੀ ਹਰ ਸੀਮਾ ਪਾਰ ਕਰ ਗਿਆ ਹੈ। ਉਹ ਆਪਣੇ ਚੋਣ ਜਲਸਿਆਂ ਵਿਚ ਵੋਟਰਾਂ ਖਾਸ ਕਰਕੇ ਨੌਜਵਾਨ ਤੇ ਪਹਿਲੀ ਵਾਰ ਵੋਟ ਦਾ ਇਸਤੇਮਾਲ ਕਰ ਰਹੇ ਲੋਕਾਂ ਤੋਂ 'ਪੁਲਵਾਮਾ ਦੇ ਸ਼ਹੀਦਾਂ' ਲਈ ਵੋਟਾਂ ਮੰਗ ਰਿਹਾ ਹੈ। ਧਰਮ ਦੇ ਆਧਾਰ ਉਤੇ ਵੋਟਰਾਂ ਦੇ ਧਰੁਵੀਕਰਨ ਲਈ ਦੇਸ਼ ਦੀ ਸੁਰੱਖਿਆ ਨੂੰ ਵੀ ਲਗਾਤਾਰ ਉਭਾਰਿਆ ਜਾ ਰਿਹਾ ਹੈ। ਵਿਰੋਧੀ ਪਾਰਟੀਆਂ ਨੇ ਅਜਿਹੀਆਂ ਭੜਕਾਊ ਤਕਰੀਰਾਂ ਦੀ ਸ਼ਿਕਾਇਤ ਭਾਰਤੀ ਚੋਣ ਕਮਿਸ਼ਨ ਕੋਲ ਕੀਤੀ ਹੈ, ਪਰ ਇਸ ਮਾਮਲੇ ਵਿਚ ਚੋਣ ਕਮਿਸ਼ਨ ਵੀ ਅੱਖਾਂ ਮੀਟੀ ਬੈਠਾ ਹੈ ਅਤੇ ਮੋਦੀ ਤੇ ਹੋਰ ਆਗੂ ਪੂਰੀ ਖੁੱਲ੍ਹ ਖੇਡ ਰਹੇ ਹਨ। ਉਂਜ, ਸਿਆਸੀ ਵਿਸ਼ਲੇਸ਼ਕ ਮੋਦੀ ਲਾਣੇ ਦੀ ਇਸ ਪਹੁੰਚ ਨੂੰ ਬੁਖਲਾਹਟ ਨਾਲ ਜੋੜ ਕੇ ਦੇਖ ਰਹੇ ਹਨ। ਇਨ੍ਹਾਂ ਦਾ ਮੰਨਣਾ ਹੈ ਕਿ ਭਾਰਤੀ ਜਨਤਾ ਪਾਰਟੀ ਨੂੰ ਐਤਕੀਂ 2014 ਜਿੰਨੀ ਸਫਲਤਾ ਹਾਸਲ ਨਹੀਂ ਹੋਣੀ ਹੈ, ਇਸੇ ਕਰਕੇ ਇਹ ਭੜਕਾਊ ਸਿਆਸਤ ਉਤੇ ਉਤਰ ਆਏ ਹਨ। ਇਨ੍ਹਾਂ ਵਿਸ਼ਲੇਸ਼ਕਾਂ ਦੀ ਗਿਣਤੀ-ਮਿਣਤੀ ਮੁਤਾਬਕ ਭਾਰਤੀ ਜਨਤਾ ਪਾਰਟੀ ਨੂੰ ਹਿੰਦੀ ਬੈਲਟ ਵਾਲੇ ਉਤਰੀ ਸੂਬਿਆਂ ਵਿਚ ਤਕੜੀ ਪਛਾੜ ਪੈ ਰਹੀ ਹੈ ਅਤੇ ਪਾਰਟੀ ਨੂੰ ਉਤਰੀ ਖੇਤਰ ਵਿਚ ਪੈ ਰਿਹਾ ਇਹ ਘਾਟਾ ਕਿਸੇ ਹੋਰ ਖੇਤਰ ਵਿਚ ਪੂਰਾ ਨਹੀਂ ਹੋ ਰਿਹਾ। ਦੱਖਣ-ਪੂਰਬੀ ਖੇਤਰਾਂ ਵਿਚ ਇਸ ਪਾਰਟੀ ਦੀ ਹੋਂਦ ਉਂਜ ਹੀ ਹਾਸ਼ੀਏ ਉਤੇ ਹੈ। ਇਸੇ ਕਰਕੇ ਸਿਆਸੀ ਕਿਆਸਆਰਾਈਆਂ ਇਹ ਹਨ ਕਿ ਭਾਰਤੀ ਜਨਤਾ ਪਾਰਟੀ ਨੂੰ ਬਹੁਮਤ ਲਈ ਲੋੜੀਂਦੀਆਂ ਸੀਟਾਂ ਉਤੇ ਜਿੱਤ ਹਾਸਲ ਨਹੀਂ ਹੋਣੀ। ਇਸ ਸੂਰਤ ਵਿਚ ਨਰਿੰਦਰ ਮੋਦੀ ਦੀ ਲੀਡਰਸ਼ਿਪ ਉਤੇ ਵੱਡਾ ਸਵਾਲੀਆ ਨਿਸ਼ਾਨ ਲੱਗੇਗਾ। ਇਸੇ ਕਰਕੇ ਸਿਆਸੀ ਵਿਸ਼ਲੇਸ਼ਕ ਇਨ੍ਹਾਂ ਨੂੰ ਇਸ ਦੌਰ ਦੀਆਂ ਸਭ ਤੋਂ ਅਹਿਮ ਚੋਣਾਂ ਮੰਨ ਕੇ ਆਪੋ-ਆਪਣੇ ਵਿਸ਼ਲੇਸ਼ਣ ਕਰ ਰਹੇ ਹਨ।

ਪੰਜਾਬ ਦਾ ਸਿਆਸੀ ਮਾਹੌਲ ਸਮੁੱਚੇ ਦੇਸ਼ ਦੇ ਮਾਹੌਲ ਤੋਂ ਐਨ ਵੱਖਰਾ ਹੈ। 2014 ਵਾਲੀਆਂ ਚੋਣਾਂ ਵਾਂਗ ਐਤਕੀਂ ਵੀ ਸੂਬੇ ਵਿਚ ਮੋਦੀ ਦਾ ਕੋਈ ਅਸਰ ਨਹੀਂ; ਹਾਲਾਂਕਿ ਨਰਿੰਦਰ ਮੋਦੀ ਨੇ ਪਿਛਲੀ ਵਾਰ ਆਪਣੀ ਪਾਰਟੀ ਦੀ ਚੋਣ ਮੁਹਿੰਮ ਪੰਜਾਬ ਤੋਂ ਹੀ ਅਰੰਭ ਕੀਤੀ ਸੀ। ਪੰਜਾਬ ਦੇ ਲੋਕ ਭਾਰਤੀ ਜਨਤਾ ਪਾਰਟੀ ਤਾਂ ਕੀ, ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਵਰਗੀਆਂ ਰਵਾਇਤੀ ਪਾਰਟੀਆਂ ਦੇ ਪੈਰ ਉਖਾੜਨ ਲਈ ਤੁਲੇ ਹੋਏ ਹਨ। ਪਿਛਲੀਆਂ ਚੋਣਾਂ ਵਿਚ ਕੁੱਲ 13 ਵਿਚੋਂ 4 ਹਲਕਿਆਂ ਵਿਚ ਜਿੱਤ ਦੇ ਝੰਡੇ ਗੱਡਣ ਵਾਲੀ ਆਮ ਆਦਮੀ ਪਾਰਟੀ ਇਸੇ ਕਰਕੇ ਹੀ ਤੀਜੇ ਫਰੰਟ ਵਜੋਂ ਸਿਆਸੀ ਪਿੜ ਵਿਚ ਉਭਰੀ ਸੀ। ਇਹ ਗੱਲ ਵੱਖਰੀ ਹੈ ਕਿ ਆਪਣੀ ਕਮਜ਼ੋਰੀਆਂ ਕਾਰਨ ਇਹ ਪਾਰਟੀ ਸਿਆਸੀ ਪਿੜ ਵਿਚ ਉਹ ਮੱਲਾਂ ਨਹੀਂ ਮਾਰ ਸਕੀ, ਜਿਸ ਤਰ੍ਹਾਂ ਦੀ ਆਸ ਇਸ ਤੋਂ ਕੀਤੀ ਜਾ ਰਹੀ ਸੀ। ਪਾਰਟੀ ਅੰਦਰਲੀ ਟੁੱਟ-ਭੱਜ ਅਤੇ ਲੀਡਰਸ਼ਿਪ ਦੀ ਨਾਲਾਇਕੀ ਕਾਰਨ ਹੁਣ ਕਈ ਸੀਟਾਂ ਉਤੇ ਮੁਕਾਬਲਾ ਫਿਰ ਰਵਾਇਤੀ ਪਾਰਟੀਆਂ ਵਿਚਕਾਰ ਹੋਣ ਦੇ ਆਸਾਰ ਬਣੇ ਹੋਏ ਹਨ। ਅਜਿਹੇ ਹਾਲਾਤ ਵਿਚ ਸ਼੍ਰੋਮਣੀ ਅਕਾਲੀ ਦਲ, ਜੋ ਬੇਅਦਬੀ ਨਾਲ ਜੁੜੀਆਂ ਘਟਨਾਵਾਂ ਕਾਰਨ ਆਵਾਮ ਦੇ ਮਨੋਂ ਲਹਿ ਚੁਕਾ ਹੈ, ਇਨ੍ਹਾਂ ਚੋਣਾਂ ਵਿਚ ਵਾਪਸੀ ਦੀ ਤਕੜੀ ਆਸ ਲਾਈ ਬੈਠਾ ਹੈ। ਜਾਹਰ ਹੈ ਕਿ ਪੰਜਾਬ ਵਿਚ ਅਜੇ ਵੀ ਮਸਲਾ ਤੀਜੇ ਫਰੰਟ ਦਾ ਹੀ ਹੈ। ਅਕਾਲੀ ਦਲ ਨੇ ਆਪਣੇ ਦਸ ਸਾਲਾਂ ਦੇ ਰਾਜ ਦੌਰਾਨ ਜੋ ਕੁਝ ਕੀਤਾ ਹੈ, ਲੋਕ ਇਸ ਨੂੰ ਮੌਕਾ ਦੇਣ ਤੋਂ ਇਨਕਾਰੀ ਹਨ। ਪਿਛਲੇ ਦੋ ਸਾਲਾਂ ਦੌਰਾਨ ਕਾਂਗਰਸ ਸਰਕਾਰ ਜਿਸ ਦੀ ਅਗਵਾਈ ਕੈਪਟਨ ਅਮਰਿੰਦਰ ਸਿੰਘ ਕਰ ਰਹੇ ਹਨ, ਨੇ ਲੋਕਾਂ ਨੂੰ ਨਿਰਾਸ਼ ਹੀ ਕੀਤਾ ਹੈ, ਸਗੋਂ ਦੋ ਸਾਲਾਂ ਦੌਰਾਨ ਮਸਲੇ ਗੁੰਝਲਦਾਰ ਹੀ ਹੋਏ ਹਨ। ਇਸ ਪੱਖ ਤੋਂ ਵੀ ਪੰਜਾਬ ਦੇ ਚੋਣ ਨਤੀਜੇ ਅਹਿਮ ਮੰਨੇ ਜਾਣਗੇ, ਕਿਉਂਕਿ ਲੋਕਾਂ ਕੋਲ ਮਰਜ਼ੀ ਦੀ ਚੋਣ ਲਈ ਮੌਕੇ ਬਹੁਤ ਘੱਟ ਰਹਿ ਗਏ ਹਨ। ਇਸ ਕਰਕੇ ਪੰਜਾਬ ਦੀ ਸਿਆਸਤ ਵਿਚ ਮੁੱਢੋਂ-ਸੁੱਢੋਂ ਤਬਦੀਲੀ ਲਈ ਪੰਜਾਬ ਦੇ ਆਵਾਮ ਨੂੰ ਸ਼ਾਇਦ ਅਜੇ ਹੋਰ ਉਡੀਕ ਕਰਨੀ ਪਵੇਗੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕੜ੍ਹੀ ਘੋਲਦੇ ਲੀਡਰ!*

ਕੋਈ ਕਹੇ ਬੇਅਦਬੀਆਂ ਭੁੱਲ ਜਾਓ, ਇਹਦੇ ਆਸਰੇ ਚਾਹੁੰਦੇ ਕਈ ਜਿੱਤਣਾ ਜੀ।
ਮਨਸ਼ਾ ਜਾਪਦੀ ਇਹੋ ਸਰਕਾਰੀਆਂ ਦੀ, ਨਾਂ 'ਸਿਟ' ਦਾ ਵਰਤ ਕੇ ਸਿੱਟਣਾ ਜੀ।
ਲਿਟੇ ਪੈਰਾਂ ਦੇ ਵਿਚ ਵਿਰੋਧੀਆਂ ਦੇ, ਹੋਰ ਪੁਛਿਓ ਕਿੰਨਾ ਕੁ ਲਿਫਣਾ ਜੀ।
ਛਾਤੀ ਠੋਕ ਕੇ ਕਹਿ ਦਿਓ ਭਾਗੋਆਂ ਨੂੰ, ਨਸ਼ੇ, ਮਾਇਆ ਦੇ ਨਾਲ ਨਾ ਵਿਕਣਾ ਜੀ।
ਬਣ ਕੇ ਦੱਸਦੇ ਸਾਰੇ ਹੀ ਦੁੱਧ ਧੋਤੇ, ਆਪੋ ਆਪਣੀ ਕੁਰਸੀ ਨੂੰ ਟੋਲਦੇ ਆ।
ਬਣਿਓਂ ਆਪ ਸਿਆਣੇ ਹੁਣ ਵੋਟਰੋ ਜੀ, ਲੀਡਰ ਲੋਕ ਤਾਂ ਕੜ੍ਹੀ ਹੀ ਘੋਲ ਰਹੇ ਆ!

# ਪੰਜਾਬ ਵਿਚ ਕੀ ਸੁਨੇਹਾ ਦੇਣਗੇ ਲੋਕ ਸਭਾ ਚੋਣਾਂ ਦੇ ਨਤੀਜੇ?

***ਪੰਜਾਬ ਦੀਆਂ ਚੋਣਾਂ ਨੇ ਐਤਕੀਂ ਵੱਖਰਾ ਰੰਗ ਬੰਨ੍ਹਿਆ ਹੈ। ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਵਰਗੀਆਂ ਰਵਾਇਤੀ ਪਾਰਟੀਆਂ ਤੋਂ ਇਲਾਵਾ ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਤੇ ਸੁਖਪਾਲ ਖਹਿਰਾ ਵਾਲੀ ਧਿਰ ਮੈਦਾਨ ਵਿਚ ਹਨ। ਹੁਣ ਮਸਲਾ ਇਹ ਨਹੀਂ ਕਿ ਕਿਸ ਨੇ ਜਿੱਤਣਾ ਹੈ, ਸਭ ਸਿਆਸੀ ਧਿਰਾਂ ਤੋਂ ਅੱਕੇ ਵੋਟਰਾਂ ਲਈ ਹੁਣ ਇਹ ਫੈਸਲਾ ਕਰਨਾ ਔਖਾ ਹੋਇਆ ਪਿਆ ਹੈ ਕਿ ਵੋਟ ਕਿਸ ਨੂੰ ਪਾਉਣੀ ਹੈ। ਅਜਿਹੇ ਹਾਲਾਤ ਵਿਚ ਕਿਆਸਆਰਾਈਆਂ ਇਹ ਵੀ ਹਨ ਕਿ ਬਾਦਲਕੇ ਆਪਣੀ ਗੁਆਚੀ ਜਮੀਨ ਮੁੜ ਹਾਸਲ ਕਰ ਸਕਦੇ ਹਨ। ਇਸ ਸਮੁੱਚੇ ਸਿਆਸੀ ਪ੍ਰਸੰਗ ਬਾਰੇ ਟਿੱਪਣੀ ਸੀਨੀਅਰ ਪੱਤਰਕਾਰ ਜਗਤਾਰ ਸਿੰਘ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ***

ਕੌਮੀ ਪੱਧਰ ਉਤੇ ਭਾਰਤੀ ਜਨਤਾ ਪਾਰਟੀ ਅਤੇ ਪੰਜਾਬ ਵਿਚ ਕਾਂਗਰਸ ਦੇ ਚੋਣ ਪ੍ਰਚਾਰ ਵਿਚ ਜਿਹੜੀ ਗੱਲ ਸਾਂਝੀ ਹੈ, ਉਹ ਇਹ ਹੈ ਕਿ ਦੋਵੇਂ ਹੀ ਪਾਰਟੀਆਂ ਉਨ੍ਹਾਂ ਮੁੱਦਿਆਂ ਨੂੰ ਆਧਾਰ ਬਣਾ ਕੇ ਵੋਟਾਂ ਮੰਗ ਰਹੀਆਂ ਹਨ ਜਿਨ੍ਹਾਂ ਦਾ ਆਮ ਲੋਕਾਂ ਨਾਲ ਕੋਈ ਲੈਣਾ-ਦੇਣਾ ਨਹੀਂ। ਦੋਹਾਂ ਪਾਰਟੀਆਂ ਦੇ ਚੋਣ ਪ੍ਰਚਾਰ ਵਿਚ ਸਮਾਜ ਭਲਾਈ, ਸਮਾਜਿਕ ਨਿਆਂ ਅਤੇ ਕੁਸ਼ਲ ਤੇ ਕਲਿਆਣਕਾਰੀ ਰਾਜ ਪ੍ਰਬੰਧ ਦੇਣ ਵਰਗੇ ਲੋਕ ਮੁੱਦਿਆਂ ਦਾ ਕੋਈ ਬਹੁਤਾ ਜ਼ਿਕਰ ਨਹੀਂ ਹੋ ਰਿਹਾ। ਦੋਵੇਂ ਧਿਰਾਂ ਲੋਕਾਂ ਨਾਲ ਧਾਰਮਿਕ ਰੰਗਤ ਵਾਲੇ ਰਾਜਸੀ ਮੁੱਦਿਆਂ ਰਾਹੀਂ ਗੱਲ ਕਰ ਰਹੀਆਂ ਹਨ।

ਸਾਧਵੀ ਪ੍ਰੱਗਿਆ ਠਾਕਰ ਭਾਜਪਾ ਦੇ ਹਿੰਦੂਤਵ ਏਜੰਡੇ ਅਤੇ ਲੋਕਾਂ ਨੂੰ ਫਿਰਕੂ ਆਧਾਰ ਉਤੇ ਵੰਡ ਕੇ ਸਿਆਸੀ ਲਾਹਾ ਲੈਣਾ ਦਾ ਨਵਾਂ ਚਿਹਰਾ ਹੈ। ਹਿੰਦੂਤਵ ਦੇ ਖਾੜਕੂ ਚਿਹਰੇ ਦੀ ਪ੍ਰਤੀਕ ਸਾਧਵੀ ਪ੍ਰੱਗਿਆ ਠਾਕੁਰ ਕਈ ਸਾਲਾਂ ਤੋਂ

ਜਗਤਾਰ ਸਿੰਘ
ਫੋਨ: +91-97797-11201

ਸਾਹਮਣੇ ਆ ਰਿਹਾ ਉਹ ਵਰਤਾਰਾ ਹੈ ਜਿਸ ਤੋਂ ਭਾਰਤੀ ਜਨਤਾ ਪਾਰਟੀ ਵਿਚਾਰਧਾਰਕ ਪ੍ਰੇਰਨਾ ਲੈਂਦੀ ਹੈ। ਕੋਈ ਤਿੰਨ ਦਹਾਕੇ ਪਹਿਲਾਂ ਰਾਜਸੀ ਸੀਨ ਉਤੇ ਉਭਰੀਆਂ ਸਾਧਵੀ ਰਿਤੰਬਰਾ ਅਤੇ ਉਮਾ ਭਾਰਤੀ ਵੀ ਇਸੇ ਵਰਤਾਰੇ ਨੂੰ ਉਭਾਰਨ ਦੀ ਵਿਉਂਤਬੰਦੀ ਦਾ ਹਿੱਸਾ ਸਨ। ਪ੍ਰੱਗਿਆ ਠਾਕੁਰ ਦਾ ਇਕ-ਇਕ ਸ਼ਬਦ ਮੁਲਕ ਨੂੰ ਫਿਰਕੂ ਆਧਾਰ ਉਤੇ ਦੋਫਾੜ ਕਰਨ ਦੇ ਮਕਸਦ ਨਾਲ ਪੂਰੀ ਸੋਚ ਵਿਚਾਰ ਨਾਲ ਘੜਿਆ ਤੇ ਪ੍ਰਚਾਰਿਆ ਜਾ ਰਿਹਾ ਹੈ। ਉਧਰ, ਕਾਂਗਰਸ ਪਾਰਟੀ ਪੰਜਾਬ ਅੰਦਰ, 2015 ਵਿਚ ਪ੍ਰਕਾਸ਼ ਸਿੰਘ ਬਾਦਲ ਦੇ ਮੁੱਖ ਮੰਤਰੀ ਅਤੇ ਸੁਖਬੀਰ ਸਿੰਘ ਬਾਦਲ ਦੇ ਉਪ ਮੁੱਖ ਮੰਤਰੀ ਹੁੰਦਿਆਂ ਸੂਬੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਚੋਰੀ ਕਰ ਕੇ ਬੇਅਦਬੀ ਕਰਨ ਦੀਆਂ ਘਟਨਾਵਾਂ ਦਾ ਮੁੱਦਾ ਉਠਾ ਰਹੀ ਹੈ।

ਮੁਲਕ ਨੂੰ ਫਿਰਕੂ ਆਧਾਰ ਉਤੇ ਵੰਡਣ ਦਾ ਉਭਰ ਰਿਹਾ ਇਹ ਵਰਤਾਰਾ ਇਸ ਗੱਲ ਦਾ ਸਬੂਤ ਹੈ ਕਿ ਕਾਂਗਰਸ ਆਪਣੇ ਦਹਾਕਿਆਂ ਦੇ ਰਾਜ ਵਿਚ ਧਰਮ ਨਿਰਪੱਖਤਾ ਦੀਆਂ ਜੜ੍ਹਾਂ ਮਜ਼ਬੂਤ ਕਰਨ ਵਿਚ ਅਸਫਲ ਰਹੀ ਹੈ। ਉਂਜ, ਤੱਥ ਇਹ ਵੀ ਹੈ ਕਿ ਹਿੰਦੂਤਵ ਵਰਤਾਰਾ ਬਾਬਰੀ ਮਸਜਿਦ ਦੀ ਥਾਂ ਮੰਦਰ ਬਣਾਉਣ ਦੇ ਰੌਲੇ-ਰੱਪੇ ਦੌਰਾਨ ਵੱਡੀ ਵੰਗਾਰ ਬਣ ਕੇ ਉਭਰਿਆ। ਇਹ ਵੀ ਕਿਹਾ ਜਾਂਦਾ ਰਿਹਾ ਹੈ ਕਿ ਕਾਂਗਰਸ ਵੀ ਧਰਮ ਨਿਰਪੱਖ ਹੋਣ ਦਾ ਸਿਰਫ ਦਿਖਾਵਾ ਹੀ ਕਰਦੀ ਹੈ। ਇਸ ਪ੍ਰਸੰਗ ਵਿਚ ਇਹ ਵੀ ਜਾਣਨਾ ਯੋਗ ਹੋਵੇਗਾ ਕਿ ਸਿੱਖ ਧਾਰਮਿਕ-ਸਿਆਸੀ ਹਲਕਿਆਂ ਵਿਚ ਇਹ ਭਾਵਨਾ ਪ੍ਰਚੰਡ ਰਹੀ ਹੈ ਕਿ ਕਾਂਗਰਸ ਵੀ ਹਿੰਦੂ ਪਾਰਟੀ ਹੀ ਹੈ। ਫਰਕ ਇਹ ਹੈ ਕਿ ਹਿੰਦੂ ਕੱਟੜਵਾਦ ਨੂੰ ਪ੍ਰਨਾਈ ਭਾਰਤੀ ਜਨਤਾ ਪਾਰਟੀ ਦਾ ਆਧਾਰ ਹੀ ਹਿੰਦੂਤਵੀ ਵਿਚਾਰਧਾਰਾ ਹੈ। ਦਿਲਚਸਪ ਗੱਲ ਇਹ ਹੈ ਕਿ ਸਿੱਖ ਮਾਮਲਿਆਂ ਦਾ ਬੁਲਾਰਾ ਹੋਣ ਦਾ ਦਾਅਵਾ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਦੀ ਇਸ ਕੱਟੜਵਾਦੀ ਹਿੰਦੂ ਪਾਰਟੀ ਨਾਲ ਸਿਆਸੀ ਸਾਂਝ ਭਿਆਲੀ ਹੈ। ਪੰਜਾਬ ਦੀ ਵੋਟ ਸਿਆਸਤ ਨੂੰ ਇਸ ਪ੍ਰਸੰਗ ਵਿਚ ਸਮਝਣ ਦੀ ਲੋੜ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਆਧਾਰ ਬਣਾ ਕੇ ਕਾਂਗਰਸ ਪਾਰਟੀ ਆਪਣਾ ਸਿੱਖ ਏਜੰਡਾ ਅੱਗੇ ਵਧਾ ਰਹੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪਿਛਲੇ ਦੋ ਦਿਨਾਂ ਦੌਰਾਨ ਇਸੇ ਮੁੱਦੇ ਨੂੰ ਹੀ ਆਪਣੇ ਚੋਣ ਪ੍ਰਚਾਰ ਦਾ ਕੇਂਦਰ ਬਿੰਦੂ ਬਣਾ ਰਹੇ ਹਨ। ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਆਉਣ ਮਗਰੋਂ ਇਹ ਨਾਜ਼ੁਕ ਮਾਮਲਾ ਪੰਜਾਬ ਦੀ ਧਾਰਮਿਕ-ਸਿਆਸੀ ਫਿਜ਼ਾ ਵਿਚ ਬੜੇ ਜ਼ੋਰ ਨਾਲ ਉਭਰਿਆ ਹੈ। ਇਨ੍ਹਾਂ ਮਸਲਿਆਂ ਦੀ ਜਾਂਚ ਲਈ ਪਹਿਲਾਂ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਬਾਦਲ ਸਰਕਾਰ ਨੇ ਬਣਾਇਆ ਸੀ ਜਿਸ ਦੀ ਰਿਪੋਰਟ ਰੱਦੀ ਦੀ ਟੋਕਰੀ ਵਿਚ ਸੁੱਟ ਦਿੱਤੀ ਗਈ ਸੀ। ਜਸਟਿਸ ਜ਼ੋਰਾ ਸਿੰਘ ਨੂੰ ਆਪਣੀ ਰਿਪੋਰਟ ਦੇਣ ਲਈ ਸਕੱਤਰੇਤ ਦੇ ਵਰਾਂਡੇ ਵਿਚ ਉਡੀਕਣਾ ਪਿਆ ਸੀ ਅਤੇ ਆਖਿਰ ਉਹ ਆਪਣੀ ਰਿਪੋਰਟ ਕਿਸੇ ਜੂਨੀਅਰ ਕਰਮਚਾਰੀ ਨੂੰ ਸੌਂਪ ਕੇ ਵਾਪਸ ਆ ਗਏ ਸਨ। ਇਹ ਇਸ ਕਮਿਸ਼ਨ ਦੀ ਰਿਪੋਰਟ ਹੀ ਸੀ ਜਿਸ ਨੇ ਬਾਦਲਾਂ ਨੂੰ ਕਸੂਤੀ ਹਾਲਤ ਵਿਚ ਫਸਾ ਦਿੱਤਾ। ਕਾਂਗਰਸ ਪਾਰਟੀ ਇਨ੍ਹਾਂ ਦੋਹਾਂ ਕਮਿਸ਼ਨਾਂ ਨੂੰ ਆਧਾਰ ਬਣਾ ਕੇ ਬਾਦਲਾਂ ਉਤੇ ਤਾਬੜ-ਤੋੜ ਹਮਲੇ ਕਰ ਰਹੀ ਹੈ।

ਇਸ ਮਾਮਲੇ ਦੀ ਜਾਂਚ ਕਰ ਰਹੀ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਦੇ ਨਾਮਵਰ ਮੈਂਬਰ ਆਈਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਬਦਲੀ ਕਰਵਾ ਕੇ ਬਾਦਲਾਂ ਨੇ ਖੁਦ ਹੀ ਇਹ ਮੁੱਦਾ ਇਕ ਵਾਰੀ ਫਿਰ ਉਭਾਰ ਦਿੱਤਾ ਹੈ। ਚੋਣ ਪ੍ਰਚਾਰ ਦੌਰਾਨ ਅਕਾਲੀ ਨੇਤਾਵਾਂ ਅਤੇ ਉਮੀਦਵਾਰਾਂ ਨੂੰ ਇਸ ਮਾਮਲੇ ਦਾ ਸੇਕ ਲੱਗਣ ਲੱਗ ਪਿਆ ਹੈ। ਇਸ ਪਿਛੋਕੜ ਵਿਚ ਪੰਜਾਬ ਵਿਚ ਪਹਿਲੀਆਂ ਚੋਣਾਂ ਵਾਂਗ ਇਸ ਚੋਣ ਦੇ ਨਤੀਜੇ ਸਿਰਫ ਅੰਕੜੇ ਹੀ ਨਹੀਂ ਹੋਣਗੇ ਬਲਕਿ ਇਸ ਸਰਹੱਦੀ ਸੂਬੇ ਦੀ ਭਵਿੱਖ ਦੀ ਸਿਆਸਤ ਦਾ ਰੁਖ ਵੀ ਤੈਅ ਕਰਨਗੇ।

ਬਾਦਲ ਪਰਿਵਾਰ ਨੇ ਸੁਖਬੀਰ ਸਿੰਘ ਬਾਦਲ ਅਤੇ ਹਰਸਿਮਰਤ ਕੌਰ ਬਾਦਲ ਨੂੰ ਚੋਣ ਅਖਾੜੇ ਵਿਚ ਉਤਾਰ ਕੇ ਸ਼ਤਰੰਜੀ ਚਾਲ ਚੱਲੀ ਹੈ। ਹਰਸਿਮਰਤ ਇਸ ਵਾਰੀ ਫਿਰ ਬਠਿੰਡਾ ਹਲਕੇ ਤੋਂ ਉਮੀਦਵਾਰ ਹੈ ਜਿਥੇ ਬੇਅਦਬੀ ਦੀਆਂ ਘਟਨਾਵਾਂ ਦਾ ਗਹਿਰਾ ਅਸਰ ਹੈ ਪਰ ਨਾਲ ਹੀ ਡੇਰਾ ਸੱਚਾ ਸੌਦਾ ਦੇ ਪੈਰੋਕਾਰਾਂ ਦੀਆਂ ਵੋਟਾਂ ਵੀ ਸਭ ਤੋਂ ਵੱਧ ਇਸੇ ਹਲਕੇ ਵਿਚ ਹਨ। ਇਨ੍ਹਾਂ ਦੇ ਕੁਝ ਮੈਂਬਰਾਂ ਨੂੰ ਪੁਲਿਸ ਨੇ ਬੇਅਦਬੀ ਘਟਨਾਵਾਂ ਦਾ ਦੋਸ਼ੀ ਨਾਮਜ਼ਦ ਕਰ ਕੇ ਗ੍ਰਿਫਤਾਰ ਵੀ ਕੀਤਾ। ਹਰਿਆਣਾ ਦੀ ਭਾਜਪਾ ਸਰਕਾਰ ਨੇ ਰੋਹਤਕ ਜੇਲ੍ਹ ਵਿਚ ਬੰਦ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਦੀ ਪੁੱਛਗਿੱਛ ਕਰਨ ਦੀ ਇਜਾਜ਼ਤ ਨਹੀਂ ਦਿੱਤੀ। ਡੇਰੇ ਨੇ ਇਨ੍ਹਾਂ ਚੋਣਾਂ ਵਿਚ ਪੰਜਾਬ ਅੰਦਰ ਆਪਣਾ ਸਰਗਰਮ ਰੋਲ ਨਿਭਾਉਣ ਲਈ ਆਪਣੇ ਪੈਰੋਕਾਰਾਂ ਦੀ ਸਰਗਰਮੀ ਵਧਾ ਦਿੱਤੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੀਆਂ ਜੜ੍ਹਾਂ ਵੋਟ ਸਿਆਸਤ ਵਿਚ ਹਨ। ਭਵਿਖ ਇਸ ਨੇ ਉਸ ਵੇਲੇ ਨਿੰਮਣਾ ਸ਼ੁਰੂ ਕਰ ਦਿੱਤਾ ਸੀ ਜਦੋਂ ਚੋਣ ਹਲਕਿਆਂ ਦੀ ਮੁੜ ਹੱਦਬੰਦੀ ਵਿਚ ਫਰੀਦਕੋਟ ਰਿਜ਼ਰਵ ਹੋਣ ਕਾਰਨ ਬਾਦਲਾਂ ਨੇ ਬਠਿੰਡਾ ਹਲਕੇ ਨੂੰ ਆਪਣੀ ਕਰਮ ਭੂਮੀ ਬਣਾ ਲਿਆ ਸੀ। ਇਸ ਤੋਂ ਪਹਿਲਾਂ 2007 ਵਿਚ ਡੇਰਾ ਮੁਖੀ ਵਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸਵਾਂਗ ਰਚਣ ਕਾਰਨ ਅਕਾਲ ਤਖਤ ਤੋਂ ਉਸ ਅਤੇ ਉਸ ਦੇ ਪੈਰੋਕਾਰਾਂ ਨਾਲ ਕਿਸੇ ਵੀ ਕਿਸਮ ਦਾ ਰਿਸ਼ਤਾ ਨਾ ਰੱਖਣ ਦਾ ਹੁਕਮਨਾਮਾ ਜਾਰੀ ਹੋ ਗਿਆ ਸੀ। ਪ੍ਰਕਾਸ਼ ਸਿੰਘ ਬਾਦਲ ਨੇ 2015 ਵਿਚ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਉਸ ਦੇ ਸਾਥੀ ਜਥੇਦਾਰ ਸਾਹਿਬਾਨ ਨੂੰ ਆਪਣੀ ਸਰਕਾਰੀ ਰਿਹਾਇਸ਼ ਉਤੇ ਤਲਬ ਕਰ ਕੇ ਡੇਰਾ ਮੁਖੀ ਨੂੰ ਮੁਆਫੀ ਦੇਣ ਦਾ ਫਰਮਾਨ ਸੁਣਾ ਕੇ ਸਿੱਖ ਮਰਿਯਾਦਾ ਦੀ ਉਲੰਘਣਾ ਕਰਵਾਈ। ਇਸ ਵਰਤਾਰੇ ਵਿਚ ਦੋਵੇਂ ਪੰਥਕ ਸੰਸਥਾਵਾਂ- ਅਕਾਲ ਤਖਤ ਅਤੇ ਸ਼੍ਰੋਮਣੀ ਕਮੇਟੀ ਦੇ ਅਕਸ ਨੂੰ ਢਾਹ ਲੱਗੀ। ਪ੍ਰਕਾਸ਼ ਸਿੰਘ ਬਾਦਲ ਨੇ ਅੱਜ ਤੱਕ ਇਸ ਬਾਰੇ ਕੋਈ ਸਪਸ਼ਟੀਕਰਨ ਨਹੀਂ ਦਿੱਤਾ ਕਿ ਉਸ ਨੇ ਤਖਤ ਸਾਹਿਬਾਨ ਦੇ ਜਥੇਦਾਰਾਂ ਨੂੰ ਆਪਣੀ ਸਰਕਾਰੀ ਰਿਹਾਇਸ਼ ਉਤੇ ਕਿਉਂ ਤਲਬ ਕੀਤਾ ਸੀ।

ਸੁਖਬੀਰ ਸਿੰਘ ਬਾਦਲ ਪਿਛਲੇ ਤਿੰਨ ਮਹੀਨਿਆਂ ਤੋਂ ਆਪਣੀ ਪਾਰਟੀ ਦੇ ਵਰਕਰਾਂ ਨੂੰ ਸਰਗਰਮ ਕਰਨ ਵਿਚ ਲੱਗੇ ਹੋਏ ਹਨ, ਕਿਉਂਕਿ ਪਾਰਟੀ ਵਰਕਰ 2017 ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਹੋਈ ਨਮੋਸ਼ੀਜਨਕ ਹਾਰ ਕਾਰਨ ਬਹੁਤ ਮਾਯੂਸ ਸਨ। ਇਨ੍ਹਾਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਮਸੀਂ 15 ਸੀਟਾਂ ਮਿਲੀਆਂ ਅਤੇ ਇਹ ਵਿਰੋਧੀ ਪਾਰਟੀ ਦਾ ਦਰਜਾ ਵੀ ਹਾਸਲ ਨਹੀਂ ਕਰ ਸਕੀ। ਵਿਰੋਧੀ ਪਾਰਟੀ ਦਾ ਰੁਤਬਾ ਆਮ ਆਦਮੀ ਪਾਰਟੀ ਨੇ ਹਾਸਲ ਕਰ ਲਿਆ ਸੀ। ਵਿਧਾਨ ਸਭਾ ਚੋਣਾਂ ਤੋਂ ਬਾਅਦ ਹੋਈਆਂ ਜ਼ਿਮਨੀ ਚੋਣਾਂ ਵੀ ਪਾਰਟੀ ਬੁਰੀ ਤਰ੍ਹਾਂ ਹਾਰ ਗਈ। ਸੁਖਬੀਰ ਸਿੰਘ ਬਾਦਲ ਨੇ ਪੂਰੀ ਗਿਣਤੀ ਮਿਣਤੀ ਨਾਲ ਇਨ੍ਹਾਂ ਚੋਣਾਂ ਵਿਚ ਆਪਣੇ ਆਪ ਨੂੰ ਦਾਅ ਉਤੇ ਲਾਉਣ ਦਾ ਜੋਖਿਮ ਉਠਾਇਆ ਹੈ। ਉਹ ਫਿਰੋਜ਼ਪੁਰ ਲੋਕ ਸਭਾ ਹਲਕੇ ਤੋਂ ਚੋਣ ਲੜ ਰਹੇ ਹਨ ਜਿਸ ਵਿਚ ਉਨ੍ਹਾਂ ਦਾ ਆਪਣਾ ਵਿਧਾਨ ਸਭਾ ਹਲਕਾ ਜਲਾਲਾਬਾਦ ਵੀ ਆਉਂਦਾ ਹੈ।

ਪੰਜਾਬ ਦੀ ਸਿਆਸਤ ਦਾ ਮਿਜ਼ਾਜ ਦੂਜੇ ਸੂਬਿਆਂ ਤੋਂ ਵੱਖਰਾ ਹੈ ਕਿਉਂਕਿ ਇਹ ਮੁਲਕ ਦਾ ਇਕੋ ਇਕ ਸੂਬਾ ਹੈ ਜਿਥੇ ਮੁਲਕ ਦੀ ਪ੍ਰਭਾਵਸ਼ਾਲੀ ਘੱਟਗਿਣਤੀ ਤਬਕਾ ਬਹੁਗਿਣਤੀ ਵਿਚ ਹੈ ਅਤੇ ਇਹ 1947 ਤੋਂ ਵੱਖ-ਵੱਖ ਸੰਘਰਸ਼ਾਂ ਵਿਚੋਂ ਗੁਜ਼ਰਦਾ ਰਿਹਾ ਹੈ। ਸਿੱਖ ਧਾਰਮਿਕ-ਸਿਆਸੀ ਪ੍ਰਵਚਨ ਇਸ ਸੂਬੇ ਦੀ ਸਿਆਸਤ ਦੀ ਦਿਸ਼ਾ ਤੈਅ ਕਰਦੇ ਹਨ ਪਰ ਇਹ ਸਿਆਸੀ ਵਰਤਾਰਾ ਵੋਟਾਂ ਦੀ ਸਿਆਸਤ ਨਾਲੋਂ ਵੱਖਰਾ ਹੈ ਜਿਸ ਵਿਚ ਇਥੋਂ ਦੀ ਘੱਟਗਿਣਤੀ, ਜਿਹੜੀ ਕੌਮੀ ਪੱਧਰ ਉਤੇ ਬਹੁਗਿਣਤੀ ਹੈ, ਮੁੱਖ ਭੂਮਿਕਾ ਅਦਾ ਕਰਦੀ ਹੈ। ਇਹੀ ਕਾਰਨ ਜਾਪਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਵਜ਼ੀਰ ਨਵਜੋਤ ਸਿੰਘ ਸਿੱਧੂ ਵਲੋਂ ਪਾਕਿਸਤਾਨੀ ਫੌਜ ਦੇ ਮੁਖੀ ਨੂੰ ਜੱਫੀ ਪਾਉਣ, ਕਰਤਾਰਪੁਰ ਲਾਂਘਾ ਅਤੇ ਪੁਲਵਾਮਾ ਘਟਨਾ ਤੋਂ ਬਾਅਦ ਭਾਰਤੀ ਹਵਾਈ ਸੈਨਾ ਦੇ ਬਾਲਾਕੋਟ ਹਮਲੇ ਦੇ ਮਾਮਲਿਆਂ ਉਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਵੀ ਅਗਾਂਹ ਜਾ ਕੇ ਪਾਕਿਸਤਾਨ ਦੀ ਨੁਕਤਾਚੀਨੀ ਕੀਤੀ ਸੀ।

ਬਰਗਾੜੀ ਵਿਖੇ ਜੂਨ 2018 ਵਿਚ ਬੇਅਦਬੀ ਦੇ ਮੁੱਦੇ ਉਤੇ ਹੋਏ ਦੋ ਵਿਸ਼ਾਲ ਇਕੱਠਾਂ ਨੇ ਇਹ ਪ੍ਰਭਾਵ ਦਿੱਤਾ ਸੀ ਕਿ ਉਥੋਂ ਅਕਾਲੀ ਦਲ ਲਈ ਵੰਗਾਰ ਬਣ ਕੇ ਉਭਰਨ ਵਾਲੀ ਨਵੀਂ ਸਿਆਸੀ ਧਿਰ ਉਭਰੇਗੀ। ਇਹ ਨਤੀਜਾ ਤਾਂ ਭਾਵੇਂ ਸਾਹਮਣੇ ਨਹੀਂ ਆਇਆ ਪਰ ਲੰਮਾ ਸਮਾਂ ਚੱਲਿਆ ਬਰਗਾੜੀ ਮੋਰਚਾ ਅਤੇ ਵਿਸ਼ਾਲ ਇਕੱਠਾਂ ਨੇ ਘੱਟੋ-ਘੱਟ ਮਾਲਵੇ ਵਿਚ ਇਸ ਮੁੱਦੇ ਨੂੰ ਜਿਉਂਦਾ ਰੱਖਿਆ ਹੈ।

ਸਮੁੱਚੇ ਹਾਲਾਤ ਦਾ ਦੂਜਾ ਪਾਸਾ ਇਹ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਆਪਣੀ ਕਾਰਗੁਜ਼ਾਰੀ ਨਾਲ ਲੋਕਾਂ ਉਤੇ ਕੋਈ ਚੰਗਾ ਪ੍ਰਭਾਵ ਪਾਉਣ ਵਿਚ ਅਸਫਲ ਰਹੀ ਹੈ ਜਿਸ ਦੀ ਆਸ ਲੋਕਾਂ ਵਲੋਂ ਮਿਲੇ ਐਡੇ ਵੱਡੇ ਲੋਕ ਫਤਵੇ ਵਾਲੀ ਸਰਕਾਰ ਤੋਂ ਕੀਤੀ ਜਾ ਰਹੀ ਸੀ। ਹੋਰ ਤਾਂ ਹੋਰ, ਉਹ ਸਰਕਾਰ ਵੱਲੋਂ ਕਿਸਾਨਾਂ ਦੇ ਕਰਜ਼ੇ ਦਾ ਕੁਝ ਹਿੱਸਾ ਮੁਆਫ ਕਰਨ ਦਾ ਲਾਹਾ ਲੈਣ ਵਿਚ ਵੀ ਅਸਫਲ ਰਹੇ ਹਨ। ਅਫ਼ਸਰਸ਼ਾਹੀ ਵਾਲੀ ਪਹੁੰਚ ਨੇ ਰਾਜਸੀ ਪ੍ਰਾਪਤੀਆਂ ਜ਼ੀਰੋ ਕਰ ਦਿੱਤੀਆਂ ਹਨ। ਸ਼ਾਇਦ ਇਹੀ ਕਾਰਨ ਹੈ ਕਿ ਕਾਂਗਰਸੀ ਉਮੀਦਵਾਰ ਬੇਅਦਬੀ ਦੇ ਮੁੱਦੇ ਨੂੰ ਹੀ ਆਪਣਾ ਮੁੱਖ ਰਾਜਸੀ ਹਥਿਆਰ ਬਣਾ ਰਹੇ ਹਨ।

ਇਨ੍ਹਾਂ ਚੋਣਾਂ ਵਿਚ ਬਾਦਲ ਪਰਿਵਾਰ ਦਾ ਸਿਆਸੀ ਭਵਿਖ ਦਾਅ ਉਤੇ ਲੱਗਿਆ ਹੋਇਆ ਹੈ। ਬਠਿੰਡਾ ਅਤੇ ਫ਼ਿਰੋਜ਼ਪੁਰ ਹਲਕਿਆਂ ਦੇ ਚੋਣ ਨਤੀਜੇ ਨਾ ਸਿਰਫ ਬਾਦਲ ਪਰਿਵਾਰ ਦੇ ਸਿਆਸੀ ਭਵਿਖ ਦਾ ਫੈਸਲਾ ਕਰਨਗੇ ਬਲਕਿ ਸੂਬੇ ਦੀ ਸਿਆਸੀ ਦਿਸ਼ਾ ਵੀ ਤੈਅ ਕਰਨਗੇ ਜਿਥੇ ਤੀਜੀ ਸਿਆਸੀ ਧਿਰ ਉਭਾਰਨ ਲਈ ਕੀਤੇ ਤਕਰੀਬਨ ਸਾਰੇ ਤਜਰਬੇ ਫੇਲ੍ਹ ਹੋਏ ਹਨ।

# ਜਿਨ੍ਹੇਂ ਨਾਜ਼ ਹੈ ਹਿੰਦ ਪਰ ਵੋ ਕਹਾਂ ਹੈਂ...

**ਭਾਰਤ ਅੰਦਰ ਮੋਦੀ ਸਰਕਾਰ ਨੇ ਪਿਛਲੇ ਪੰਜ ਸਾਲਾਂ ਵਿਚ ਕੀ ਕੁਝ ਕੀਤਾ ਹੈ, ਇਸ ਉਤੇ ਉਡਦੀ ਨਜ਼ਰ ਡਾ. ਕੁਲਦੀਪ ਕੌਰ ਨੇ ਆਪਣੇ ਇਸ ਲੇਖ ਵਿਚ ਮਾਰੀ ਹੈ। ਉਂਜ ਇਹ ਉਡਦੀ ਨਜ਼ਰ ਵਾਹਵਾ ਤਿੱਖੀ ਹੈ, ਜੋ ਮੋਦੀ ਦੀਆਂ ਕਾਰਵਾਈ ਪਿਛੇ ਪਈ ਅਸਲ ਸਿਆਸਤ ਦੀਆਂ ਘੁੰਡੀਆਂ ਇਕ-ਇਕ ਕਰਕੇ ਖੋਲ੍ਹਦੀ ਜਾਂਦੀ ਹੈ। ਇਹ ਸਿਆਸਤ ਮੁਲਕ ਨੂੰ ਕਿਸੇ ਹੋਰ ਪਾਸੇ ਲੈ ਤੁਰੀ ਹੈ। -ਸੰਪਾਦਕ**

17 ਨਵੰਬਰ, 2018 ਦੀ ਸ਼ਾਮ ਸਾਊਥ ਦਿੱਲੀ ਦੇ 'ਗਾਰਡਨ ਆਫ ਫਾਈਵ ਸੈਨਸਜ਼' ਵਿਖੇ ਕਰਨਾਟਕ ਦੇ ਕੌਮਾਂਤਰੀ ਪ੍ਰਸਿਧੀ ਪ੍ਰਾਪਤ ਸੰਗੀਤਕਾਰ ਟੀ.ਐਮ. ਕ੍ਰਿਸ਼ਨਾ ਇਕ ਖਾਸ ਪ੍ਰੋਗਰਾਮ 'ਅਸੀਂ ਭਾਰਤੀ ਸਭਿਆਚਾਰਕ ਤੰਦਾਂ ਰਾਹੀਂ ਇਕ ਧਾਗੇ ਵਿਚ ਪਰੋਏ ਹੋਏ ਹਾਂ' ਉਤੇ ਆਧਾਰਿਤ ਸੰਗੀਤ ਵੰਨਗੀ ਪੇਸ਼ ਕਰਨ ਵਾਲੇ ਸਨ। ਇਹ ਪ੍ਰੋਗਰਾਮ ਭਾਰਤੀ ਏਅਰਪੋਰਟ ਅਥਾਰਿਟੀ ਅਤੇ 'ਸੁਸਾਇਟੀ ਫਾਰ ਦਿ ਪ੍ਰਮੋਸ਼ਨ ਆਫ ਇੰਡੀਅਨ ਕਲਾਸੀਕਲ ਮਿਊਜ਼ਿਕ ਐਂਡ ਕਲਚਰ' ਵਲੋਂ ਕਰਵਾਇਆ ਜਾ ਰਿਹਾ ਸੀ। ਅਚਾਨਕ ਉਨ੍ਹਾਂ ਨੂੰ ਸੁਨੇਹਾ ਮਿਲਦਾ ਹੈ: ਪ੍ਰੋਗਰਾਮ ਕੈਂਸਲ। ਕਾਰਨ? ਉਚ-ਅਫਸਰ 'ਕਿਸੇ ਝਮੇਲੇ ਵਿਚ ਨਹੀਂ ਫਸਣਾ ਚਾਹੁੰਦੇ'। ਆਪਣੀ ਇਕ ਇੰਟਰਵਿਊ ਵਿਚ ਇਸ ਘਟਨਾ ਦਾ ਹਵਾਲਾ ਦਿੰਦਿਆ ਟੀ.ਐਮ. ਕ੍ਰਿਸ਼ਨਾ, ਅਮੋਲ ਪਾਲੇਕਰ ਵਰਗੇ ਸੰਜੀਦਾ ਤੇ ਸੰਵੇਦਨਸ਼ੀਲ ਅਦਾਕਾਰ ਨਾਲ ਹਿੰਦੂਤਵੀ ਤਾਕਤਾਂ ਦੇ ਇਸ ਵਿਹਾਰ ਨੂੰ ਕੋਈ ਵਿਕੋਲਿਤਰੀ ਘਟਨਾ ਸਮਝਣ ਦੀ ਥਾਂ ਭਾਰਤੀ ਕਲਾਤਮਿਕਤਾ ਅਤੇ ਸਭਿਆਚਾਰਕ ਕਦਰਾਂ-ਕੀਮਤਾਂ ਖਿਲਾਫ ਵਰਤਾਰੇ ਵਜੋਂ ਸਮਝਣ ਦਾ ਹੋਕਾ ਦਿੰਦੇ ਹਨ।

ਡਾ. ਕੁਲਦੀਪ ਕੌਰ
ਫੋਨ: +91-98554-04330

ਗੁਜਰਾਤ ਦੇ ਊਨਾ ਜ਼ਿਲ੍ਹੇ ਵਿਚ ਜੁਲਾਈ, 2016 ਦੀ ਇਕ ਦੁਪਹਿਰ ਨੂੰ ਮਰੇ ਪਸ਼ੂਆਂ ਦੀ ਚਮੜੀ ਲਾਹ ਕੇ ਅਤੇ ਵੇਚ ਕੇ ਗੁਜ਼ਰ-ਬਸਰ ਕਰ ਰਹੇ ਦਲਿਤ-ਮੁਸਲਿਮ ਪਰਿਵਾਰ ਦੇ ਚਾਰ ਮੁੰਡਿਆਂ ਨੂੰ ਜੀਪ ਨਾਲ ਬੰਨ੍ਹ ਕੇ ਨੰਗਾ ਕਰਕੇ ਲਹੂ-ਲੁਹਾਣ ਕਰ ਦਿੱਤਾ ਗਿਆ। ਇਸ ਨੂੰ ਕਦੇ-ਕਦਾਈਂ ਵਾਪਰਨ ਵਾਲੀ 'ਘਟਨਾ' ਕਰਾਰ ਦੇਣ ਨੂੰ ਸਖਤੀ ਨਾਲ ਰੱਦ ਕਰਦਿਆਂ ਗੁਜਰਾਤ ਦਾ ਜੁਝਾਰੂ ਮੁੰਡਾ ਜ਼ਿਗਨੇਸ਼ ਮਿਵਾਣੀ ਕਹਿੰਦਾ ਹੈ: "ਇਹ ਮਨੂੰ ਸਮ੍ਰਿਤੀ ਦਾ ਘੜਿਆ ਬ੍ਰਾਹਮਣਵਾਦੀ ਜਿੰਨ ਬੋਲ ਰਿਹਾ ਹੈ। ਇਹ ਸੋਚੀ-ਸਮਝੀ ਸਿਆਸੀ ਸਾਜ਼ਿਸ਼ ਹੈ। ਭੀਮਾ-ਕੋਰੇਗਾਉਂ ਤੋਂ ਬਾਅਦ ਜਿਸ ਢੰਗ ਤਰੀਕੇ ਨਾਲ ਮਨੁੱਖੀ ਹੱਕਾਂ ਲਈ ਲੜਦੇ ਕਾਰਕੁਨਾਂ ਦੀਆਂ ਗ੍ਰਿਫਤਾਰੀਆਂ ਹੋਈਆਂ, ਕਾਰਪੋਰੇਟ ਦੇ ਖਿਲਾਫ ਕਿਸੇ ਵੀ ਪੱਧਰ 'ਤੇ ਆਵਾਜ਼ ਉਠਾ ਰਹੇ ਆਦਿਵਾਸੀਆਂ 'ਤੇ ਹਮਲੇ ਹੋਏ ਅਤੇ ਮੁਸਲਿਮ ਭਾਈਚਾਰੇ ਖਿਲਾਫ ਨਫਰਤ ਦੀ ਲਹਿਰ ਖੜ੍ਹੀ ਕੀਤੀ ਗਈ, ਇਸ ਨੂੰ ਵੱਡੇ ਕੈਨਵਸ 'ਤੇ ਦੇਖਣ ਅਤੇ ਸਮਝਣ ਦੀ ਜ਼ਰੂਰਤ ਹੈ।"

8 ਨਵੰਬਰ, 2016 ਦੀ ਸ਼ਾਮ ਨੂੰ ਕਾਹਲੀ ਵਿਚ ਬੁਲਾਈ ਉਚ-ਪੱਧਰੀ ਮੀਟਿੰਗ ਦਾ ਹਵਾਲਾ ਦਿੰਦਿਆਂ ਭਾਰਤੀ ਰਿਜ਼ਰਵ ਬੈਂਕ ਦਾ ਸਾਬਕਾ ਸੈਂਟਰਲ ਸੂਚਨਾ ਅਫਸਰ ਦੱਸਦਾ ਹੈ ਕਿ ਬੈਂਕ ਦੇ ਬੋਰਡ ਨੇ ਇਸ ਗੱਲ 'ਤੇ ਇਤਰਾਜ਼ ਕੀਤਾ ਸੀ ਕਿ ਨੋਟਬੰਦੀ ਨਾਲ ਕਾਲਾ ਧਨ ਕਿਵੇਂ ਵਾਪਸ ਆ ਸਕਦਾ ਹੈ ਜਦੋਂਕਿ ਆਰਥਿਕਤਾ ਬਾਰੇ ਮਾੜੀ-ਮੋਟੀ ਸਮਝ ਰੱਖਣ ਵਾਲੇ ਨੂੰ ਵੀ ਪਤਾ ਹੈ ਕਿ ਕਾਲੇ ਧਨ ਦਾ ਵੱਡਾ ਹਿੱਸਾ ਕਦੇ ਵੀ ਪੈਸੇ ਦੇ ਰੂਪ ਵਿਚ ਨਹੀਂ ਹੁੰਦਾ। ਭਾਰਤ ਦੇ ਕਿਸਾਨਾਂ, ਮਜ਼ਦੂਰਾਂ, ਛੋਟੇ ਦੁਕਾਨਦਾਰਾਂ, ਦਿਹਾਤੀ ਅਤੇ ਪੱਛੜੇ ਖੇਤਰਾਂ ਦੇ ਬਾਸ਼ਿੰਦਿਆਂ ਨਾਲ ਸਬੰਧਿਤ ਖੋਜ-ਕਾਰਜਾਂ ਵਿਚ ਜੁਟੇ ਸਮਾਜ-ਸ਼ਾਸਤਰੀ ਅਤੇ ਆਰਥਿਕ ਵਿਗਿਆਨੀ ਲਗਾਤਾਰ ਇਨ੍ਹਾਂ ਤੱਥਾਂ ਅਤੇ ਖੋਜਾਂ ਵੱਲ ਧਿਆਨ ਦਿਵਾ ਰਹੇ ਹਨ ਕਿ ਨੋਟਬੰਦੀ ਨੇ ਇਨ੍ਹਾਂ ਵਰਗਾਂ ਦਾ ਭਾਰਤੀ ਆਰਥਿਕਤਾ ਪ੍ਰਣਾਲੀ ਤੋਂ ਵਿਸ਼ਵਾਸ ਹੀ ਚੁੱਕ ਦਿੱਤਾ ਹੈ।

ਜੀ.ਐਸ.ਟੀ. ਅਤੇ ਨੋਟਬੰਦੀ ਦੇ ਅਸਲ ਸੂਤਰਧਾਰ ਕੌਣ ਸਨ? ਹਾਲਾਤ ਦੀ ਤਰਾਸਦੀ ਇਹ ਹੈ ਕਿ ਸਬੂਤਾਂ ਅਤੇ ਤੱਥਾਂ ਦੇ ਥੱਬਿਆਂ ਦੇ ਥੱਬੇ ਹੋਣ ਦੇ ਬਾਵਜੂਦ ਇਕ ਵੀ ਭਾਰਤੀ ਨਾਗਰਿਕ ਨੂੰ ਇਹ ਸਮਝ ਨਹੀਂ ਆ ਰਹੀ ਕਿ ਉਹ ਇਹ ਸਵਾਲ ਪੁੱਛੇ ਤਾਂ ਕਿਸ ਤੋਂ ਪੁੱਛੇ? ਇਥੇ ਨੋਟ ਕਰਨਾ ਬਣਦਾ ਹੈ ਕਿ ਪ੍ਰਸ਼ਾਸਕੀ ਅਤੇ ਸਿਧਾਂਤਕ ਪੱਖਾਂ ਤੋਂ ਮੁਲਕ ਦਾ ਪ੍ਰਬੰਧ ਇਕ ਸਿਆਸੀ ਪਾਰਟੀ ਦੇ ਦੋ ਬੰਦਿਆਂ ਦੇ ਫੈਸਲਿਆਂ 'ਤੇ ਨਿਰਭਰ ਹੋ ਚੁੱਕਿਆ ਹੈ ਜੋ ਕਿਸੇ ਵੀ ਜਮਹੂਰੀ ਮੁਲਕ ਲਈ ਸਭ ਤੋਂ ਤਰਾਸਦਿਕ ਹਾਲਤ ਹੈ। ਇਨ੍ਹਾਂ ਦੋਹਾਂ ਬੰਦਿਆਂ ਦੇ ਕਿਰਦਾਰਾਂ ਅਤੇ ਇਤਿਹਾਸ ਦੀਆਂ ਮੂਲ ਕੜੀਆਂ ਅਜਿਹੀ ਵਿਚਾਰਧਾਰਕ (ਜੇ ਇਸ ਨੂੰ ਵਿਚਾਰਧਾਰਾ ਮੰਨਿਆ ਜਾ ਸਕੇ) ਕਚਿਆਣ ਨਾਲ ਜਾ ਜੁੜਦੀਆਂ ਹਨ ਜਿਸ ਵਿਚ ਪੂੰਜੀ ਦੀ ਬਰਬਰਤਾ, ਧਰਮ ਦੀ ਕੁਵਰਤੋਂ, ਪਿੱਤਰਸੱਤਾ ਦੇ ਖੂਨੀ ਪੰਜਿਆਂ ਅਤੇ ਜਾਤੀਵਾਦ ਦੀ ਦਰਿੰਦਗੀ ਮਿਲ ਕੇ ਮਨੁੱਖ ਹੋਣ ਦੀ ਸਾਰੀਆਂ ਜ਼ਰੂਰੀ ਸ਼ਰਤਾਂ ਨੂੰ ਇਕ-ਇਕ ਕਰਕੇ ਖਾਰਿਜ ਕਰਦੀ ਜਾਂਦੀ ਹੈ।

ਜੂਨ 1942 ਵਿਚ ਜਦੋਂ ਬੰਗਾਲ ਨੂੰ ਸਬਕ ਸਿਖਾਉਣ ਲਈ ਅੰਗਰੇਜ਼ਾਂ ਦੁਆਰਾ ਪੈਦਾ ਕੀਤੇ ਅਕਾਲ ਨਾਲ ਸਾਢੇ ਤਿੰਨ ਲੱਖ ਲੋਕਾਂ ਦੀਆਂ ਮੌਤਾਂ ਹੋ ਰਹੀਆਂ ਸਨ, ਤਾਂ ਆਰ.ਐਸ.ਐਸ. ਦਾ ਬਾਨੀ ਗੋਲਵਾਲਕਰ ਆਪਣੇ ਇਕ ਭਾਸ਼ਨ ਵਿਚ ਕਹਿੰਦਾ ਹੈ, "ਸੰਘ ਇਨ੍ਹਾਂ ਮੌਤਾਂ ਲਈ ਕਿਸੇ ਨੂੰ ਜ਼ਿੰਮੇਵਾਰ ਨਹੀਂ ਮੰਨਦਾ। ਲੋਕਾਂ ਦੀਆਂ ਆਪਣੀਆਂ ਕਮਜ਼ੋਰੀਆਂ ਤੇ ਗਲਤੀਆਂ ਲਈ ਦੂਜਿਆਂ ਨੂੰ ਦੋਸ਼ ਦੇਣ ਦੀਆਂ ਆਦਤਾਂ ਕਰਕੇ ਇਹ ਸਭ ਵਾਪਰਦਾ ਹੈ। ਸੰਘ ਆਲੋਚਨਾ ਵਿਚ ਆਪਣਾ ਸਮਾਂ ਬਰਬਾਦ ਨਹੀਂ ਕਰ ਸਕਦਾ। ਜੇ ਸਾਨੂੰ ਪਤਾ ਹੈ ਕਿ ਵੱਡੀ ਮੱਛੀ ਨੇ ਛੋਟੀ ਨੂੰ ਇਕ ਦਿਨ ਚੱਬ ਹੀ ਜਾਣਾ ਹੈ ਤਾਂ ਫਾਲਤੂ ਵਿਚ ਵੱਡੀ ਮੱਛੀ ਨੂੰ ਦੋਸ਼ ਦੇਣ ਦਾ ਕੀ ਫਾਇਦਾ? ਇਹੀ ਤਾਂ ਕੁਦਰਤ ਦਾ ਕਾਨੂੰਨ ਹੈ, ਇਸ ਨੂੰ ਅਨਿਆਂ ਕਹਿਣ ਨਾਲ ਕੀ ਬਦਲ ਜਾਣਾ?" ਇਹ ਮੌਕਾਪ੍ਰਸਤੀ ਅਤੇ ਚਾਪਲੂਸੀ ਦੀ ਭਾਸ਼ਾ ਹੈ। ਇਸ ਵਿਚੋਂ ਸਾਮਰਾਜਵਾਦੀ ਗ਼ਲਬੇ ਅਤੇ ਫਾਸ਼ੀਵਾਦੀ ਧੌਂਸ ਦੀ ਗੰਧ ਆਉਂਦੀ ਹੈ। ਮੋਦੀ ਦੇ ਰਾਜ ਦੀ ਸਭ ਤੋਂ ਵੱਡੀ 'ਪ੍ਰਾਪਤੀ' ਇਸ ਗੰਧ ਦਾ ਬਦਬੂ ਵਿਚ ਵੱਟ ਜਾਣਾ ਹੈ।

ਫਾਸ਼ੀਵਾਦ ਬਾਰੇ ਲਿਖੇ ਅਹਿਮ ਲੇਖ ਵਿਚ ਨਾਟਕਕਾਰ ਬ੍ਰੈਖਤ ਲਿਖਦਾ ਹੈ ਕਿ ਜੇ ਤੁਸੀਂ ਸਰਮਾਏਦਾਰੀ ਨੂੰ ਸਮਝੇ ਬਗੈਰ ਫਾਸ਼ੀਵਾਦ ਨੂੰ ਸਮਝਣਾ ਚਾਹੁੰਦੇ ਹੋ ਤਾਂ ਤੁਹਾਡੀ ਸਮਝ ਵਿਚ ਟੀਰ ਹੈ। ਇਥੇ ਇਹ ਸਵਾਲ ਅਹਿਮ ਹੈ: ਕੀ ਇਸ 'ਟੀਰ' ਨੂੰ ਸਿਰਫ ਮੋਦੀਪੁਣੇ ਦੇ ਸਿਆਸੀ ਦ੍ਰਿਸ਼ਟੀਕੋਣ ਨੂੰ ਸਮਝ ਕੇ ਸਮਝਿਆ ਜਾ ਸਕਦਾ ਹੈ? ਮਾਰਕਸੀ ਚਿੰਤਕ ਪ੍ਰੋ. ਰਣਧੀਰ ਸਿੰਘ ਇਸ ਗੁੱਥੀ ਦੇ ਕੁਝ ਦੂਜੇ ਪਹਿਲੂਆਂ ਦਾ ਧਿਆਨ ਧਰ ਕੇ ਵਿਸ਼ਲੇਸ਼ਣ ਕਰਦੇ ਹਨ ਕਿ ਜਦੋਂ ਬਸਤੀਵਾਦ ਦੇ ਜੂਲੇ ਵਿਚੋਂ ਤਾਜ਼ਾ-ਤਾਜ਼ਾ ਰਿਹਾਅ ਹੋਏ ਮੁਲਕ ਨੂੰ ਰਾਤੋ-ਰਾਤ 'ਸਮਾਜਵਾਦੀ ਗਣਤੰਤਰ' ਕਰਾਰ ਦੇ ਦਿੱਤਾ ਗਿਆ ਤਾਂ ਮੁਲਕ ਦੇ ਬੁਰਜੂਆਂ ਵਰਗ ਨੂੰ ਜਿਥੇ ਆਪਣਾ ਟੀਚਾ ਨਿਰਧਾਰਤ ਕਰਨ ਅਤੇ ਲਾਗੂ ਕਰਨ ਵਿਚ ਸੌਖ ਹੋ ਗਈ, ਉਥੇ ਨਵ-ਉਦਾਰਵਾਦੀ ਫਲਸਫੇ ਅਤੇ ਢਾਂਚੇ ਨੂੰ ਵੀ ਸਮਾਜਵਾਦੀ ਪ੍ਰਬੰਧ ਦੀਆਂ ਖਾਮੀਆਂ ਤੇ ਖੱਪਿਆਂ ਨੂੰ ਪੂਰਨ ਦਾ ਬਦਲ ਮੰਨ ਲਿਆ ਗਿਆ, ਜਦਕਿ ਇਹ ਤਾਂ ਖੁਦ ਹੀ ਵਿਕਾਸ ਦੀ ਪਿਛਾਖੜੀ ਖੜੋਤ ਦਾ ਨਤੀਜਾ ਸੀ। ਉਹ ਟਿੱਪਣੀ ਕਰਦੇ ਹਨ: "ਰਾਜ ਦੇ 'ਸਮਾਜਵਾਦੀ ਵਿਵਸਥਾ ਵਾਲਾ ਸਮਾਜ' ਦੇ ਨਾਅਰੇ ਨੇ ਆਵਾਮ ਤੋਂ ਸਮਾਜਵਾਦ ਦਾ ਸੁਪਨਾ ਹੀ ਖੋਹ ਲਿਆ। ਅੱਜ ਤੱਕ ਭਾਰਤ ਵਿਚ ਪੂੰਜੀਵਾਦ ਦੀ ਅਸਫਲਤਾ ਨੂੰ ਸਮਾਜਵਾਦ ਦੀ ਅਸਫਲਤਾ ਵਜੋਂ ਤਸਦੀਕ ਕੀਤਾ ਜਾਂਦਾ ਹੈ, ਜਦਕਿ ਭਾਰਤ ਵਿਚ ਜ਼ਮੀਨੀ ਪੱਧਰ 'ਤੇ ਸਮਾਜਵਾਦੀ ਸੰਕਲਪ ਨੂੰ ਹਕੀਕਤ ਵਿਚ ਬਦਲਣ ਲਈ ਕੋਈ ਗੰਭੀਰ ਤਰਦੱਦ ਕੀਤਾ ਹੀ ਨਹੀਂ ਗਿਆ।"

ਉਨ੍ਹਾਂ ਦੀ ਟਿੱਪਣੀ ਨੂੰ ਇਕ ਨੁਕਤੇ ਵਿਚ ਸਮਝਣਾ ਹੋਵੇ ਤਾਂ ਭਾਰਤ ਵਿਚ ਭੂਮੀ ਸੁਧਾਰਾਂ ਦੀ ਅਸਫਲਤਾ ਵਾਲਾ ਚੈਪਟਰ ਫਰੋਲਿਆ ਜਾ ਸਕਦਾ ਹੈ। ਜੇ ਇਸ 'ਸੁਪਨੇ ਦੀ ਮੌਤ' ਸਮਝਣ ਦੀ ਵੱਧ ਜਗਿਆਸਾ ਹੋਵੇ ਤਾਂ ਭਾਰਤ ਵਿਚ ਰਿਜ਼ਰਵੇਸ਼ਨ ਪਾਲਿਸੀ ਦੇ ਵਿਰੋਧੀਆਂ ਦੀਆਂ 'ਦਲੀਲਾਂ' ਸੁਣੀਆਂ ਜਾ ਸਕਦੀਆਂ ਹਨ। ਅਜਿਹਾ ਕਰਦੇ ਸਮੇਂ ਇਸ ਸੱਚ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਮੌਜੂਦਾ ਨਿਜ਼ਾਮ ਵਿਚ ਜਿਥੇ ਭਾਰਤੀ ਨਾਗਰਿਕ ਦੀ ਪਛਾਣ ਮੁਨਾਫੇ ਦੀ ਖੁੱਲ੍ਹੀ ਮੰਡੀ ਵਿਚ 'ਖਪਤਕਾਰ' ਜਾਂ 'ਡਿਸਪੋਸੇਬਲ ਲੇਬਰ' ਵਜੋਂ ਹੋ ਰਹੀ ਹੈ। ਨਿਜ਼ਾਮ ਦੀ ਚਾਲਕ ਅਜਿਹੀ ਜਮਾਤ ਬਣ ਰਹੀ ਹੈ ਜਿਸ ਨੂੰ 'ਮਨੁੱਖ' ਦੀ ਥਾਂ ਸਾਰਾ ਕੁਝ 'ਕੈਸ਼' ਵਜੋਂ ਹੀ ਸਮਝ ਆਉਂਦਾ ਹੈ। ਤਰਾਸਦੀ ਇਹ ਹੈ ਕਿ ਇਹ ਜਮਾਤ ਤਾਂ ਬੁਰਜੂਆਂ ਕਲਾਸ ਵਾਲੇ 'ਅਨੈਤਿਕ ਅਤੇ ਬਰਬਰ ਅਸੂਲਾਂ' ਵਿਚ ਵੀ ਵਿਸ਼ਵਾਸ ਨਹੀਂ ਕਰਦੀ। ਇਹ ਵਿਜੈ ਮਾਲਿਆ, ਨੀਰਵ ਮੋਦੀ ਅਤੇ ਅੰਬਾਨੀ-ਅਡਾਨੀ ਦੀ ਜਮਾਤ ਹੈ ਜਿਹੜੀ ਰਾਜ-ਤੰਤਰ ਦੀ ਮਸ਼ੀਨਰੀ ਨੂੰ 'ਕੈਸ਼-ਤੰਤਰ' ਵਿਚ ਬਦਲ ਚੁੱਕੀ ਹੈ ਅਤੇ ਇਸ ਵਿਚ 'ਰਾਜਾ' ਦਲਾਲ ਵਾਂਗ ਵਿਚਰ ਰਿਹਾ ਹੈ।

ਹੁਣ ਮਸਲਾ ਇਹ ਹੈ ਕਿ ਇਸ ਜਮਾਤ ਨੂੰ ਕਿਸ ਦਲੀਲ, ਤੱਥ ਅਤੇ ਭਾਸ਼ਾ ਨਾਲ ਸੰਬੋਧਿਤ ਹੋਇਆ ਜਾਵੇ। ਬਸਤੀਵਾਦ ਦੇ ਮਨੋਵਿਗਿਆਨ ਬਾਰੇ ਆਪਣੀ ਕਿਤਾਬ 'ਦਿ ਰੈੱਚਡ ਆਫ ਦਿ ਅਰਥ' ਦਾ ਲੇਖਕ ਫਰਾਂਜ਼ ਫਾਨੋ ਲਿਖਦਾ ਹੈ ਕਿ ਬਸਤੀਵਾਦੀ ਨਿਜ਼ਾਮ ਦੀ ਮਾਨਸਿਕ ਗੁਲਾਮੀ ਦੀ ਆਦੀ ਹਾਕਮ ਜਮਾਤ ਲਈ ਸੱਤਾ ਤਬਦੀਲੀ ਤੋਂ ਬਾਅਦ ਵੀ ਕੁਝ ਨਹੀਂ ਬਦਲਦਾ। ਉਨ੍ਹਾਂ ਲਈ ਨਾਗਰਿਕ ਦੀ ਪ੍ਰੀਭਾਸ਼ਾ ਉਹੀ ਹੁੰਦੀ ਹੈ ਜਿਹੜੀ ਬਸਤੀਵਾਦੀ ਨਿਜ਼ਾਮ ਦੀ ਹੁੰਦੀ ਹੈ; ਉਲਟਾ ਉਹ ਸ਼ੋਸ਼ਣ ਦੇ ਮਾਮਲੇ ਵਿਚ ਆਪਣੇ ਆਕਾਵਾਂ ਤੋਂ ਸਿੱਖੇ ਸਬਕ ਨੂੰ ਜ਼ਿਆਦਾ ਕਰੂਰਤਾ ਨਾਲ ਲਾਗੂ ਕਰਨ ਵਿਚ ਮਾਹਿਰ ਹੁੰਦੇ ਹਨ।

ਫਾਨੋ ਦੀ ਇਸ ਚਿੰਤਾ ਦਾ ਤੋੜ ਸਿਰਫ ਇਲਮ ਤੇ ਕਲਾ ਦੀ ਸੰਵੇਦਨਸ਼ੀਲਤਾ ਦੁਆਰਾ ਜਮਹੂਰੀ ਕਦਰਾਂ-ਕੀਮਤਾਂ 'ਤੇ ਆਧਾਰਿਤ ਤਰਕ, ਵਿਵੇਕ, ਸ਼ਹਿਣਸੀਲਤਾ ਅਤੇ ਵਿਗਿਆਨਕ ਸੋਚ ਨੂੰ ਪਰਨਾਇਆ ਸਭਿਆਚਾਰਕ ਮਾਹੌਲ ਹੀ ਸਿਰਜ ਸਕਦਾ ਸੀ। ਮੋਦੀ ਸਰਕਾਰ ਵਲੋਂ ਪਹਿਲਾ ਫਾਸ਼ੀਵਾਦੀ ਤੇ ਅਨੈਤਿਕ ਹਮਲਾ ਹੀ ਮੁਲਕ ਦੀਆਂ ਸੋਚਣ-ਸਮਝਣ ਵਾਲੀਆਂ ਥਾਂਵਾਂ 'ਤੇ ਕੀਤਾ ਗਿਆ ਜਿਹੜਾ ਤਿੰਨ ਪੜਾਵਾਂ ਵਿਚ ਯੋਜਨਾ-ਬੱਧ ਤਰੀਕੇ ਨਾਲ ਮੁਕੰਮਲ ਕੀਤਾ ਗਿਆ। ਪਹਿਲੇ ਪੜਾਅ ਵਿਚ ਮੁਲਕ ਵਿਚ ਅਜਿਹੀਆਂ ਸੰਸਥਾਵਾਂ ਤੇ ਸ਼ਖਸੀਅਤਾਂ ਨੂੰ ਨਿਸ਼ਾਨਾ ਬਣਾਇਆ ਗਿਆ ਜਿਹੜੇ ਭਾਰਤ ਦੀ ਬਹੁ-ਰੰਗੀ ਸਭਿਆਚਾਰਕ ਪਛਾਣ, ਸਮਾਜਿਕ ਬਰਾਬਰੀ ਦੀਆਂ ਧਾਰਨਾਵਾਂ, ਵਿਚਾਰ-ਵਟਾਂਦਰੇ ਦੀ ਆਜ਼ਾਦੀ ਅਤੇ ਗਿਆਨ-ਪ੍ਰਕਿਰਿਆ ਦੇ ਜਮਹੂਰੀਕਰਨ ਵਿਚ ਵਿਸ਼ਵਾਸ ਕਰਦੇ ਸਨ। ਸਮਾਜਿਕ ਵਿਤਕਰਿਆਂ ਅਤੇ ਰਾਜਸੀ ਬੇਇਨਸਾਫੀ ਖਿਲਾਫ ਕਿਸੇ ਵੀ ਪੱਧਰ 'ਤੇ ਆਵਾਜ਼ ਉਠਾਉਣਾ 'ਰਾਸ਼ਟਰ-ਧ੍ਰੋਹ' ਕਰਾਰ ਦੇ ਦਿੱਤਾ ਗਿਆ। ਕੌਮਾਂਤਰੀ ਪੱਧਰ 'ਤੇ ਭਾਰਤ ਨੂੰ ਮਾਣ-ਸਨਮਾਨ ਦਿਵਾਉਣ ਵਾਲੇ ਲੇਖਕਾਂ, ਕਲਾਕਾਰਾਂ ਅਤੇ ਸਮਾਜ ਸ਼ਾਸਤਰੀਆਂ ਖਿਲਾਫ ਗਿਣੇ-ਮਿਥੇ ਢੰਗ ਨਾਲ 'ਮੀਡੀਆ ਟਰਾਇਲ' ਚਲਾਏ ਗਏ। ਪੂਰਾ ਮੁਲ਼ਕ 'ਗੈਰ-ਵਿਗਿਆਨਕ' ਅਤੇ 'ਬੌਧਿਕਤਾ ਵਿਰੋਧੀ ਮਾਨਸਿਕਤਾ' ਵਿਚ ਧੱਕ ਦਿੱਤਾ ਗਿਆ। ਇਸੇ ਮੰਤਰ ਦਾ ਜਾਪ ਕਰਦਿਆਂ ਬੇਸ਼ਕੀਮਤੀ ਸਰਕਾਰੀ ਜਾਇਦਾਦ, ਕੁਦਰਤੀ ਭੰਡਾਰ ਅਤੇ ਪਬਲਿਕ ਸੰਸਥਾਵਾਂ ਇਕ-ਇਕ ਕਰਕੇ ਜਾਂ ਤਾਂ ਵੇਚ ਦਿੱਤੀਆਂ ਜਾਂ ਉਨ੍ਹਾਂ ਦੇ ਨਿੱਜੀਕਰਨ ਲਈ ਰਾਹ ਪੱਧਰਾ ਕਰ ਦਿੱਤਾ ਗਿਆ।

ਦੂਜੇ ਪੜਾਅ ਵਿਚ ਆਰ.ਐਸ.ਐਸ. ਨੇ ਭਾਜਪਾ ਦੀ ਪ੍ਰਧਾਨਗੀ ਦਾ ਲਾਹਾ ਲੈਂਦਿਆਂ ਇਤਿਹਾਸ, ਵਿਗਿਆਨ ਅਤੇ ਸਮਾਜ ਸ਼ਾਸਤਰ ਦੀਆਂ ਸੱਚ ਦੇ ਪੈਮਾਨੇ 'ਤੇ ਖਰੀਆਂ ਉਤਰਦੀਆਂ ਸੱਚਾਈਆਂ ਨੂੰ ਮਿਥਾਂ ਅਤੇ ਹਾਸੋਹੀਣੇ ਤੱਥਾਂ ਨਾਲ ਬਦਲਣ ਦੀ ਕੋਸ਼ਿਸ਼ ਕੀਤੀ। ਹਿੰਦੂਤਵੀ ਸਿਆਸਤ ਦੇ ਹਿੰਸਾਤਮਕ ਤੇ ਗੈਰ-ਮਾਨਵੀ ਵਰਤਾਰਿਆਂ ਦੇ ਲਹੂ ਨਾਲ ਰੰਗਿਆ ਆਪਣਾ ਅਤੀਤ ਧੋਣ ਦੀ ਇਸ ਅਹਿਮਕਾਮਾ ਕਾਰਵਾਈ ਪਿੱਛੇ ਪਈ 'ਦੂਜਿਆਂ ਲਈ ਨਫਰਤ ਅਤੇ ਫਿਰਕਾਪ੍ਰਸਤੀ' ਦੇ ਜ਼ਹਿਰ ਨੇ ਹੌਲੀ-ਹੌਲੀ ਉਨ੍ਹਾਂ ਭੀੜਾਂ ਦਾ ਰੂਪ ਧਾਰਨ ਕਰ ਲਿਆ ਜਿਹੜੀਆਂ ਮੌਕਾ ਆਉਣ 'ਤੇ ਖੁਦ ਦੇ ਬੱਚਿਆਂ ਦੀਆਂ ਹੱਡੀਆਂ ਚਬਾਉਣ ਤੋਂ ਵੀ ਗੁਰੇਜ਼ ਨਹੀਂ ਕਰਦੀਆਂ।

ਤੀਜੇ ਪੜਾਅ ਵਿਚ ਦਲੀਲਾਂ, ਤੱਥਾਂ ਅਤੇ ਸਮਾਜਿਕ ਢਾਂਚਿਆਂ ਨਾਲ ਸਬੰਧਿਤ ਡਾਟੇ ਨੂੰ ਖੁਰਦ-ਬੁਰਦ ਕਰਨ ਦਾ ਕੰਮ ਕੀਤਾ ਗਿਆ। ਸਿਹਤ, ਸਿੱਖਿਆ ਅਤੇ ਵਿਕਾਸ ਦੀਆਂ ਸਾਰੀਆਂ ਮੱਦਾਂ ਨਾਲ ਸਬੰਧਿਤ ਅੰਕੜੇ ਇਕੱਤਰ ਕਰਨੇ ਹੀ ਬੰਦ ਕਰ ਦਿੱਤੇ ਗਏ। ਸਰਕਾਰ ਸੰਸਦ ਵਿਚ ਇਹ ਖੁਦ ਮੰਨ ਚੁੱਕੀ ਹੈ ਕਿ ਉਸ ਨੇ ਸੰਨ 2015 ਤੋਂ ਬਾਅਦ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਨਾਲ ਸਬੰਧਿਤ ਡਾਟਾ ਇਕੱਠਾ ਕਰਨਾ ਬੰਦ ਕਰ ਦਿੱਤਾ ਹੈ। ਸਰਕਾਰੀ ਨੀਤੀਆਂ, ਭਾਸ਼ਨਾਂ ਅਤੇ ਪ੍ਰਚਾਰ ਵਿਚੋਂ ਕਿਵੇਂ ਸਮਝੀਏ ਕਿ 2014 ਤੋਂ ਬਾਅਦ ਮੁਲਕ ਦੀ ਗਰੀਬੀ ਦੀ ਰੇਖਾ ਦਾ ਕੀ ਬਣਿਆ? ਕੀ ਮੁਲਕ ਵਿਚੋਂ ਭੁੱਖਮਰੀ ਅਤੇ ਕੁਪੋਸ਼ਣ ਦਾ ਸਫਾਇਆ ਹੋ ਚੁੱਕਾ ਹੈ? ਹਰ ਸਾਲ ਮਲੇਰੀਏ ਅਤੇ ਟੀ.ਬੀ. ਵਰਗੀਆਂ 'ਮਾਮੂਲੀ' ਬਿਮਾਰੀਆਂ ਨਾਲ ਮਰਨ ਵਾਲੇ 'ਮਾਮੂਲੀ ਨਾਗਰਿਕ' ਅਚਾਨਕ ਕਿਧਰ ਗਾਇਬ ਹੋ ਗਏ?

ਇਸ ਅੜਾਉਣੀ ਨੂੰ ਵੀ ਕਿਵੇਂ ਸਮਝਿਆ ਜਾਵੇ ਕਿਉਂਕਿ ਨਾ ਤਾਂ ਮੁਲਕ ਵਿਚੋਂ ਮਹਿੰਗਾਈ ਘਟ ਰਹੀ ਹੈ ਅਤੇ ਨਾ ਹੀ ਬੇਰੁਜ਼ਗਾਰੀ? ਕੀ ਕਿਸੇ ਮੁਲਕ ਦੀ ਸਰਕਾਰ ਨੇ ਆਪਣੇ ਨਾਗਰਿਕਾਂ ਲਈ ਘਰ ਤੋਂ ਪਹਿਲਾਂ 'ਲੈਟਰੀਨਾਂ' ਬਣਾਉਣ ਵਰਗਾ 'ਮਹਾਨ' ਕਾਰਜ ਕੀਤਾ ਹੋਵੇਗਾ? ਕਿਹੜੇ ਮੁਲਕ ਦੀ ਸਰਕਾਰ ਹੈ ਜਿਹੜੀ ਨਾਗਰਿਕਾਂ ਨੂੰ ਬਿਨਾ ਕਿਸੇ ਆਮਦਨ ਤੋਂ ਉਨ੍ਹਾਂ ਨੂੰ ਬੈਂਕਾਂ ਵਿਚ ਖਾਤੇ ਖੋਲ੍ਹਣ ਲਈ ਮਜਬੂਰ ਕਰਦੀ ਹੈ? ਕੀ ਕਿਤੇ ਆਧੁਨਿਕ ਇਤਿਹਾਸ ਵਿਚ ਅਜਿਹਾ ਨਿਜ਼ਾਮ ਦੇਖਿਆ ਹੈ ਜਿਹੜਾ ਕਿਸੇ ਨਾਗਰਿਕ ਨੂੰ 'ਮਾਸ ਖਾਣ' ਦੇ ਸ਼ੱਕ ਜਾਂ ਅਫਵਾਹ ਦੇ ਆਧਾਰ 'ਤੇ ਹੀ ਕੁੱਟ-ਕੁੱਟ ਕੇ ਮਾਰ ਦੇਵੇ? ਦੁਨੀਆ ਦਾ ਅਜਿਹਾ ਕਿਹੜਾ ਮੁਲਕ ਹੈ ਜਿਥੇ ਪ੍ਰਧਾਨ ਮੰਤਰੀ ਦਾ ਦਫਤਰ ਦੂਜੇ ਮੁਲਕ ਨਾਲ ਕੀਤਾ ਜਹਾਜ਼ਾਂ ਦਾ ਸੌਦਾ ਆਪਣੇ ਦੋਸਤ ਨੂੰ ਤੋਹਫੇ ਵਜੋਂ ਸੌਂਪ ਦੇਵੇ? ਕੀ ਅਜਿਹਾ ਸੰਭਵ ਹੈ ਕਿ ਜਿਸ ਸਰਜੀਕਲ ਸਟ੍ਰਾਈਕ ਬਾਰੇ ਸਾਰੇ ਕੌਮਾਂਤਰੀ ਸੁਰੱਖਿਆ ਮਾਹਿਰ ਅਤੇ ਮੀਡੀਆਂ ਰਿਪੋਰਟਾਂ 'ਕੋਈ ਨੁਕਸਾਨ ਨਹੀਂ ਹੋਇਆ' ਸਾਬਿਤ ਕਰ ਚੁੱਕੇ ਹੋਣ, ਉਸ ਸਟੰਟ ਦੇ ਸਿਰ 'ਤੇ ਅਵਾਮ ਦੀਆਂ ਵੋਟਾਂ ਬਟੋਰੀਆਂ ਜਾਂਦੀਆਂ ਹੋਣ?

ਇਸ ਸਵਾਲ ਦਾ ਕੀ ਜਵਾਬ ਹੋ ਸਕਦਾ ਹੈ ਕਿ 'ਵਿਸ਼ਵਾਸ' ਅਤੇ 'ਮੁਲਕ-ਪ੍ਰਸਤੀ' ਦੇ ਅੰਨ੍ਹੇਵਾਹ ਪ੍ਰਾਪੇਗੰਡੇ ਦੇ ਬਾਵਜੂਦ ਮੁਲਕ ਦੇ ਬਾਸ਼ਿੰਦਿਆਂ ਵਿਚ ਇਕ-ਦੂਜੇ ਲਈ ਬੇਗਾਨਗੀ, ਬੇਭਰੋਸਗੀ ਤੇ ਬੇਯਕੀਨੀ ਲਗਾਤਾਰ ਵਧ ਰਹੀ ਹੈ। 'ਇਕ ਧਰਮ, ਇਕ ਵਿਚਾਰਧਾਰਾ, ਇਕ ਸੋਚ' ਦੀ ਸਿਆਸੀ 'ਨਾ-ਸਮਝੀ' ਵਾਲੇ ਮੁਲਕ ਵਿਚੋਂ ਲਗਾਤਾਰ ਕਿਰ ਰਹੀ ਮਮਤਾ, ਸੰਵੇਦਨਸ਼ੀਲਤਾ ਅਤੇ ਸਹਿਣਸ਼ੀਲਤਾ ਤੋਂ ਬਿਨਾ ਕੀ 'ਭਾਰਤੀਅਤਾ' ਦੇ ਕੋਈ ਅਰਥ ਬਚ ਸਕਣਗੇ? ਪੂਰੇ ਦੇ ਪੂਰੇ ਜਿਉਂਦੇ-ਜਾਗਦੇ ਮੁਲਕ ਨੂੰ ਸਿਰਫ ਇਕ ਧਿਰ ਦੀਆਂ ਬੇਲਗਾਮ ਖਾਹਿਸ਼ਾਂ ਲਈ ਕੁਰਬਾਨ ਕੀਤਾ ਜਾਣਾ ਕਿਧਰ ਦੀ ਜਮਹੂਰੀਅਤ ਹੈ?

ਉਘੇ ਸ਼ਾਇਰ ਸਾਹਿਰ ਲੁਧਿਆਣਵੀ ਨੇ ਫਿਲਮਸਾਜ਼-ਅਦਾਕਾਰ ਗੁਰੂਦੱਤ ਦੀ ਫਿਲਮ 'ਪਿਆਸਾ' (1957) ਲਈ ਗੀਤ ਲਿਖਿਆ ਸੀ: ਜਿਨ੍ਹੇਂ ਨਾਜ਼ ਹੈ ਹਿੰਦ ਪਰ ਵੋ ਕਹਾਂ ਹੈ?... ਦਰਦ ਭਰੇ ਇਸ ਗੀਤ ਦੀਆਂ ਆਖਰੀ ਸਤਰਾਂ ਇਉਂ ਹਨ:

ਜ਼ਰਾ ਮੁਲਕ ਕੇ ਰਹਿਬਰੋਂ ਕੋ ਬੁਲਾਓ
ਯੇ ਕੂਚੇ, ਯੇ ਗਲੀਆਂ, ਯੇ ਮੰਜ਼ਰ ਦਿਖਾਓ
ਜਿਨ੍ਹੇਂ ਨਾਜ਼ ਹੈ ਹਿੰਦ ਪਰ ਉਨਕੋ ਲਾਓ
ਜਿਨ੍ਹੇਂ ਨਾਜ਼ ਹੈ ਹਿੰਦ ਪਰ ਵੋ ਕਹਾਂ ਹੈਂ?

# ਕੌਣ ਸੰਭਾਲੇਗਾ ਭਾਰਤ ਦੀ ਕਮਾਨ?

17ਵੀਂ ਲੋਕ ਸਭਾ ਲਈ ਜਾਰੀ ਚੋਣ ਅਮਲ ਸਿਆਸੀ ਲਿਹਾਜ਼ ਨਾਲ ਜਟਿਲ ਹੋ ਰਿਹਾ ਹੈ। ਕੋਈ ਇਕ ਪਾਰਟੀ ਨਹੀਂ, ਸਗੋਂ ਸਾਰੀਆਂ ਸਿਆਸੀ ਪਾਰਟੀਆਂ ਨਿਤ ਨਵੀਆਂ ਪੇਚੀਦਗੀਆਂ ਦਾ ਸਾਹਮਣਾ ਕਰ ਰਹੀਆਂ ਹਨ। ਕਾਰਨ? ਸੱਤ ਪੜਾਵਾਂ ਵਿਚ ਅਤੇ ਡੇਢ ਮਹੀਨਾ ਲੰਮੀ ਚੱਲਣ ਵਾਲੀ ਚੋਣ, ਸਿਆਸੀ ਜ਼ਮੀਨ 'ਤੇ ਕਿਸੇ ਅਜਿਹੇ ਸਪਸ਼ਟ ਲੱਛਣ ਜਾਂ ਰੁਝਾਨ ਨਹੀਂ ਦੱਸ ਰਹੀ ਜਿਸ ਤੋਂ ਪਾਰਟੀਆਂ ਨੂੰ ਆਪਣੇ ਭਵਿਖ ਦਾ ਅੰਦਾਜ਼ਾ ਲੱਗ ਸਕੇ। ਸਮੀਖਿਆਕਾਰਾਂ ਨੂੰ ਵੀ ਸਮਝ ਨਹੀਂ ਆ ਰਿਹਾ ਕਿ 23 ਮਈ ਤੋਂ ਬਾਅਦ ਬਣਨ ਵਾਲੀ ਸਰਕਾਰ ਕਿਸ ਤਰ੍ਹਾਂ ਦੀ ਹੋਵੇਗੀ?

ਇਹ ਦਾਅਵਾ ਕਰਨਾ ਆਸਾਨ ਹੈ ਕਿ ਕਿਸੇ ਦੇ ਪੱਖ ਜਾਂ ਵਿਰੋਧ ਵਿਚ ਲਹਿਰ ਚੱਲ ਰਹੀ ਹੈ ਪਰ ਅਜਿਹਾ ਦਾਅਵਾ ਕਰਨ ਵਾਲੇ ਖ਼ੁਦ ਨੂੰ ਉਸ ਲਹਿਰ ਬਾਰੇ ਪੂਰੇ ਸਪਸ਼ਟ ਨਹੀਂ ਹਨ। ਜੇ ਪੱਖ ਜਾਂ ਵਿਰੋਧ ਦੀ ਲਹਿਰ ਹੈ ਤਾਂ ਕੀ ਉਹ ਉਜਾਗਰ ਹੈ ਜਾਂ ਖਾਮੋਸ਼? ਜੋ ਕੁਝ ਹੈ, ਉਹ ਵੋਟਰ ਦੇ ਮਨ ਵਿਚ ਹੈ ਅਤੇ ਉਸ ਦੇ ਅੰਦਰ ਝਾਕਣ ਵਿਚ ਕੋਈ ਵੀ ਕਾਮਯਾਬ ਨਹੀਂ ਹੈ। ਵੋਟ ਦੀ ਜਿਹੜੀ ਫੀਸਦੀ ਸਾਹਮਣੇ ਆਈ ਹੈ, ਉਹ ਵੀ ਭਰਮ ਵਧਾ ਰਹੀ ਹੈ। ਦੇਸ਼ ਪੱਧਰ 'ਤੇ ਫੀਸਦੀ ਤਕਰੀਬਨ ਉਵੇਂ ਹੀ ਹੈ, ਜਿਵੇਂ 2014 ਵਿਚ ਸੀ ਪਰ ਜੇ ਖੇਤਰੀ ਪੈਮਾਨੇ 'ਤੇ ਦੇਖਿਆ ਜਾਵੇ ਤਾਂ ਇਸ ਫੀਸਦੀ ਵਿਚ ਉਤਰਾਅ-ਚੜ੍ਹਾਅ ਹੈ। ਵੋਟਰ ਸੂਚੀ ਵਿਚ ਨਵੇਂ ਵੋਟਰ ਜੁੜੇ ਹਨ ਅਤੇ ਨਵੇਂ ਵੋਟਰਾਂ ਵਿਚ ਵੋਟ ਪਾਉਣ ਦਾ ਉਤਸ਼ਾਹ ਹੁੰਦਾ ਹੈ। ਇਸੇ ਲਈ ਉਮੀਦ ਕੀਤੀ ਜਾਂਦੀ ਸੀ ਕਿ ਇਸ ਵਾਰ ਵੋਟ ਫੀਸਦ ਵਧੇਗਾ ਪਰ ਵਧਿਆ ਨਹੀਂ। ਇਸ ਲਈ ਪਾਰਟੀਆਂ ਦੇ ਕੰਨ ਖੜ੍ਹੇ ਹਨ ਅਤੇ ਉਹ ਚੋਣਾਂ ਵਿਚ ਵਾਰ-ਵਾਰ ਰਣਨੀਤੀਆਂ ਬਦਲ ਰਹੀਆਂ ਹਨ।

ਚੋਣਾਂ ਦੇ ਐਨ ਵਿਚਕਾਰ ਰਣਨੀਤੀ ਬਦਲਣ 'ਤੇ ਵਿਚਾਰ ਕਰਨ ਦਾ ਇਕ ਨਮੂਨਾ ਉਦੋਂ ਸਾਹਮਣੇ ਆਇਆ, ਜਦੋਂ ਆਰ.ਐਸ.ਐਸ. ਨੇ ਆਪਣੀ ਸਿਆਸੀ ਸ਼ਾਖਾ ਭਾਰਤੀ ਜਨਤਾ ਪਾਰਟੀ ਨੂੰ ਕਿਹਾ ਕਿ ਉਹ ਪੁਲਵਾਮਾ-ਬਾਲਾਕੋਟ ਦੇ ਘਟਨਾਕ੍ਰਮ ਤੋਂ ਕੱਢੇ ਜਾ ਸਕਣ ਵਾਲੇ ਰਾਸ਼ਟਰਵਾਦੀ ਅਕਸਾਂ ਅਤੇ ਪ੍ਰਧਾਨ ਮੰਤਰੀ ਦੀ ਸ਼ਖ਼ਸੀਅਤ 'ਤੇ ਜ਼ਿਆਦਾ ਭਰੋਸਾ ਕਰਨ ਦੀ ਬਜਾਏ ਸਥਾਨਕ ਮੁੱਦਿਆਂ 'ਤੇ ਧਿਆਨ ਕੇਂਦਰਿਤ ਕਰੇ। ਸੰਘ ਨੂੰ ਪਹਿਲਾਂ ਹੀ ਲੱਗ ਰਿਹਾ ਸੀ ਕਿ ਇਸ ਚੋਣ ਵਿਚ ਵੋਟਰਾਂ ਨੂੰ ਘਰੋਂ ਕੱਢਣਾ ਥੋੜ੍ਹਾ ਮੁਸ਼ਕਿਲ ਹੋਵੇਗਾ, ਇਸ ਲਈ ਉਸ ਨੇ ਆਪਣੇ ਸਮਰਥਨ ਆਧਾਰ ਨੂੰ ਸੌ ਫੀਸਦੀ ਵੋਟ ਪਾਉਣ ਦੀ ਅਪੀਲ ਕੀਤੀ ਸੀ। ਹੁਣ ਚਾਰ ਪੜਾਵਾਂ ਮਗਰੋਂ ਸੰਘ ਨੇ ਮੰਨ ਲਿਆ ਹੈ ਕਿ ਇਸ ਦੀ ਅਪੀਲ ਓਨੀ ਕਾਮਯਾਬ ਨਹੀਂ ਹੋਈ।

ਕਾਂਗਰਸ ਵੀ ਆਪਣੀ ਰਣਨੀਤੀ 'ਤੇ ਪੂਰੀ ਤਰ੍ਹਾਂ ਨਾਲ ਕਾਇਮ ਨਹੀਂ ਹੈ। ਇਸ ਦਾ ਸਬੂਤ ਪ੍ਰਿਅੰਕਾ ਗਾਂਧੀ ਦੇ ਇਰਦ-ਗਿਰਦ ਹੋਣ ਵਾਲੀ ਸਿਆਸਤ ਤੋਂ ਲਗਾਇਆ ਜਾ ਸਕਦਾ ਹੈ। ਜਿਸ ਦਿਨ ਤੋਂ ਉਹ ਮੈਦਾਨ ਵਿਚ ਉਤਰੀ ਹੈ, ਪਾਰਟੀ ਵਲੋਂ ਇਸ ਤਰ੍ਹਾਂ ਦੇ ਸੰਕੇਤ ਦਿੱਤੇ ਜਾ ਰਹੇ ਸਨ ਕਿ ਉਹ ਵਾਰਾਣਸੀ ਵਿਚ ਮੋਦੀ ਨੂੰ ਟੱਕਰ ਦੇਵੇਗੀ। ਮੋਟੇ ਤੌਰ 'ਤੇ ਮੰਨਿਆ ਜਾ ਰਿਹਾ ਸੀ ਕਿ ਜੇ ਪ੍ਰਿਅੰਕਾ ਵਿਰੋਧੀ ਧਿਰ ਦੀ ਸਾਂਝੀ ਉਮੀਦਵਾਰ ਬਣਦੀ ਹੈ ਤਾਂ ਮੋਦੀ ਦੇ ਮੁਕਾਬਲੇ ਮਿਲਣ ਵਾਲੀ ਸੰਭਾਵਿਤ ਹਾਰ ਵੀ ਉਸ ਦਾ ਸਿਆਸੀ ਕੱਦ ਬਹੁਤ ਵਧਾ ਦੇਵੇਗੀ। ਉਨ੍ਹਾਂ ਨੂੰ ਦਲਿਤ, ਯਾਦਵ, ਭੂਮੀਹਾਰ, ਮੁਸਲਮਾਨ ਵੋਟ ਤਾਂ ਮਿਲ ਹੀ ਸਕਦੇ ਸਨ ਅਤੇ ਨਾਲ ਹੀ ਉਹ ਔਰਤਾਂ ਤੇ ਨੌਜਵਾਨ ਵੋਟਰਾਂ ਨੂੰ ਆਪਣੇ ਵੱਲ ਆਕਰਸ਼ਤ ਕਰਕੇ ਮੋਦੀ ਲਈ ਜ਼ਿਕਰਯੋਗ ਚੁਣੌਤੀ ਖੜ੍ਹੀ ਕਰ ਸਕਦੀ ਸੀ। ਪਰਚਾ ਭਰਨ ਦੀਆਂ ਤਾਰੀਕਾਂ ਤੋਂ ਠੀਕ ਪਹਿਲਾਂ ਉਨ੍ਹਾਂ ਨੇ ਇਹ ਵੀ ਕਹਿ ਦਿੱਤਾ ਕਿ ਉਹ ਤਾਂ ਇਸ ਲੜਾਈ ਲਈ ਤਿਆਰ ਹੈ, ਬਸ ਪਾਰਟੀ ਪ੍ਰਧਾਨ ਦਾ ਹੁਕਮ ਮਿਲਣ ਦੀ ਦੇਰੀ ਹੈ। ਇਸ ਟੱਕਰ ਨਾਲ ਸਮੁੱਚੇ ਪੂਰਬੀ ਉਤਰ ਪ੍ਰਦੇਸ਼ ਵਿਚ ਕਾਂਗਰਸ ਦੀ ਚੋਣ ਮੁਹਿੰਮ ਨੂੰ ਨਵਾਂ ਉਛਾਲ ਮਿਲ ਸਕਦਾ ਸੀ ਪਰ ਐਨ ਮੌਕੇ 'ਤੇ ਪਾਰਟੀ ਨੇ ਪ੍ਰਿਅੰਕਾ ਨੂੰ ਪਿੱਛੇ ਖਿੱਚ ਲਿਆ।

ਦਿੱਲੀ ਦੀਆਂ 7 ਸੀਟਾਂ 'ਤੇ ਵੀ ਨਿਤ ਨਵੇਂ ਰਣਨੀਤਕ ਰੁਝਾਨ ਸਾਹਮਣੇ ਆ ਰਹੇ ਹਨ। ਕਾਂਗਰਸ ਅਤੇ 'ਆਪ' ਵਿਚਕਾਰ ਗੱਠਜੋੜ ਦੀਆਂ ਸੰਭਾਵਨਾਵਾਂ ਲਗਾਤਾਰ ਹਵਾ ਵਿਚ ਰਹੀਆਂ। ਇਸੇ ਕਾਰਨ ਭਾਜਪਾ ਅਤੇ ਕਾਂਗਰਸ ਉਮੀਦਵਾਰਾਂ ਦਾ ਐਲਾਨ ਨਹੀਂ ਕਰ ਸਕੀਆਂ। ਹੁਣ ਇਥੇ ਮੁਕਾਬਲਾ ਤਿਕੋਣਾ ਹੋਵੇਗਾ। ਕਾਂਗਰਸ ਨੇ ਆਪਣੇ ਸਾਰੇ ਵੱਡੇ ਆਗੂ ਮੈਦਾਨ ਵਿਚ ਉਤਾਰੇ ਹਨ। ਭਾਜਪਾ ਨੇ ਦੋ ਮਸ਼ਹੂਰ ਹਸਤੀਆਂ ਨੂੰ ਉਤਾਰਿਆ ਹੈ। 'ਆਪ' ਨੇ ਆਪਣੇ ਕਾਰਕੁਨਾਂ 'ਤੇ ਭਰੋਸਾ ਕੀਤਾ ਹੈ। ਉਂਜ, ਗੱਠਜੋੜ ਬਾਰੇ ਅਨਿਸਚਿਤਤਾ ਦਾ ਸਭ ਤੋਂ ਜ਼ਿਆਦਾ ਲਾਭ ਕੇਜਰੀਵਾਲ ਨੇ ਲਿਆ ਹੈ। ਖੈਰ! 23 ਮਈ ਨੂੰ ਵੋਟਰ ਬੋਲੇਗਾ, ਅਸੀਂ ਸਾਰੇ ਅਤੇ ਪਾਰਟੀਆਂ ਸੁਣਾਂਗੇ। 2014 ਵਿਚ ਵੋਟਰ ਨੇ ਵੋਟਾਂ ਤੋਂ ਪਹਿਲਾਂ ਹੀ ਬਹੁਤ ਕੁਝ ਬੋਲ ਦਿੱਤਾ ਸੀ ਪਰ ਐਤਕੀਂ ਉਹ ਆਪਣੇ 'ਮਨ ਕੀ ਬਾਤ' ਮਨ ਵਿਚ ਹੀ ਲਈ ਬੈਠੇ ਹਨ।

**-ਅਭੈ ਕੁਮਾਰ ਦੂਬੇ**

# ਲੋਕ ਫਤਵਾ ਸਿਰੇ ਚਾੜ੍ਹਨ ਤੋਂ ਪਹਿਲਾਂ ਹੀ ਮੈਦਾਨ ਛੱਡ ਗਏ ਵੱਡੀ ਗਿਣਤੀ ਵਿਧਾਇਕ

**ਚੰਡੀਗੜ੍ਹ:** ਪੰਜਾਬ ਦੇ 11 ਵਿਧਾਇਕਾਂ ਦਾ ਪੰਜ ਸਾਲ ਦੀ ਮਿਆਦ ਦੇ ਅਧਵਾਟੇ ਹੀ ਆਪਣੇ ਵਿਧਾਨ ਸਭਾ ਹਲਕਿਆਂ ਦੇ ਲੋਕਾਂ ਤੋਂ ਮੋਹ ਭੰਗ ਹੋ ਗਿਆ ਹੈ। ਲੋਕਾਂ ਵੱਲੋਂ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਭਾਰੀ ਆਸਾਂ ਨਾਲ ਜਿਤਾਏ 8 ਵਿਧਾਇਕ ਆਪਣੇ ਹਲਕਿਆਂ ਦੇ ਲੋਕਾਂ ਤੋਂ ਮੁੱਖ ਮੋੜ ਕੇ ਲੋਕ ਸਭਾ ਦੀਆਂ ਚੋਣਾਂ ਲੜ ਰਹੇ ਹਨ ਜਦਕਿ ਦੋ ਵਿਧਾਇਕਾਂ ਨੇ ਅਸਤੀਫੇ ਦੇ



ਸੁਖਪਾਲ ਸਿੰਘ ਖਹਿਰਾ



ਨਾਜ਼ਰ ਸਿੰਘ ਮਾਨਸ਼ਾਹੀਆ



ਐਚ. ਐਸ. ਫੂਲਕਾ

ਦਿੱਤੇ ਹਨ। ਇੰਜ ਜਾਪਦਾ ਹੈ ਕਿ ਲੋਕ ਸਭਾ ਚੋਣਾਂ ਤੋਂ ਬਾਅਦ ਪੰਜਾਬ ਵਿਧਾਨ ਸਭਾ ਦੀਆਂ ਉਪ ਚੋਣਾਂ ਦਾ ਬਿਗਲ ਵੱਜ ਜਾਵੇਗਾ ਅਤੇ ਮੁੜ ਸੂਬੇ ਦਾ ਵਿਕਾਸ ਚੋਣ ਜ਼ਾਬਤੇ ਵਿਚ ਅਟਕ ਕੇ ਰਹਿ ਜਾਵੇਗਾ।

ਆਮ ਆਦਮੀ ਪਾਰਟੀ (ਆਪ) ਦੀ ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਦੀ ਵਿਧਾਇਕ ਪ੍ਰੋਫੈਸਰ ਬਲਜਿੰਦਰ ਕੌਰ ਬਠਿੰਡਾ ਤੋਂ ਲੋਕ ਸਭਾ ਉਮੀਦਵਾਰ ਹੈ। ਸੂਤਰਾਂ ਅਨੁਸਾਰ ਪਾਰਟੀ ਨੂੰ ਕੋਈ ਹੋਰ ਯੋਗ ਉਮੀਦਵਾਰ ਨਾ ਮਿਲਣ ਕਾਰਨ ਮਜਬੂਰਨ ਉਸ ਨੂੰ ਮੈਦਾਨ 'ਚ ਉਤਾਰਨਾ ਪਿਆ। ਹਲਕਾ ਭੁਲੱਥ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਆਪਣੀ ਪੰਜਾਬ ਏਕਤਾ ਪਾਰਟੀ ਵੱਲੋਂ ਬਠਿੰਡਾ ਤੋਂ ਹੀ ਚੋਣ ਲੜ ਰਹੇ ਹਨ। ਸ੍ਰੀ ਖਹਿਰਾ ਵਿਧਾਨ ਸਭਾ ਦੀ ਥਾਂ ਪਾਰਲੀਮੈਂਟ ਵਿਚ ਜਾਣ ਦਾ ਆਪਣਾ ਸ਼ੌਕ ਪੂਗਾ ਰਹੇ ਹਨ ਕਿਉਂਕਿ ਇਹ ਚੋਣ ਲੜਨ ਦਾ ਫੈਸਲਾ ਉਨ੍ਹਾਂ ਖੁਦ ਹੀ ਲਿਆ ਹੈ। ਇਸੇ ਤਰ੍ਹਾਂ 'ਆਪ' ਤੋਂ ਅਸਤੀਫ਼ਾ ਦੇ ਚੁੱਕੇ ਹਲਕਾ ਜੈਤੋ ਦੇ ਵਿਧਾਇਕ ਮਾਸਟਰ ਬਲਦੇਵ ਸਿੰਘ ਵੀ ਪੰਜਾਬ ਏਕਤਾ ਪਾਰਟੀ ਵੱਲੋਂ ਫਰੀਦਕੋਟ ਤੋਂ ਚੋਣ ਲੜ ਰਹੇ ਹਨ। ਇਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਹਲਕਾ ਜਲਾਲਾਬਾਦ ਦੇ ਵਿਧਾਇਕ ਸੁਖਬੀਰ ਸਿੰਘ ਬਾਦਲ ਫਿਰੋਜ਼ਪੁਰ ਤੋਂ ਮੈਦਾਨ 'ਚ ਹਨ। ਉਨ੍ਹਾਂ ਵੱਲੋਂ ਲੋਕ ਸਭਾ ਦੀ ਚੋਣ ਲੜਨੀ ਮਜਬੂਰੀ ਹੈ ਕਿਉਂਕਿ ਉਹ ਪਾਰਟੀ ਵਿਚ ਉਠੀਆਂ ਬਾਗੀ ਸੁਰਾਂ ਸਮੇਤ ਹੋਰ ਕਈ ਤਰ੍ਹਾਂ ਦੇ ਸਿਆਸੀ ਸੰਕਟਾਂ ਵਿਚ ਘਿਰੇ ਪਏ ਹਨ ਅਤੇ ਉਨ੍ਹਾਂ ਨੂੰ ਪਾਰਟੀ ਦੇ ਵੱਕਾਰ ਲਈ ਮੈਦਾਨ ਵਿਚ ਉਤਰਨਾ ਪਿਆ ਹੈ। ਅਕਾਲੀ ਦਲ ਨੇ ਹਲਕਾ ਲਹਿਰਾਗਾਗਾ ਦੇ ਵਿਧਾਇਕ ਪਰਮਿੰਦਰ ਸਿੰਘ ਢੀਂਡਸਾ ਨੂੰ ਵੀ ਸਿਆਸੀ ਮਜਬੂਰੀ ਕਾਰਨ ਸੰਗਰੂਰ ਤੋਂ ਉਤਾਰਿਆ ਹੈ ਕਿਉਂਕਿ ਉਨ੍ਹਾਂ ਦੇ ਪਿਤਾ ਸੁਖਦੇਵ ਸਿੰਘ ਢੀਂਡਸਾ ਪਾਰਟੀ ਦੀਆਂ ਨੀਤੀਆਂ ਵਿਰੁੱਧ ਸਾਰੇ ਅਹੁਦਿਆਂ ਤੋਂ ਅਸਤੀਫਾ ਦੇ ਚੁੱਕੇ ਹਨ।

ਕਾਂਗਰਸ ਨੂੰ ਵੀ ਜਦੋਂ ਹੋਰ ਵੱਡੇ ਆਗੂਆਂ ਨੇ ਬਠਿੰਡਾ ਤੋਂ ਚੋਣ ਲੜਨ ਤੋਂ ਇਨਕਾਰ ਕਰ ਦਿੱਤਾ ਤਾਂ ਗਿੱਦੜਬਾਹਾ ਦੇ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਮੈਦਾਨ ਵਿਚ ਉਤਾਰਨਾ ਪਿਆ ਹੈ। ਇਸੇ ਤਰ੍ਹਾਂ ਕਾਂਗਰਸ ਨੇ ਹੁਸ਼ਿਆਰਪੁਰ ਤੋਂ ਵਿਧਾਨ ਸਭਾ ਹਲਕਾ ਚੱਬੇਵਾਲ ਦੇ ਵਿਧਾਇਕ ਡਾ. ਰਾਜ ਕੁਮਾਰ ਨੂੰ ਚੋਣ ਪਿੜ ਵਿਚ ਉਤਾਰਿਆ ਹੈ। ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਅਤੇ ਵਿਧਾਨ ਸਭਾ ਹਲਕਾ ਆਤਮ ਨਗਰ (ਲੁਧਿਆਣਾ) ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਲੁਧਿਆਣਾ ਤੋਂ ਚੋਣ ਲੜ ਰਹੇ ਹਨ। ਸ੍ਰੀ ਖਹਿਰਾ ਵਾਂਗ ਸ੍ਰੀ ਬੈਂਸ ਨੇ ਵੀ ਪਾਰਟੀ ਦੇ ਪ੍ਰਧਾਨ ਵਜੋਂ ਖੁਦ ਹੀ ਇਹ ਚੋਣ ਲੜਨ ਦਾ ਫੈਸਲਾ ਕੀਤਾ ਹੈ, ਜਿਸ ਤੋਂ ਸਾਫ ਹੈ ਕਿ ਉਹ ਵੀ ਵਿਧਾਨ ਸਭਾ ਦੀ ਥਾਂ ਪਾਰਲੀਮੈਂਟ ਵਿਚ ਜਾਣ ਦੇ ਵੱਧ ਚਾਹਵਾਨ ਹਨ।

ਇਸ ਤੋਂ ਇਲਾਵਾ ਭਾਜਪਾ ਨੇ ਵੀ ਫਗਵਾੜਾ ਦੇ ਵਿਧਾਇਕ ਸੋਮ ਪ੍ਰਕਾਸ਼ ਨੂੰ ਹੁਸ਼ਿਆਰਪੁਰ ਤੋਂ ਚੋਣ ਮੈਦਾਨ ਵਿਚ ਉਤਾਰਿਆ ਹੈ। ਆਮ ਆਦਮੀ ਪਾਰਟੀ (ਆਪ) ਦੇ ਬਾਗੀ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ ਨੇ ਕਾਂਗਰਸ 'ਚ ਸ਼ਾਮਲ ਹੋ ਕੇ ਵਿਧਾਇਕੀ ਤੋਂ ਅਸਤੀਫਾ ਦੇ ਦਿੱਤਾ ਹੈ। 'ਆਪ' ਦੇ ਵਿਧਾਇਕ ਐਚ.ਐਸ. ਫੂਲਕਾ ਪਹਿਲਾਂ ਹੀ ਅਸਤੀਫਾ ਦੇ ਚੁੱਕੇ ਹਨ। ਇਸ ਕਾਰਨ ਸ੍ਰੀ ਮਾਨਸ਼ਾਹੀਆ, ਫੂਲਕਾ, ਖਹਿਰਾ ਅਤੇ ਬਲਦੇਵ ਸਿੰਘ ਦੇ ਵਿਧਾਨ ਸਭਾ ਹਲਕਿਆਂ ਵਿਚ ਉਪ ਚੋਣਾਂ ਹੋਣੀਆਂ ਤਕਰੀਬਨ ਤੈਅ ਹਨ ਜਦਕਿ ਲੋਕ ਸਭਾ ਚੋਣਾਂ ਵਿਚ ਖੜ੍ਹੇ 9 ਵਿਧਾਇਕਾਂ ਵਿਚੋਂ ਜੇਤੂ ਰਹਿਣ ਵਾਲੇ ਵਿਧਾਇਕਾਂ ਦੇ ਵਿਧਾਨ ਸਭਾ ਹਲਕਿਆਂ ਵਿਚ ਵੀ ਉਪ ਚੋਣਾਂ ਹੋਣੀਆਂ ਵੀ ਸੁਭਾਵਕ ਹਨ।

# ਭਾਜਪਾ ਨੂੰ ਪੰਜਾਬੀਆਂ ਦੀ ਥਾਂ ਬਾਹਰੀ ਉਮੀਦਵਾਰਾਂ ਉਤੇ ਵੱਧ ਭਰੋਸਾ

**ਚੰਡੀਗੜ੍ਹ:** ਪੰਜਾਬ ਦੀ ਸੱਤਾ ਵਿਚ ਡੇਢ ਦਹਾਕਾ ਭਾਗੀਦਾਰ ਰਹਿਣ ਤੋਂ ਬਾਅਦ ਵੀ ਭਾਰਤੀ ਜਨਤਾ ਪਾਰਟੀ ਸੂਬੇ ਵਿਚ ਕੱਦਾਵਰ ਸਿਆਸੀ ਨੇਤਾ ਸਥਾਪਤ ਕਰਨ ਵਿਚ ਕਾਮਯਾਬ ਨਹੀਂ ਰਹੀ। ਸੂਬੇ ਵਿਚ 19 ਮਈ ਨੂੰ ਹੋਣ ਜਾ ਰਹੀਆਂ ਸੰਸਦੀ ਚੋਣਾਂ ਦੌਰਾਨ ਆਪਣੇ ਹਿੱਸੇ ਦੀਆਂ ਤਿੰਨ ਸੀਟਾਂ 'ਤੇ ਬਾਹਰੋਂ ਉਮੀਦਵਾਰ ਲਿਆਉਣ ਦੀ ਰਣਨੀਤੀ ਨੇ ਭਗਵਾਂ ਪਾਰਟੀ ਅੰਦਰ ਲੀਡਰਸ਼ਿਪ ਦੀ ਕਮੀ ਨੂੰ ਪੂਰੀ ਤਰ੍ਹਾਂ ਉਜਾਗਰ ਕਰ ਦਿੱਤਾ ਹੈ।

ਸ਼੍ਰੋਮਣੀ ਅਕਾਲੀ ਦਲ ਵਲੋਂ 1996 ਦੀਆਂ ਸੰਸਦੀ ਚੋਣਾਂ ਤੋਂ ਬਾਅਦ 13 ਦਿਨਾਂ ਲਈ ਬਣੀ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਨੂੰ ਬਿਨਾਂ ਸ਼ਰਤ ਸਮਰਥਨ ਦਿੱਤਾ ਗਿਆ ਸੀ ਜਿਸ ਨਾਲ ਅਕਾਲੀ-ਭਾਜਪਾ ਗੱਠਜੋੜ ਹੋਂਦ ਵਿਚ ਆਇਆ ਸੀ। ਸੰਸਦੀ ਚੋਣਾਂ ਦਾ ਇਤਿਹਾਸ ਦੇਖਿਆ ਜਾਵੇ ਤਾਂ ਭਾਰਤੀ ਜਨਤਾ ਪਾਰਟੀ ਹਰ ਵਾਰੀ ਨਵਾਂ ਚਿਹਰਾ ਬਾਹਰੋਂ ਉਤਾਰ ਰਹੀ ਹੈ। ਭਾਜਪਾ ਨੇ ਸਾਲ 1999 ਵਿਚ ਅਦਾਕਾਰ ਵਿਨੋਦ ਖੰਨਾ ਨੂੰ ਗੁਰਦਾਸਪੁਰ ਤੋਂ ਮੈਦਾਨ ਵਿਚ ਉਤਾਰਿਆ ਤੇ ਇਸੇ ਤਰ੍ਹਾਂ 2004 ਸੰਸਦੀ ਚੋਣਾਂ ਦੌਰਾਨ ਕ੍ਰਿਕਟਰ ਨਵਜੋਤ ਸਿੰਘ ਸਿੱਧੂ ਨੂੰ ਅੰਮ੍ਰਿਤਸਰ ਸੰਸਦੀ ਹਲਕੇ ਤੋਂ ਚੋਣ ਮੈਦਾਨ ਵਿਚ ਲਿਆਂਦਾ। ਇੱਥੇ ਹੀ ਬੱਸ ਨਹੀਂ ਸਾਲ 2014 ਦੀਆਂ ਚੋਣਾਂ ਦੌਰਾਨ ਪਾਰਟੀ ਨੇ ਨਵੀਂ ਦਿੱਲੀ ਤੋਂ ਆਪਣੇ ਕੱਦਾਵਰ ਨੇਤਾ ਤੇ ਵਿੱਤ ਮੰਤਰੀ ਅਰੁਣ ਜੇਤਲੀ ਨੂੰ ਅੰਮ੍ਰਿਤਸਰ ਤੋਂ ਚੋਣ ਲੜਾਈ ਪਰ ਉਹ ਮੌਜੂਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਵੱਡੇ ਅੰਤਰ ਨਾਲ ਹਾਰ ਗਏ।

ਪੰਜਾਬ ਵਿਚ ਲਗਾਤਾਰ ਇਕ ਦਹਾਕਾ ਸੱਤਾ ਦਾ ਆਨੰਦ ਭੋਗਣ ਤੋਂ ਬਾਅਦ ਅਕਾਲੀਆਂ ਵਾਂਗ ਹੀ ਭਾਈਵਾਲ ਭਾਜਪਾ ਵੀ ਸਿਆਸੀ ਸੰਕਟ ਦਾ ਸਾਹਮਣਾ ਕਰ ਰਹੀ ਸੀ। ਭਾਜਪਾ ਗੱਠਜੋੜ ਤਹਿਤ ਭਾਵੇਂ ਤਿੰਨ ਸੀਟਾਂ 'ਤੇ ਹੀ ਉਮੀਦਵਾਰ ਖੜ੍ਹੇ ਕਰਦੀ



ਸੰਨੀ ਦਿਓਲ

ਹੈ ਪਰ ਇਨ੍ਹਾਂ ਤਿੰਨਾਂ ਸੀਟਾਂ 'ਤੇ ਵੀ ਪ੍ਰਭਾਵਸ਼ਾਲੀ ਕਾਰਗੁਜ਼ਾਰੀ ਦਿਖਾਉਣਾ ਵੱਡੀ ਚੁਣੌਤੀ ਬਣਿਆ ਹੋਇਆ ਹੈ। ਇਹੀ ਕਾਰਨ ਹੈ ਕਿ ਭਾਜਪਾ ਨੇ ਕੱਦਾਵਾਰ ਫਿਲਮ ਅਦਾਕਾਰ ਧਰਮਿੰਦਰ ਸਿੰਘ ਦਿਓਲ ਦੇ ਵੱਡੇ ਪੁੱਤਰ ਸੰਨੀ ਦਿਓਲ ਦਾ ਸਹਾਰਾ ਲਿਆ। ਭਾਜਪਾ ਨੇ ਇਨ੍ਹਾਂ ਚੋਣਾਂ ਦੌਰਾਨ ਤਿੰਨਾਂ ਹਲਕਿਆਂ ਤੋਂ ਹੀ ਉਮੀਦਵਾਰ ਬਦਲ ਦਿੱਤੇ ਹਨ ਹਾਲਾਂਕਿ ਹੁਸ਼ਿਆਰਪੁਰ (ਰਾਖਵੇਂ) ਹਲਕੇ ਤੋਂ ਮੌਜੂਦਾ ਸੰਸਦ ਮੈਂਬਰ ਤੇ ਕੇਂਦਰੀ ਮੰਤਰੀ ਵਿਜੈ ਸਾਂਪਲਾ ਨੇ ਪਾਰਟੀ ਲੀਡਰਸ਼ਿਪ ਦੇ ਫੈਸਲੇ ਵਿਰੁੱਧ ਪ੍ਰਤੀਕਰਮ ਪ੍ਰਗਟ ਕੀਤਾ। ਭਾਰਤੀ ਜਨਤਾ ਪਾਰਟੀ ਵੱਲੋਂ ਆਗਾਮੀ ਸੰਸਦੀ ਚੋਣਾਂ ਦੌਰਾਨ ਵੀ ਦੋ ਸੰਸਦੀ ਹਲਕਿਆਂ ਅੰਮ੍ਰਿਤਸਰ ਤੋਂ ਸਾਬਕਾ ਨੌਕਰਸ਼ਾਹ ਤੇ ਕੇਂਦਰੀ ਮੰਤਰੀ ਹਰਦੀਪ ਪੁਰੀ ਅਤੇ ਗੁਰਦਾਸਪੁਰ ਤੋਂ ਫਿਲਮ ਅਦਾਕਾਰ ਸੰਨੀ ਦਿਓਲ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ। ਭਗਵਾਂ ਪਾਰਟੀ ਵੱਲੋਂ ਖੜ੍ਹੇ ਕੀਤੇ ਗਏ ਇਹ ਦੋਵੇਂ ਉਮੀਦਵਾਰ ਹੀ ਪੰਜਾਬੀਆਂ ਲਈ ਨਵੇਂ ਅਤੇ ਬਾਹਰਲੇ ਹਨ। ਸੰਨੀ ਦਿਓਲ ਦਾ ਪੰਜਾਬ ਨਾਲ ਸਿੱਧੇ ਤੌਰ 'ਤੇ ਕੋਈ ਵਾਹ ਵਾਸਤਾ ਨਹੀਂ ਰਿਹਾ। ਇਸ ਲਈ ਪਾਰਟੀ ਦੇ ਕਾਡਰ ਵਿਚ ਨਿਰਾਸ਼ਾ ਦਾ ਆਲਮ ਹੈ। ਭਾਰਤੀ ਜਨਤਾ ਪਾਰਟੀ ਦੀ ਲੀਡਰਸ਼ਿਪ ਦੀ ਸਮੀਖਿਆ ਕੀਤੀ ਜਾਵੇ ਤਾਂ ਇਹ ਪਾਰਟੀ ਪੰਜਾਬ ਅੰਦਰ ਸੱਤਾ 'ਚ ਰਹਿ ਕੇ ਵੀ ਕੋਈ ਅਜਿਹਾ ਕੱਦਾਵਰ ਨੇਤਾ ਪੈਦਾ ਨਹੀਂ ਕਰ ਸਕੀ ਜਿਸ ਦੇ ਸਹਾਰੇ ਵੋਟਾਂ ਮੰਗੀਆਂ ਜਾ ਸਕਣ। ਹਰ ਚੋਣ ਵੇਲੇ ਇਸ ਪਾਰਟੀ ਦਾ ਦਾਰੋਮਦਾਰ ਕੇਂਦਰੀ ਲੀਡਰਸ਼ਿਪ ਦੁਆਲੇ ਹੀ ਟਿਕਿਆ ਰਹਿੰਦਾ ਹੈ। ਭਗਵਾਂ ਪਾਰਟੀ ਅੰਦਰ ਧੜੇਬੰਦੀ ਨੂੰ ਖਤਮ ਕਰਨ ਲਈ ਵੀ ਸੂਬਾਈ ਜਾਂ ਕੇਂਦਰੀ ਲੀਡਰਸ਼ਿਪ ਨੇ ਕਦੇ ਗੰਭੀਰਤਾ ਨਹੀਂ ਦਿਖਾਈ। ਇਸ ਸਮੇਂ ਵੀ ਪਾਰਟੀ ਕਈ ਧੜਿਆਂ ਵਿਚ ਵੰਡੀ ਹੋਈ ਹੈ ਤੇ ਭਾਜਪਾ ਨੂੰ ਚੋਣਾਂ ਦੌਰਾਨ ਅਕਸਰ ਵੋਟਰਾਂ ਦੇ ਕਾਂਗਰਸ ਨਾਲ ਨਾਰਾਜ਼ ਹੋਣ ਦਾ ਸਿਆਸੀ ਲਾਭ ਹੀ ਮਿਲਦਾ ਰਿਹਾ ਹੈ।

# ਚੋਣਾਂ ਵਿਚ ਢਿੱਲ ਵਿਖਾਉਣ ਵਾਲੇ ਮੰਤਰੀਆਂ ਤੇ ਵਿਧਾਇਕਾਂ ਨੂੰ ਕੈਪਟਨ ਦੀ ਚਿਤਾਵਨੀ

**ਚੰਡੀਗੜ੍ਹ:** ਕੁਝ ਕਾਂਗਰਸ ਆਗੂਆਂ ਵੱਲੋਂ ਚੋਣ ਸਰਗਰਮੀ ਸ਼ੁਰੂ ਨਾ ਕੀਤੇ ਜਾਣ ਕਰਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਾਰੇ ਵਿਧਾਇਕਾਂ ਅਤੇ ਮੰਤਰੀਆਂ ਨੂੰ ਚਿਤਾਵਨੀ ਦਿੱਤੀ ਹੈ। ਉਨ੍ਹਾਂ ਕਿਹਾ ਹੈ ਕਿ ਜੇਕਰ ਮੰਤਰੀਆਂ ਦੀ ਕਾਰਗੁਜ਼ਾਰੀ ਆਪਣੇ ਹਲਕਿਆਂ ਵਿਚ ਪਾਰਟੀ ਦੇ ਮਿਆਰਾਂ ਅਨੁਸਾਰ ਨਾ ਹੋਈ ਤਾਂ ਉਨ੍ਹਾਂ ਦੀ ਵਜ਼ਾਰਤ ਵਿਚੋਂ ਛਾਂਟੀ ਕਰ ਦਿੱਤੀ ਜਾਵੇਗੀ ਅਤੇ ਵਿਧਾਇਕਾਂ ਨੂੰ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਟਿਕਟ ਤੋਂ ਹੱਥ ਧੋਣੇ ਪੈ ਸਕਦੇ ਹਨ। ਉਨ੍ਹਾਂ ਕਿਹਾ ਕਿ ਸਾਰਿਆਂ ਨੂੰ ਰਲ ਕੇ 'ਮਿਸ਼ਨ 13' ਦੀ ਸਫਲਤਾ ਲਈ ਜੁੱਟ ਜਾਣਾ ਚਾਹੀਦਾ ਹੈ।

ਇਹੀ ਹੁਕਮ ਚੇਅਰਮੈਨਾਂ ਅਤੇ ਸੰਭਾਵੀ ਚੇਅਰਮੈਨਾਂ ਲਈ ਲਾਗੂ ਹੋਣਗੇ। ਮੁੱਖ ਮੰਤਰੀ ਨੇ ਕਿਹਾ ਕਿ ਬੋਰਡਾਂ ਅਤੇ ਨਿਗਮਾਂ ਦੇ ਚੇਅਰਮੈਨ ਲਾਉਣ ਲਈ ਪਾਰਟੀ ਹਾਈਕਮਾਂਡ ਨੇ ਸੀਨੀਆਰਤਾ ਦੀ ਥਾਂ ਵਿਅਕਤੀਗਤ ਕਾਰਗੁਜ਼ਾਰੀ ਤੈਅ ਕਰ ਦਿੱਤੀ ਹੈ। ਜਾਣਕਾਰਾਂ ਮੁਤਾਬਕ ਪੰਜਾਬ ਵਿਚ ਕਾਂਗਰਸ ਵਿਧਾਇਕਾਂ, ਮੰਤਰੀਆਂ ਅਤੇ ਆਗੂਆਂ ਦੀ ਢਿੱਲੀ ਕਾਰਗੁਜ਼ਾਰੀ ਦੀਆਂ ਰਿਪੋਰਟਾਂ ਕਾਂਗਰਸ ਹਾਈਕਮਾਂਡ ਕੋਲ ਪਹੁੰਚੀਆਂ ਹਨ। ਇਸ ਫੈਸਲੇ ਦਾ ਮੰਤਵ ਪਾਰਟੀ ਵਿਚ ਕਾਰਗੁਜ਼ਾਰੀ ਆਧਾਰਿਤ ਸਭਿਆਚਾਰ ਨੂੰ ਉਤਸ਼ਾਹਿਤ ਕਰਨਾ ਹੈ। ਜਾਣਕਾਰੀ ਅਨੁਸਾਰ ਪਾਰਟੀ ਨੂੰ ਫਿਰੋਜ਼ਪੁਰ, ਸੰਗਰੂਰ ਅਤੇ ਸ੍ਰੀ ਆਨੰਦਪੁਰ ਸਾਹਿਬ ਹਲਕਿਆਂ 'ਚ ਅਜਿਹੀਆਂ ਰਿਪੋਰਟਾਂ ਮਿਲੀਆਂ ਹਨ ਕਿ ਉਥੇ ਸਾਰੇ ਆਗੂ ਅਜੇ ਸਰਗਰਮ ਨਹੀਂ ਹੋਏ ਹਨ ਜਿਨ੍ਹਾਂ ਵਿਚ ਕੁਝ ਮੌਜੂਦਾ ਅਤੇ ਸਾਬਕਾ ਵਿਧਾਇਕ ਵੀ ਸ਼ਾਮਲ ਹਨ। ਇਸੇ ਕਰਕੇ ਮੁੱਖ ਮੰਤਰੀ ਨੂੰ ਹਫਤੇ ਦੇ ਅੰਦਰ ਅੰਦਰ ਦੂਜੀ ਵਾਰ ਅਜਿਹਾ ਬਿਆਨ ਜਾਰੀ ਕਰਨਾ ਪਿਆ ਹੈ। ਬਾਦਲਾਂ ਨਾਲ ਨੇੜਤਾ ਦੇ ਲੱਗ ਰਹੇ ਦੋਸ਼ਾਂ ਬਾਰੇ ਕੈਪਟਨ ਨੇ ਕਿਹਾ ਕਿ ਉਹ ਬਠਿੰਡਾ ਤੋਂ ਅਕਾਲੀ ਉਮੀਦਵਾਰ ਹਰਸਿਮਰਤ ਬਾਦਲ ਅਤੇ ਫਿਰੋਜ਼ਪੁਰ ਤੋਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੂੰ ਧੂੜ ਚਟਾਉਣ ਲਈ ਆਪ ਚੋਣ ਮੁਹਿੰਮ ਦੀ ਅਗਵਾਈ ਕਰਨਗੇ।

ਪੰਜਾਬ ਪ੍ਰਦੇਸ਼ ਕਾਂਗਰਸ ਦੇ ਸਾਬਕਾ ਪ੍ਰਧਾਨ ਤੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਲੋਕ ਸਭਾ ਚੋਣਾਂ ਵਿਚ ਸੂਬੇ ਦੇ ਮਾੜੀ ਕਾਰਗੁਜ਼ਾਰੀ ਵਾਲੇ ਮੰਤਰੀਆਂ, ਵਿਧਾਇਕਾਂ ਵਿਰੁੱਧ ਕਾਰਵਾਈ ਕਰਨ ਦੇ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਇਸ ਲਈ ਸੂਬਾਈ ਲੀਡਰਸ਼ਿਪ ਨੂੰ ਵੀ ਜ਼ਿੰਮੇਵਾਰ ਠਹਿਰਾਇਆ ਜਾਣਾ ਚਾਹੀਦਾ ਹੈ। ਇਸ ਮਾਮਲੇ 'ਚ ਲੀਡਰਸ਼ਿਪ ਨੂੰ ਮਿਸਾਲ ਕਾਇਮ ਕਰਨੀ ਚਾਹੀਦੀ ਹੈ ਤੇ ਜੇ ਨਹੀਂ ਕਰ ਸਕਦੀ ਤਾਂ ਅਹੁਦੇ ਛੱਡ ਦੇਣੇ ਚਾਹੀਦੇ ਹਨ।

# ਜਗਮੀਤ ਬਰਾੜ ਦਾ 'ਸਾਥੀ' ਮੁੜ ਕਾਂਗਰਸ 'ਚ ਸ਼ਾਮਲ

**ਚੰਡੀਗੜ੍ਹ:** ਸਾਬਕਾ ਵਿਧਾਇਕ ਵਿਜੇ ਕੁਮਾਰ ਸਾਥੀ ਦੇ ਮੁੜ ਕਾਂਗਰਸ ਵਿਚ ਸ਼ਾਮਲ ਹੋਣ 'ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਉਨ੍ਹਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਕਈ ਆਗੂਆਂ ਵੱਲੋਂ ਪਾਰਟੀ ਦਾ ਰੁਖ ਕੀਤੇ ਜਾਣਾ ਇਸ ਗੱਲ ਦਾ ਸੰਕੇਤ ਹੈ ਕਿ ਉਨ੍ਹਾਂ ਦਾ ਹੋਰਨਾਂ ਪਾਰਟੀਆਂ ਤੋਂ ਮੋਹ ਭੰਗ ਹੋ ਰਿਹਾ ਹੈ।



ਵਿਜੇ ਸਾਥੀ ਨੇ 1997 ਵਿਚ ਮੋਗਾ ਤੋਂ ਕਾਂਗਰਸ ਦੇ ਉਮੀਦਵਾਰ ਵਜੋਂ ਚੋਣ ਲੜੀ ਸੀ ਪਰ ਹਾਰ ਗਏ ਸਨ। ਉਨ੍ਹਾਂ 2015 'ਚ ਕਾਂਗਰਸ ਛੱਡ ਦਿੱਤੀ। ਉਹ ਸਾਬਕਾ ਸੰਸਦ ਮੈਂਬਰ ਜਗਮੀਤ ਸਿੰਘ ਬਰਾੜ ਦੇ ਹਮਾਇਤੀ ਰਹੇ ਹਨ। ਬਰਾੜ ਹੁਣ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਹਨ। ਵਿਜੇ ਕੁਮਾਰ ਸਾਥੀ ਬਾਘਾਪੁਰਾਣਾ ਤੋਂ ਜਨਤਾ ਦਲ ਦੇ ਵਿਧਾਇਕ ਰਹੇ ਹਨ। ਸਾਬਕਾ ਵਿਧਾਇਕ ਨੇ ਭਰੋਸਾ ਦਿਵਾਇਆ ਕਿ ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਦੀ ਜਿੱਤ ਲਈ ਯਤਨ ਕਰਨਗੇ। ਕੈਪਟਨ ਨੇ ਕਿਹਾ ਕਿ ਸਾਥੀ ਦੇ ਤਜਰਬੇ ਦਾ ਪਾਰਟੀ ਨੂੰ ਫਾਇਦਾ ਹੋਵੇਗਾ।

ਆਮ ਆਦਮੀ ਪਾਰਟੀ ਵੱਲੋਂ ਕਾਂਗਰਸ ਉਤੇ ਵਿਧਾਇਕਾਂ ਨੂੰ ਆਪਣੇ ਵੱਲ ਖਿੱਚਣ ਲਈ ਧਨ ਦੀ ਵਰਤੋਂ ਕੀਤੇ ਜਾਣ ਦੇ ਦੋਸ਼ਾਂ ਨੂੰ ਮੁੱਖ ਮੰਤਰੀ ਨੇ ਸਿਰੇ ਤੋਂ ਖਾਰਜ ਕਰਦਿਆਂ ਕਿਹਾ ਕਿ ਕਾਂਗਰਸ ਨੂੰ ਹੋਰ ਵਿਧਾਇਕਾਂ ਦੀ ਹੁਣ ਕੀ ਜ਼ਰੂਰਤ ਹੈ? ਪਹਿਲਾਂ ਹੀ 78 ਵਿਧਾਇਕ ਹਨ।

ਆਮ ਆਦਮੀ ਪਾਰਟੀ ('ਆਪ') ਦੇ ਆਗੂ ਭਗਵੰਤ ਮਾਨ ਵੱਲੋਂ ਜਾਰੀ ਕੀਤੀ ਇਕ ਵੀਡੀਓ 'ਤੇ ਟਿੱਪਣੀ ਕਰਦੇ ਹੋਏ ਕੈਪਟਨ ਨੇ ਇਸ ਨੂੰ ਪਾਰਟੀ ਵਿਚ ਫੈਲੀ ਨਿਰਾਸ਼ਾ ਦੱਸਿਆ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ ਦੇ ਲੋਕਾਂ ਦਾ ਸਮਰਥਨ ਹਾਸਲ ਕਰਨ ਵਿਚ ਅਸਫਲ ਰਹੀ ਹੈ ਤੇ ਪਾਰਟੀ ਚਾਲਬਾਜ਼ੀਆਂ ਤੱਕ ਸੀਮਤ ਹੋ ਕੇ ਰਹਿ ਗਈ ਹੈ।

# ਸਿਆਸੀ ਤਾਕਤ ਵਿਖਾਉਣ ਤੋਂ ਨਾ ਟਲਿਆ ਸੁੱਚਾ ਸਿੰਘ ਲੰਗਾਹ

**ਬਟਾਲਾ:** ਪੰਥ ਵਿਚੋਂ ਛੇਕਿਆ ਸਾਬਕਾ ਅਕਾਲੀ ਆਗੂ ਸੁੱਚਾ ਸਿੰਘ ਲੰਗਾਹ ਆਪਣੀ ਸਿਆਸੀ ਤਾਕਤ ਵਿਖਾਉਣ ਵਿਚ ਜੁਟਿਆ ਹੋਇਆ ਹੈ। ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਲੰਗਾਹ ਨਾਲ ਨਾ-ਮਿਲਵਰਤਣ ਕਰਨ ਦੇ ਆਦੇਸ਼ਾਂ ਨੂੰ ਨਜ਼ਰਅੰਦਾਜ਼ ਕਰਦਿਆਂ ਕਸਬਾ ਕਲਾਨੌਰ 'ਚ ਹਲਕਾ ਡੇਰਾ ਬਾਬਾ ਨਾਨਕ ਦੇ ਕੁਝ ਅਕਾਲੀ ਆਗੂਆਂ ਅਤੇ ਵੱਡੀ ਗਿਣਤੀ ਸਮਰਥਕਾਂ ਨੇ ਲੰਗਾਹ ਦੀ ਰੈਲੀ ਵਿਚ ਸ਼ਮੂਲੀਅਤ ਕੀਤੀ। ਇਹ ਰੈਲੀ ਸੁੱਚਾ ਸਿੰਘ ਲੰਗਾਹ ਵੱਲੋਂ ਅਕਾਲੀ-ਭਾਜਪਾ ਉਮੀਦਵਾਰ ਦੇ ਹੱਕ ਵਿਚ ਕੀਤੀ ਗਈ ਹੈ।

ਸੁੱਚਾ ਸਿੰਘ ਲੰਗਾਹ ਨੇ ਰੈਲੀ ਦੌਰਾਨ ਜਜ਼ਬਾਤੀ ਹੁੰਦਿਆਂ ਕਿਹਾ ਕਿ ਉਸ ਖਿਲਾਫ ਝੂਠੀ ਵੀਡੀਓ ਵਾਇਰਲ ਕੀਤੀ ਗਈ। ਇਸੇ ਝੂਠੀ ਵੀਡੀਓ ਕਾਰਨ ਉਸ ਨੂੰ ਦੋ ਸਜ਼ਾਵਾਂ ਮਿਲੀਆਂ, ਇਕ ਤਾਂ ਅਕਾਲੀ ਦਲ ਨੇ ਪਾਰਟੀ ਵਿਚ ਕੱਢਿਆ ਤੇ ਦੂਜਾ ਅਕਾਲ ਤਖਤ ਨੇ ਉਸ ਨੂੰ ਪੰਥ ਵਿਚੋਂ ਛੇਕ ਦਿੱਤਾ। ਲੰਗਾਹ ਨੇ ਸਪਸ਼ਟ ਕੀਤਾ ਕਿ ਅਕਾਲ ਤਖਤ ਉਸ ਲਈ 'ਰੱਬ' ਹੈ ਅਤੇ ਜੇਕਰ ਅਕਾਲ ਤਖਤ ਵੱਲੋਂ ਉਸ ਨੂੰ ਘਰ ਬੈਠਣ ਜਾਂ ਚੋਣ ਮੀਟਿੰਗਾਂ ਨਾ ਕਰਨ ਦੇ ਆਦੇਸ਼ ਹੋਣਗੇ ਤਾਂ ਉਹ ਇਨ੍ਹਾਂ ਹੁਕਮਾਂ ਦੀ ਪਾਲਣਾ ਜ਼ਰੂਰ ਕਰੇਗਾ।

ਰੈਲੀ ਦੌਰਾਨ ਲੰਗਾਹ ਨੇ ਹਲਕਾ ਵਿਧਾਇਕ ਤੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੂੰ ਲਲਕਾਰਿਆ ਅਤੇ ਉਨ੍ਹਾਂ 'ਤੇ ਨਿੱਜੀ ਹਮਲੇ ਕੀਤੇ। ਉਸ ਨੇ ਕਿਹਾ ਕਿ ਮੰਤਰੀ ਰੰਧਾਵਾ ਦੀ ਹਲਕੇ ਵਿਚ ਦਹਿਸ਼ਤ ਹੈ। ਹੈਰਾਨੀ ਦੀ ਗੱਲ ਇਹ ਸੀ ਕਿ ਉਸ ਵੱਲੋਂ ਰੰਧਾਵਾ 'ਤੇ ਦੋਸ਼ ਲਾਉਣ ਸਮੇਂ ਪੰਡਾਲ 'ਚ ਬੈਠੇ ਸਮਰਥਕ ਜੈਕਾਰੇ ਛੱਡਦੇ ਰਹੇ।

ਲੰਗਾਹ ਨੇ ਹਲਕੇ 'ਚ ਕਾਂਗਰਸ ਦੀਆਂ ਤਿੰਨ ਟੀਮਾਂ ਦੱਸਦਿਆਂ ਕਿਹਾ ਕਿ ਕੁਝ ਨੀਲੀਆਂ ਪੱਗਾਂ ਵਾਲੇ, ਜੋ ਖੁਦ ਨੂੰ ਅਕਾਲੀ ਦੱਸਦੇ ਹਨ, ਅਸਲ ਵਿਚ ਕਾਂਗਰਸ ਦੀ 'ਬੀ ਤੇ ਸੀ' ਟੀਮ ਦਾ ਹਿੱਸਾ ਹਨ। ਇਸ ਮੌਕੇ ਹੋਰ ਕਈ ਅਕਾਲੀ ਆਗੂਆਂ ਨੇ ਆਪਣੇ ਵਿਚਾਰ ਰੱਖੇ।


ਦੱਸਣਯੋਗ ਹੈ ਕਿ ਵੱਖ-ਵੱਖ ਧਾਰਮਿਕ, ਸਮਾਜ ਸੇਵੀ ਜਥੇਬੰਦੀਆਂ ਦੇ ਆਗੂਆਂ ਨੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਨਾਮ ਪੱਤਰ ਦੇ ਕਿ ਦੱਸਿਆ ਸੀ ਕਿ ਪੰਥ 'ਚ ਛੇਕਿਆ ਲੰਗਾਹ ਚੋਣ ਮੀਟਿੰਗਾਂ ਕਰਕੇ ਅਕਾਲ ਤਖਤ ਨੂੰ ਸਿੱਧੀ ਚੁਣੌਤੀ ਦੇ ਰਿਹਾ ਹੈ। ਇਸ ਪਿਰਤ ਨਾਲ ਕੌਮ ਨੂੰ ਭਵਿੱਖ ਵਿਚ ਜਿਥੇ ਨੁਕਸਾਨ ਹੋਵੇਗਾ, ਉਥੇ ਤਖਤ ਦੇ ਜਥੇਦਾਰ ਦੇ ਆਦੇਸ਼ ਵੀ ਅਰਥਹੀਣ ਹੋ ਜਾਣਗੇ।

### ਲੰਗਾਹ ਬਾਰੇ ਆਪਣੀ ਸਥਿਤੀ ਸਪੱਸ਼ਟ ਕਰਨ ਬਾਦਲ: ਰੰਧਾਵਾ


ਹਲਕਾ ਡੇਰਾ ਬਾਬਾ ਨਾਨਕ ਤੋਂ ਵਿਧਾਇਕ ਤੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਅਕਾਲ ਤਖਤ ਦੇ ਜਥੇਦਾਰ ਵੱਲੋਂ ਸੁੱਚਾ ਸਿੰਘ ਲੰਗਾਹ ਨਾਲ ਨਾ-ਮਿਲਵਰਤਣ ਕਰਨ ਦੇ ਦਿੱਤੇ ਆਦੇਸ਼ਾਂ ਦੇ ਉਲਟ ਉਸ ਦੀ ਰੈਲੀ 'ਚ ਸ਼ਮੂਲੀਅਤ ਕਰਨ ਵਾਲੇ ਅਕਾਲੀ ਆਗੂਆਂ ਤੇ ਸਮਰਥਕਾਂ ਖਿਲਾਫ ਕੀ ਕਾਰਵਾਈ ਕੀਤੀ ਜਾਂਦੀ ਹੈ, ਸਿੱਖ ਕੌਮ ਇਸ ਦਾ ਇੰਤਜ਼ਾਰ ਕਰੇਗੀ। ਉਨ੍ਹਾਂ ਬਾਦਲਾਂ ਤੋਂ ਪੁੱਛਿਆ ਕਿ ਲੰਗਾਹ ਵੱਲੋਂ ਜੋ ਅਕਾਲੀ ਦਲ ਦੀਆਂ ਚੋਣ ਮੀਟਿੰਗਾਂ/ਰੈਲੀਆਂ ਕੀਤੀਆਂ ਜਾ ਰਹੀਆਂ ਹਨ, ਉਸ ਬਾਰੇ ਉਹ ਸਥਿਤੀ ਸਪੱਸ਼ਟ ਕਰਨ। ਉਨ੍ਹਾਂ ਲੰਗਾਹ ਵੱਲੋਂ ਰੈਲੀ ਮੌਕੇ ਕੀਤੇ ਨਿੱਜੀ ਹਮਲਿਆਂ 'ਤੇ ਕਿਸੇ ਤਰ੍ਹਾਂ ਦੀ ਟਿੱਪਣੀ ਕਰਨ ਤੋਂ ਇਨਕਾਰ ਕੀਤਾ। ਉਨ੍ਹਾਂ ਬਾਦਲਾਂ ਨੂੰ ਸਵਾਲ ਕੀਤਾ ਕਿ ਕੀ ਲੰਗਾਹ ਅਕਾਲ ਤਖਤ ਤੋਂ 'ਉਪਰ' ਹੈ, ਜੋ ਤਖਤ ਨੂੰ ਚੁਣੌਤੀ ਦੇ ਰਿਹਾ ਹੈ। ਉਨ੍ਹਾਂ ਅਕਾਲ ਤਖਤ ਦੇ ਜਥੇਦਾਰ ਨੂੰ ਆਪਣੀ ਕਾਰਵਾਈ ਕਰਨ ਦੀ ਅਪੀਲ ਕੀਤੀ।

# ਯੁਨਾਈਟਿਡ ਸਪੋਰਟਸ ਕਲੱਬ ਕਬੱਡੀ ਫੈਡਰੇਸ਼ਨਾਂ ਦੇ ਸਾਂਝੇ ਫੈਸਲੇ ਲਾਗੂ ਕਰਨ ਲਈ ਹੋਵੇਗਾ ਵਚਨਬੱਧ: ਗਾਖਲ

**ਵਾਟਸਨਵਿਲ (ਬਿਊਰੋ):** ਯੁਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਦੀ ਇਕ ਅਹਿਮ ਮੀਟਿੰਗ ਇੱਥੇ ਕਲੱਬ ਦੇ ਮੁੱਖ ਸੰਚਾਲਕ ਤੇ ਸਰਪ੍ਰਸਤ ਅਮੋਲਕ ਸਿੰਘ ਗਾਖਲ ਦੀ ਅਗਵਾਈ ਹੇਠ ਚੇਅਰਮੈਨ ਮੱਖਣ ਸਿੰਘ ਬੈਂਸ ਅਤੇ ਪ੍ਰਧਾਨ ਜੁਗਰਾਜ ਸਿੰਘ ਸਹੋਤਾ ਤੇ ਉਪ ਪ੍ਰਧਾਨ ਇਕਬਾਲ ਸਿੰਘ ਗਾਖਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ 15 ਸਤੰਬਰ, ਐਤਵਾਰ ਨੂੰ ਕਰਵਾਏ ਜਾ ਰਹੇ 15ਵੇਂ ਵਿਸ਼ਵ ਕਬੱਡੀ ਕੱਪ ਦੀਆਂ ਤਿਆਰੀਆਂ ਤੇ ਵਿਸਥਾਰ ਵਿਚ ਚਰਚਾ ਕੀਤੀ ਗਈ।



ਅਮੋਲਕ ਸਿੰਘ ਗਾਖਲ



ਤੀਰਥ ਗਾਖਲ

ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਵਸ ਨੂੰ ਸਮਰਪਿਤ ਇਸ ਕਬੱਡੀ ਕੱਪ ਨੂੰ ਇਤਿਹਾਸਕ ਬਣਾਉਣ ਲਈ ਸਾਰਿਆਂ ਨੇ ਆਪੋ ਆਪਣੇ ਸੁਝਾਅ ਦਿੱਤੇ ਅਤੇ ਕਬੱਡੀ ਕੱਪ ਕਰਵਾਉਣ ਵਿਚ ਅਮਰੀਕਾ ਦੀਆਂ ਪੰਜ ਪ੍ਰਮੁੱਖ ਧਾਰਮਿਕ ਸ਼ਖਸੀਅਤਾਂ ਨੂੰ ਸਨਮਾਨਿਤ ਕਰਨ ਦੀ ਤਜਵੀਜ਼ ਵੀ ਰੱਖੀ ਗਈ।

ਇਕ ਹੋਰ ਅਹਿਮ ਫੈਸਲੇ ਅਨੁਸਾਰ ਇਸ ਵਿਸ਼ਵ ਕਬੱਡੀ ਕੱਪ ਲਈ ਦੁਨੀਆਂ ਭਰ ਦੀਆਂ ਕਬੱਡੀ ਫੈਡਰੇਸ਼ਨਾਂ, ਜੋ ਵੀ ਸਰਬ ਸਾਂਝਾ ਫੈਸਲਾ ਲੈਣਗੀਆਂ, ਉਸੇ ਨੂੰ ਪ੍ਰਵਾਨ ਕੀਤਾ ਜਾਵੇਗਾ। ਕਬੱਡੀ ਖਿਡਾਰੀਆਂ 'ਤੇ ਡਰੱਗ ਦੇ ਦੋਸ਼ਾਂ 'ਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਸ. ਗਾਖਲ ਨੇ ਕਿਹਾ ਕਿ ਇਸ ਦਾ ਦੋਸ਼ ਸਿਰਫ ਖਿਡਾਰੀਆਂ ਨੂੰ ਹੀ ਨਹੀਂ ਦਿੱਤਾ ਜਾਣਾ ਚਾਹੀਦਾ, ਸਗੋਂ ਕਬੱਡੀ ਨਾਲ ਜੁੜੀਆਂ ਕਲੱਬਾਂ ਨੂੰ ਵੀ ਆਪਣੀ ਬਣਦੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਅਜਿਹੀ ਮੁਸੀਬਤ ਤੋਂ ਖਿਡਾਰੀਆਂ ਨੂੰ ਬਚਾਉਣ ਲਈ ਯਤਨ ਕੀਤੇ ਜਾਣੇ ਚਾਹੀਦੇ ਹਨ, ਨਾ ਕਿ ਆਪਣੇ ਨਿੱਜੀ ਸਵਾਰਥਾਂ ਲਈ ਖਿਡਾਰੀਆਂ ਨਾਲ ਕੋਈ ਸਿਆਸਤ ਕੀਤੀ ਜਾਵੇ।

ਇਸ ਮੌਕੇ ਕਲੱਬ ਦੇ ਤਕਨੀਕੀ ਪ੍ਰਬੰਧਾਂ ਦੀ ਦੇਖ ਰੇਖ ਕਰਨ ਵਾਲੇ ਸਾਬਕਾ ਕੌਮਾਂਤਰੀ ਕਬੱਡੀ ਖਿਡਾਰੀ ਤੀਰਥ ਸਿੰਘ ਗਾਖਲ ਨੇ ਕਿਹਾ ਕਿ ਨਾਡਾ ਦੇ ਨਿਯਮਾਂ ਦੀ ਪਾਲਣਾ ਕੀਤੀ ਜਾਵੇਗੀ ਤੇ ਜਿਨ੍ਹਾਂ ਖਿਡਾਰੀਆਂ ਨੂੰ ਨਾਡਾ ਟੈਸਟ ਤੋਂ ਬਾਅਦ ਪ੍ਰਵਾਨਗੀ ਮਿਲਦੀ ਹੈ, ਉਨ੍ਹਾਂ ਨੂੰ ਹੀ ਕਬੱਡੀ ਕੱਪ ਵਿਚ ਬਾਇੱਜਤ ਖੇਡਣ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਤੀਰਥ ਗਾਖਲ ਨੇ ਇਹ ਵੀ ਕਿਹਾ ਕਿ ਭਾਰਤ ਵਿਚ ਇਕ ਕਬੱਡੀ ਕੱਪ ਵਿਚ ਇਕ ਮੈਚ ਖੇਡਣ ਲਈ ਟੀਮ ਨੂੰ 30 ਤੋਂ 40 ਹਜ਼ਾਰ ਪਾਰਟੀਸਿਪੇਸ਼ਨ ਦਿੱਤੀ ਜਾਂਦੀ ਹੈ, ਇਕ ਦਿਨ ਵਿਚ ਕਿੰਨੇ ਕਿੰਨੇ ਮੈਚ ਖੇਡਣ ਲਈ ਹਾਲਾਤ ਵੀ ਪੈਦਾ ਕੀਤੇ ਜਾਂਦੇ ਹਨ ਅਤੇ ਉਸ ਤੋਂ ਅਗਲੇ ਦਿਨ ਹੀ ਹੋਰ ਟੂਰਨਾਮੈਂਟ ਹੁੰਦਾ ਹੈ, ਜਿਸ ਕਾਰਨ ਖਿਡਾਰੀਆਂ ਨੂੰ ਆਰਾਮ ਦਾ ਮੌਕਾ ਨਹੀਂ ਮਿਲਦਾ। ਇਸ ਲਈ ਅਗਲੇ ਟੂਰਨਾਮੈਂਟ ਤੋਂ ਪਹਿਲਾਂ ਖਿਡਾਰੀਆਂ ਨੂੰ ਆਰਾਮ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਉਨ੍ਹਾਂ ਤਜਵੀਜ਼ ਪੇਸ਼ ਕੀਤੀ ਕਿ ਖਿਡਾਰੀਆਂ ਨੂੰ ਦਿੱਤਾ ਜਾਣ ਵਾਲਾ ਮਾਣਭੱਤਾ ਹੋਰ ਵਧਾਇਆ ਜਾਵੇ ਅਤੇ ਇਕ ਦਿਨ ਵਿਚ ਦੋ ਤੋਂ ਵੱਧ ਮੈਚ ਖੇਡਣ ਦੀ ਵਿਵਸਥਾ ਨਾ ਕੀਤੀ ਜਾਵੇ।

ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਉਨ੍ਹਾਂ ਦਾ ਪਰਿਵਾਰ ਮਾਂ ਖੇਡ ਕਬੱਡੀ ਨੂੰ ਪ੍ਰਫੁਲਿਤ ਕਰਨ ਲਈ ਹਮੇਸ਼ਾ ਯਤਨ ਕਰਦਾ ਰਿਹਾ ਹੈ ਅਤੇ ਉਨ੍ਹਾਂ ਦੀ ਸਰਪ੍ਰਸਤੀ ਹੇਠ ਯੁਨਾਈਟਿਡ ਸਪੋਰਟਸ ਕਲੱਬ ਆਪਣੀ ਬਣਦੀ ਜ਼ਿੰਮੇਵਾਰੀ ਹੀ ਨਹੀਂ ਨਿਭਾਏਗਾ, ਸਗੋਂ ਖਿਡਾਰੀਆਂ ਵਿਚ ਖੇਡ ਭਾਵਨਾ ਨੂੰ ਪ੍ਰਫੁਲਿਤ ਕਰਨ ਲਈ ਹਮੇਸ਼ਾ ਯਤਨ ਕਰਦਾ ਰਹੇਗਾ। ਜੇ ਅਸੀਂ ਆਉਣ ਵਾਲੀਆਂ ਨਸਲਾਂ ਨੂੰ ਕਬੱਡੀ ਨਾਲ ਅਤੇ ਸਿਹਤ ਸੰਭਾਲ ਨਾਲ ਜੋੜਨਾ ਹੈ ਤੇ ਖੇਡਾਂ ਪ੍ਰਤੀ ਲਗਨ ਵਾਲਾ ਮਾਹੌਲ ਪੈਦਾ ਕਰਕੇ ਦੇਣਾ ਹੈ ਤਾਂ ਸੱਚੀਂ ਹੀ ਕਬੱਡੀ ਕਲੱਬਾਂ ਨੂੰ ਤੇ ਕਬੱਡੀ ਹਮਦਰਦਾਂ, ਪ੍ਰਸ਼ੰਸਕਾਂ ਅਤੇ ਸੁਪੋਰਟਰਾਂ ਨੂੰ ਅੱਗੇ ਆਉਣਾ ਹੀ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ 15ਵੇਂ ਕਬੱਡੀ ਕੱਪ 'ਤੇ ਰਾਜਾ ਸਵੀਟਸ ਵਲੋਂ ਪਹਿਲਾਂ ਵਾਂਗ ਖਿਡਾਰੀਆਂ ਲਈ ਚਾਹ ਪਕੌੜਿਆਂ ਦਾ ਲੰਗਰ ਵਰਤਾਇਆ ਜਾਵੇਗਾ।

ਮੀਟਿੰਗ 'ਚ ਹੋਰਾਂ ਤੋਂ ਇਲਾਵਾ ਪਲਵਿੰਦਰ ਸਿੰਘ ਗਾਖਲ, ਗੋਪੀ ਗਾਖਲ, ਗੁਲਵਿੰਦਰ ਸਿੰਘ ਗਾਖਲ, ਨਰਿੰਦਰ ਸਿੰਘ ਸਹੋਤਾ, ਪਿੰਕੀ ਅਟਵਾਲ, ਇੰਦਰਜੀਤ ਸਿੰਘ ਥਿੰਦ, ਅਮਨਦੀਪ ਸਿੰਘ, ਬਲਜਿੰਦਰ ਸਿੰਘ ਗਾਖਲ ਤੇ ਦੇਬੀ ਸੋਹਲ ਹਾਜ਼ਰ ਸਨ।

# ਸਾਰੰਗੀ ਮਾਸਟਰ ਭਾਈ ਕਰਮ ਸਿੰਘ ਲੰਗੜੋਆ ਨਹੀਂ ਰਹੇ

**ਨਿਊ ਜਰਸੀ (ਬਿਊਰੋ):** ਸਵਰਗੀ ਗਿਆਨੀ ਦਇਆ ਸਿੰਘ ਦਿਲਬਰ ਨਵਾਂ ਸ਼ਹਿਰ ਵਾਲਿਆਂ ਦੇ ਢਾਡੀ ਜਥੇ ਨਾਲ 55 ਸਾਲ ਸਾਰੰਗੀ 'ਤੇ ਸਾਥ ਦੇਣ ਵਾਲੇ ਪ੍ਰਸਿੱਧ ਸਾਰੰਗੀ ਵਾਦਕ ਭਾਈ ਕਰਮ ਸਿੰਘ ਲੰਗੜੋਆ ਲੰਘੇ ਸੋਮਵਾਰ, 29 ਅਪਰੈਲ ਨੂੰ ਅਕਾਲ ਚਲਾਣਾ ਕਰ ਗਏ। ਭਾਈ ਲੰਗੜੋਆ ਕਈ ਵਰ੍ਹਿਆਂ ਤੋਂ ਕਾਰਟਰੇਟ, ਨਿਊ ਜਰਸੀ ਵਿਖੇ ਆਪਣੇ ਪੁੱਤਰ ਕੋਲ ਰਹਿੰਦੇ ਸਨ। ਸਰੀਰਕ ਕਮਜ਼ੋਰੀ ਕਾਰਨ ਉਹ ਪਿਛਲੇ ਕਰੀਬ ਇਕ ਸਾਲ ਤੋਂ ਵੀਲ੍ਹ ਚੇਅਰ 'ਤੇ ਹੀ ਸਨ।



ਜ਼ਿਕਰਯੋਗ ਹੈ ਕਿ ਸਾਰੰਗੀ ਵਾਦਨ ਦੀ ਕਲਾ ਵਿਚ ਉਹ ਇੰਨੇ ਨਿਪੁੰਨ ਸਨ ਕਿ ਤਮਾਮ ਢਾਡੀ ਸਿੰਘ ਭਾਈ ਲੰਗੜੋਆ ਦਾ ਲੋਹਾ ਮੰਨਦੇ ਸਨ। ਗਿਆਨੀ ਦਿਲਬਰ ਦੇ ਸਪੁੱਤਰ ਗਿਆਨੀ ਕੁਲਜੀਤ ਸਿੰਘ ਦਿਲਬਰ, ਜੋ ਜਥੇ ਸਮੇਤ ਅਮਰੀਕਾ ਪਹੁੰਚੇ ਹੋਏ ਹਨ, ਨੇ ਭਰੇ ਮਨ ਨਾਲ ਦੱਸਿਆ ਕਿ ਪਿਤਾ ਜੀ ਦੇ ਅਸਲ ਜਥੇ ਦੇ ਮੈਂਬਰਾਂ ਵਿਚੋਂ ਭਾਈ ਲੰਗੜੋਆ ਹੀ ਜੀਵਿਤ ਸਨ।

ਭਾਈ ਲੰਗੜੋਆ ਨਮਿਤ ਅੰਤਿਮ ਅਰਦਾਸ 4 ਮਈ, ਸਨਿਚਰਵਾਰ ਨੂੰ ਗੁਰਦੁਆਰਾ ਸਿੰਘ ਸਭਾ (941 ਪੋਰਟ ਰੀਡਿੰਗ ਐਵੇਨਿਊ), ਪੋਰਟ ਰੀਡਿੰਗ, ਨਿਊ ਜਰਸੀ ਵਿਖੇ ਬਾਅਦ ਦੁਪਹਿਰ 2 ਤੋਂ 4 ਵਜੇ ਦਰਮਿਆਨ ਹੋਵੇਗੀ।


ਬਜ਼ੁਰਗ ਮਾਤਾ ਦੀ ਸਾਂਭ-ਸੰਭਾਲ ਲਈ ਸੇਵਾਦਾਰ ਦੀ ਫੌਰੀ ਲੋੜ ਹੈ

ਅਰੋੜਾ, ਇਲੀਨਾਏ ਵਿਚ ਰਹਿੰਦੇ ਪੰਜਾਬੀ ਪਰਿਵਾਰ ਦੀ ਬਜ਼ੁਰਗ ਮਾਤਾ ਦੀ ਸਾਂਭ-ਸੰਭਾਲ ਅਤੇ ਘਰ ਦੇ ਕੰਮ-ਕਾਜ ਲਈ ਸੇਵਾਦਾਰ, ਜੋ ਨਾਲ ਰਹਿ ਸਕਦੀ ਹੋਵੇ, ਦੀ ਫੌਰੀ ਲੋੜ ਹੈ। ਵੀਜ਼ੇ ਦੀ ਲੋੜ ਨਹੀਂ।

ਸੰਪਰਕ ਕਰੋ, ਸੁਨੀਤਾ ਚੋਪੜਾ


ਫੋਨ: 773-370-7106



Sistar Mortgage

Minimizing Cost, Maximizing Investment

www.SistarMortgage.com



Balbir (Bill) Grewal, Loan Officer (NMLS 353442)

Residential & Commercial Loans

(734) 330-8859 Mobile

(586) 802-7385 Fax

Balbir.Grewal@SistarMortgage.com

Loans Available In Most States!

*Refinance up to 125% value of the house.

•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.



Michigan Truck Driving School

6405 Middlebelt Road, Romulus, MI 48174

ਖੁਸ਼ਖਬਰੀ ! ਖੁਸ਼ਖਬਰੀ ! ! ਖੁਸ਼ਖਬਰੀ ! ! !

ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇੰਸੈਂਸ ਲਓ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai Cell:734-644-1010 Office:734-747-4298



SERVING

Wisconsin & Illinois State

Residential or Commercial

Buying, Selling, Renting or Investing

Buying: We will pay for your inspection, appraisal, attorney fees and much more! Have access to more than 60 websites to find your dream home or future investment!

Selling: Your listing will be posted to 60 websites and 80 interconnected websites as well as on social media. Have opportunities to market through Pro-photo, Video Open Houses and many more options!

Best Investment Possibilities: Call for any type of investment whether it be commercial or residential



For the best deal call:

Jesse Singh (e-PRO, SFR , CIAS)

Broker/Realtor

Cell: 847-606-3664

25884 E. Route 83, Long Grove, IL 60060

Email: jsingh@remax.net

Web Site: jsingh.illinoisproperty.com

Call and Let's Find a Great Deal for you Today!

First Time Buyer?? Why pay rent if you can buy??

Find out if you are qualified to buy a home!

Call for a free pre approval letter and the best mortgages rates.

Loan Officer Jagmeet Singh (NMLS #378091), Ph: 815-908-7274

RE/MAX COMMERCIAL RE/MAX PLATINUM CLUB e-PRO REALTOR SFR SHORT SALES & FORECLOSURE RESOURCE CIAS Certified Investor Agent Specialist

# ਪੰਜਾਬੀ ਕਲਚਰਲ ਸੁਸਾਇਟੀ ਦੇ 'ਰੰਗਲਾ ਪੰਜਾਬ' ਨੇ ਰੰਗ ਬੰਨ੍ਹਿਆ

**ਸ਼ਿਕਾਗੋ (ਬਿਊਰੋ):** ਸਥਾਨਕ ਸਭਿਆਚਾਰਕ ਸੰਸਥਾ ਪੰਜਾਬੀ ਕਲਚਰਲ ਸੁਸਾਇਟੀ (ਪੀ. ਸੀ. ਐਸ.) ਸ਼ਿਕਾਗੋ ਵਲੋਂ ਸਭਿਆਚਾਰਕ ਪ੍ਰੋਗਰਾਮ 'ਰੰਗਲਾ ਪੰਜਾਬ 2019' ਕਰਵਾਇਆ ਗਿਆ। ਸ਼ਿਕਾਗੋ ਦੀ ਸਬਰਬ ਗਲੈਨ ਐਲਿਨ ਦੇ ਕਾਲਜ ਆਫ ਡੂਪੇਜ ਵਿਚ ਪੰਜ ਘੰਟੇ ਚੱਲੇ ਵਿਸਾਖੀ ਨੂੰ ਸਮਰਪਿਤ ਇਸ ਸਮਾਗਮ ਵਿਚ ਕਰੀਬ ਇਕ ਹਜ਼ਾਰ ਦਰਸ਼ਕਾਂ ਅਤੇ ਤਿੰਨ ਸੌ ਛੋਟੀ ਉਮਰ ਦੇ ਬੱਚਿਆਂ ਤੋਂ ਲੈ ਕੇ ਗੱਭਰੂਆਂ ਤੇ ਮੁਟਿਆਰਾਂ ਨੇ ਸ਼ਿਰਕਤ ਕੀਤੀ। ਇਹ ਸਮਾਗਮ ਪੰਜਾਬੀ ਕਲਚਰਲ ਸੁਸਾਇਟੀ ਦੀ ਸਿਲਵਰ ਜੁਬਲੀ ਨੂੰ ਵੀ ਸਮਰਪਿਤ ਸੀ, ਜੋ ਪਿਛਲੇ 25 ਵਰ੍ਹਿਆਂ ਤੋਂ ਪੰਜਾਬੀ ਭਾਈਚਾਰੇ ਦੀ ਸੇਵਾ ਕਰ ਰਹੀ ਹੈ। ਜ਼ਿਕਰਯੋਗ ਹੈ ਕਿ ਪੀ. ਸੀ. ਐਸ. ਸ਼ਿਕਾਗੋਲੈਂਡ ਦੀ ਸਭ ਤੋਂ ਵੱਧ ਸਰਗਰਮ ਸਭਿਆਚਾਰਕ ਸੰਸਥਾ ਹੈ, ਜੋ ਨਵੀਂ ਪੀੜ੍ਹੀ ਦੇ ਬੱਚਿਆਂ ਨੂੰ ਪੰਜਾਬੀ ਸਭਿਆਚਾਰ ਨਾਲ ਜੋੜਨ ਲਈ ਸਰਗਰਮ ਹੈ।




ਪ੍ਰੋਗਰਾਮ ਦੌਰਾਨ ਪੰਜਾਬੀ ਅਮਰੀਕਨਾਂ ਦੀ ਨਵੀਂ ਪੀੜ੍ਹੀ ਦੇ ਰਿਕਾਰਡਤੋੜ ਗਿਣਤੀ ਵਿਚ ਬੱਚਿਆਂ ਨੇ ਗਾਇਕੀ, ਲੋਕ ਨਾਚਾਂ ਅਤੇ ਸਭਿਆਚਾਰਕ ਪੇਸ਼ਕਾਰੀਆਂ ਨਾਲ ਖੂਬ ਰੰਗ ਬੰਨ੍ਹਿਆ। ਪ੍ਰੋਗਰਾਮ ਵਿਚ ਸ਼ਿਕਾਗੋਲੈਂਡ ਤੋਂ ਇਲਾਵਾ ਨਾਲ ਲਗਦੀਆਂ ਸਟੇਟਾਂ-ਵਿਸਕਾਨਸਿਨ ਤੇ ਇੰਡੀਆਨਾ ਤੋਂ ਵੀ ਕਾਫੀ ਗਿਣਤੀ ਵਿਚ ਬੱਚੇ ਅਤੇ ਨੌਜਵਾਨ ਤੇ ਉਨ੍ਹਾਂ ਦੇ ਮਾਪਿਆਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਦਰਸ਼ਕ ਪਹੁੰਚੇ ਹੋਏ ਸਨ। ਹਿੱਸਾ ਲੈਣ ਵਾਲੇ ਕਲਾਕਾਰਾਂ ਵਿਚ ਬਹੁਤ ਸਾਰੇ ਅਜਿਹੇ ਬੱਚੇ ਸਨ, ਜਿਨ੍ਹਾਂ ਨੂੰ ਸਿਖਲਾਈ ਉਨ੍ਹਾਂ ਵਾਲੰਟੀਅਰ ਕੋਆਰਡੀਨੇਟਰਾਂ ਨੇ ਦਿੱਤੀ, ਜੋ ਕਦੇ ਆਪ 'ਰੰਗਲਾ ਪੰਜਾਬ' ਵਿਚ ਹਿੱਸਾ ਲੈਂਦੇ ਰਹੇ ਹਨ।

ਇਸ ਮੌਕੇ ਪੀ. ਸੀ. ਐਸ. ਦੇ ਚੇਅਰਮੈਨ ਡਾ. ਗੁਰਦੀਪ ਸਿੰਘ ਨੰਦੜਾ ਨੇ ਕਿਹਾ ਕਿ ਅਜਿਹੇ ਮੰਚ ਨੌਜੁਆਨਾਂ ਦੇ ਵਿਕਾਸ ਅਤੇ ਉਨ੍ਹਾਂ ਦੀ ਸਭਿਆਚਾਰਕ ਸ਼ਨਾਖਤ ਬਣਾਉਣ ਵਿਚ ਅਹਿਮ ਰੋਲ ਅਦਾ ਕਰਦੇ ਹਨ। ਸੰਸਥਾ ਦੇ ਪ੍ਰਧਾਨ ਹਰਵਿੰਦਰਪਾਲ ਸਿੰਘ ਲੈਲ ਨੇ ਕਿਹਾ ਕਿ ਅਜਿਹੇ ਸਮਾਗਮਾਂ ਲਈ ਬੜੀ ਲਗਨ, ਮਿਹਨਤ, ਸਮੇਂ ਅਤੇ ਸਬਰ ਦੀ ਲੋੜ ਹੁੰਦੀ ਹੈ, ਨਵੀਂ ਪੀੜ੍ਹੀ ਨੂੰ ਪੰਜਾਬੀ ਸਭਿਆਚਾਰ ਨਾਲ ਜੋੜਨ ਲਈ ਇਸ ਸੰਸਥਾ ਨੇ ਬਹੁਤ ਵੱਡਾ ਰੋਲ ਨਿਭਾਇਆ ਹੈ।

ਉਪਰੰਤ ਸੰਸਥਾ ਦੇ ਮੀਤ ਪ੍ਰਧਾਨ ਵਿੱਕ ਸਿੰਘ ਨੇ ਹਾਜ਼ਰੀਨ ਦਾ ਸਵਾਗਤ ਕੀਤਾ ਅਤੇ ਸ਼ਬਦ ਨਾਲ ਸਮਾਗਮ ਦੀ ਸ਼ੁਰੂਆਤ ਕਰਵਾਈ। ਇਹ ਸ਼ਬਦ ਗੁਰਦੁਆਰਾ ਪੈਲਾਟਾਈਨ ਦੇ ਗੁਰਮਤਿ ਸਕੂਲ ਦੇ ਬੱਚਿਆਂ ਨੇ ਸਰਵਣ ਕਰਵਾਇਆ।









ਇਸ ਤੋਂ ਬਾਅਦ ਗੀਤ-ਸੰਗੀਤ ਅਤੇ ਭੰਗੜੇ-ਗਿੱਧੇ ਦਾ ਅਰੰਭ ਹੋਇਆ। ਸਟੇਜ 'ਤੇ ਨਿੱਕੇ ਨਿੱਕੇ ਬੱਚੇ ਇਸ ਤਰ੍ਹਾਂ ਘੁਮੇਰੀਆਂ ਦੇ ਰਹੇ ਸਨ, ਜਿਵੇਂ ਤਿਤਲੀਆਂ ਤੇ ਭੌਰੇ ਫੁੱਲਾਂ 'ਤੇ ਮੰਡਰਾ ਰਹੇ ਹੋਣ। ਆਪਣੀ ਕਾਰਗੁਜ਼ਾਰੀ ਤੋਂ ਬੱਚੇ ਤਾਂ ਖੁਸ਼ ਹੈ ਹੀ ਸਨ, ਹਾਲ ਵਿਚ ਬੈਠੇ ਉਨ੍ਹਾਂ ਦੇ ਮਾਪਿਆਂ ਦੇ ਮਨਾਂ ਵਿਚ ਵੀ ਲੱਡੂ ਭੁਰ ਰਹੇ ਸਨ। 'ਨਵੀਂ ਪਨੀਰੀ', 'ਪੰਜਾਬੀ ਮੁਟਿਆਰਾਂ', 'ਪੰਜਾਬੀ ਅਕਾਦਮੀ ਸ਼ਿਕਾਗੋ', 'ਗੱਭਰੂ ਪੰਜਾਬ ਦੇ', 'ਮਿਲਵਾਕੀ ਭੰਗੜਾ' ਤੇ 'ਇੰਡੀਆਨਾ ਭੰਗੜਾ' ਦੀਆਂ ਟੀਮਾਂ ਨੇ ਢੋਲ ਦੇ ਡਗੇ 'ਤੇ ਭੰਗੜੇ ਦੇ ਧਮੱਚੜ ਪਾ ਕੇ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ। 'ਸ਼ੌਕਣਾਂ ਸ਼ਿਕਾਗੋ ਦੀਆਂ' ਅਤੇ 'ਮਿਲਵਾਕੀ ਗਿੱਧਾ' ਟੀਮਾਂ ਦੀਆਂ ਮੁਟਿਆਰਾਂ ਨੇ ਵੀ ਗਿੱਧਾ ਪਾਉਂਦਿਆਂ ਸਟੇਜ ਹਿਲਾ ਦਿੱਤੀ।











ਇਸ ਤੋਂ ਇਲਾਵਾ ਸ਼ਿਕਾਗੋ ਦੀ ਨਾਮੀ ਗਾਇਕਾ ਮੋਨਾ ਭੱਲਾ ਅਤੇ ਹੋਰਨਾਂ ਨੇ ਗੀਤ ਪੇਸ਼ ਕਰ ਕੇ ਸਰੋਤਿਆਂ ਨੂੰ ਝੂਮਣ ਲਾ ਦਿੱਤਾ। ਢੋਲ ਦੇ ਡਗੇ 'ਤੇ ਬੋਲੀਆਂ ਵੀ ਪਈਆਂ, ਜਿਸ ਦਾ ਸਰੋਤਿਆਂ ਨੇ ਤਾੜੀਆਂ ਮਾਰ ਕੇ ਹੁੰਗਾਰਾ ਭਰਿਆ।

ਸਮਾਗਮ ਵਿਚ ਵੱਖ-ਵੱਖ ਪੇਸ਼ਕਾਰੀਆਂ ਨੇ ਸਭ ਨੂੰ ਪਿੰਡਾਂ ਅਤੇ ਮੇਲਿਆਂ ਦੀ ਯਾਦ ਤਾਜ਼ਾ ਕਰਵਾ ਦਿੱਤੀ। ਇਹ ਪ੍ਰੋਗਰਾਮ ਚਾਰ ਹਿੱਸਿਆਂ ਵਿਚ ਵੰਡਿਆ ਗਿਆ ਸੀ ਅਤੇ ਇਸ ਨੂੰ ਪੇਸ਼ ਕਰਨ ਵਿਚ ਗੁਰਨਾਜ਼ ਕੌਰ ਸੋਹੀ, ਨਵਤੇਜ ਸਿੰਘ ਸੋਹੀ, ਗੁਰੂ ਧਾਲੀਵਾਲ, ਰਸਕੀਰਤ ਸਿੰਘ ਤੇ ਗੁਰਕਿਰਨ ਕੌਰ ਪਾਲੀਆ, ਮਨਪ੍ਰੀਤ ਕੌਰ ਤੇ ਸਿਮਰਨ ਕੌਰ ਭੱਲਾ ਨੇ ਅਹਿਮ ਭੂਮਿਕਾ ਨਿਭਾਈ।

ਰਾਜਿੰਦਰ ਸਿੰਘ ਮਾਗੋ ਨੇ ਨਵਾਂ ਅਹੁਦਾ ਸੰਭਾਲ ਰਹੇ ਪ੍ਰਧਾਨ ਹਰਵਿੰਦਰਪਾਲ ਸਿੰਘ ਲੈਲ ਅਤੇ ਚੇਅਰਮੈਨ ਡਾ. ਗੁਰਦੀਪ ਸਿੰਘ ਨੰਦੜਾ ਦੀ ਜਾਣ-ਪਛਾਣ ਕਰਵਾਈ। ਇਸ ਮੌਕੇ ਅਹੁਦਾ ਛੱਡ ਰਹੇ ਪ੍ਰਧਾਨ ਸੁਰਿੰਦਰ ਸਿੰਘ ਪਾਲੀਆ ਅਤੇ ਚੇਅਰਮੈਨ ਭੁਪਿੰਦਰ ਸਿੰਘ ਧਾਲੀਵਾਲ ਦਾ ਮੋਮੈਂਟੋ ਦੇ ਕੇ ਸਨਮਾਨ ਕੀਤਾ ਗਿਆ।

ਸਮਾਗਮ ਦੇ ਮੁੱਖ ਮਹਿਮਾਨ ਮਿਲਵਾਕੀ ਤੋਂ ਨਾਮੀ ਬਿਜਨਸਮੈਨ ਦਰਸ਼ਨ ਸਿੰਘ ਧਾਲੀਵਾਲ (ਬਲਕ ਪੈਟਰੋਲੀਅਮ, ਵਿਸਕਾਨਸਿਨ) ਸਨ। ਗਰੈਂਡ ਸਪਾਂਸਰਾਂ ਵਿਚ ਡਾ. ਭੁਪਿੰਦਰ ਸਿੰਘ ਸੈਣੀ (ਵਿਸਕਾਨਸਿਨ) ਅਤੇ ਡਾ. ਨਰਿੰਦਰ ਸਿੰਘ ਗਰੇਵਾਲ (ਕੈਲੀਫੋਰਨੀਆ) ਸਨ, ਜੋ ਕਿਸੇ ਕਾਰਨ ਸਮਾਗਮ ਵਿਚ ਪੁੱਜ ਨਾ ਸਕੇ, ਪਰ ਉਨ੍ਹਾਂ ਨੇ ਆਪਣੇ ਸੁਨੇਹੇ ਸਮਾਗਮ ਲਈ ਭੇਜੇ। ਇਨ੍ਹਾਂ ਤੋਂ ਇਲਾਵਾ ਪਲਾਟੀਨਮ ਸਪਾਂਸਰ ਰਜਨੀਸ਼ ਕੌਰ ਨੰਦੜਾ ਅਤੇ ਗੋਲਡ ਸਪਾਂਸਰ ਕੇਵਿਨਦੀਪ ਸਿੰਘ ਅਟਵਾਲ, ਰਾਜਪ੍ਰੀਤ ਕੌਰ ਧਾਲੀਵਾਲ ਤੇ ਜਸਵਿੰਦਰ ਸਿੰਘ ਸੰਧੂ (ਯੂ. ਐਸ. ਆਇਲ) ਸਨ। ਸਿਲਵਰ ਸਪਾਂਸਰ ਲਖਵੀਰ ਸਿੰਘ ਸਹੋਤਾ, ਬਲਵਿੰਦਰ (ਨਿੱਕ) ਸਿੰਘ, ਹਰਕੇਵਲ ਸਿੰਘ ਲਾਲੀ, ਅਵਤਾਰ ਸਿੰਘ ਭੌਰਾ (ਭੌਰਾ ਟਰਾਂਸਪੋਰਟ ਇੰਡੀਅਨਐਪੋਲਿਸ), ਜੈਸੀ ਸਹੋਤਾ, ਸੰਤੋਖ ਸਿੰਘ ਡੀ.ਸੀ., ਡਾ. ਮਨਦੀਪ ਸਿੰਘ ਸੰਧੂ ਤੇ ਰਸ਼ਪਾਲ ਸਿੰਘ ਖੰਗੂੜਾ ਸਨ। ਬਰੋਂਜ਼ ਸਪਾਂਸਰਾਂ ਵਿਚ ਜੈਦੇਵ ਸਿੰਘ ਭੱਠਲ, ਮੇਜਰ ਗੁਰਚਰਨ ਸਿੰਘ ਝੱਜ, ਅਮਰੀਕ ਪਾਲ ਸਿੰਘ (ਸਲਿਊਸ਼ਨ ਫਾਇਨੈਂਸ਼ੀਅਲ), ਹਰਿੰਦਰ ਸਿੰਘ ਰਾਣਾ, ਡਾ. ਅਮਰੀਕ ਸਿੰਘ ਸੋਹੀ, ਅਮਰਦੇਵ ਸਿੰਘ ਬਦੇਸ਼ਾ, ਜਸਵੀਰ ਸਿੰਘ ਸੂਗਾ (ਸੂਗਾ ਬਿਲਡਰਜ਼), ਬਲਵਿੰਦਰ ਸਿੰਘ ਸੰਧੂ, ਜਰਨੈਲ ਸਿੰਘ ਲੈਲ, ਲਖਵੀਰ ਸਿੰਘ ਸੰਧੂ, ਜਸਪਾਲ ਮਿੱਢਾ, ਗੁਲਜ਼ਾਰ ਸਿੰਘ ਮੁਲਤਾਨੀ, ਪਰਮਿੰਦਰ ਬੰਗਾ, ਪਾਵਾ ਟਰੱਕਿੰਗ ਕੰਪਨੀ, ਮਿੱਡਵੈਸਟ ਮਾਈਂਡ ਕੇਅਰ ਕੰਪਨੀ, ਸੰਜੀਤ ਰਾਜ ਸਿੰਘ ਪਰਮਾਰ, ਅਮਰੀਕ ਸਿੰਘ (ਅਮਰ ਕਾਰਪੈਟਸ), ਡਾ. ਅੰਮ੍ਰਿਤ ਕੌਰ ਵਿਰਕ ਡੀ. ਡੀ. ਐਸ., ਹਰਭਜਨ ਸਿੰਘ ਕਲਿਆਣਪੁਰ, ਬਲਜੀਤ ਸਿੰਘ, ਜਗਜੀਤ ਸਿੰਘ ਢੀਂਡਸਾ, ਵਿਕਰਮ ਸਿੰਘ ਸੋਹੀ, ਗੁਰਪ੍ਰੀਤ ਕੇ. ਸਿੰਘ (ਫਿਊਚਰਿਟੀ ਫਰਸਟ), ਜਸਬੀਰ ਸਿੰਘ ਪਾਲੀਆ, ਵਿੱਕੀ ਸੈਣੀ, ਬਲਵਿੰਦਰ ਸਿੰਘ ਗਿਰਨ, ਗੁਰਚਰਨ ਸਿੰਘ ਝਾਵਰ (ਅਰੋਮਾ ਰੈਸਟੋਰੈਂਟ), ਲਾਡੀ ਸਿੰਘ ਅਤੇ ਮੁਖਤਾਰ ਸਿੰਘ ਨੰਦੜਾ ਸ਼ਾਮਿਲ ਸਨ।



ਪ੍ਰੋਗਰਾਮ ਦੌਰਾਨ ਰੀਗਲ ਜਿਊਲਰਜ਼ ਵਲੋਂ ਸਾਰੇ ਟਿਕਟ ਲੈਣ ਵਾਲੇ ਦਰਸ਼ਕਾਂ ਲਈ ਸਪਾਂਸਰ ਕੀਤਾ ਗਿਆ ਗੋਲਡ ਕੁਆਇਨ ਰੈਫਲ ਡਰਾਅ ਵੀ ਕੱਢਿਆ ਗਿਆ। ਹਾਲ ਦੇ ਬਾਹਰ ਲਾਬੀ ਵਿਚ ਵੱਖ ਵੱਖ ਤਰ੍ਹਾਂ ਦੇ ਸਟਾਲ ਲੱਗੇ ਹੋਏ ਸਨ, ਜਿਨ੍ਹਾਂ 'ਤੇ ਦਰਸ਼ਕਾਂ ਦੀ ਭੀੜ ਲੱਗੀ ਰਹੀ।

ਸਮਾਗਮ ਨੂੰ ਕਾਮਯਾਬ ਕਰਨ ਲਈ ਜਿਨ੍ਹਾਂ ਪ੍ਰਬੰਧਕਾਂ ਨੇ ਅਹਿਮ ਭੂਮਿਕਾ ਨਿਭਾਈ, ਉਨ੍ਹਾਂ ਵਿਚ ਹੋਰਨਾਂ ਤੋਂ ਇਲਾਵਾ ਹਰਵਿੰਦਰਪਾਲ ਸਿੰਘ ਲੈਲ, ਵਿੱਕ ਸਿੰਘ, ਪਰਵਿੰਦਰ ਸਿੰਘ ਨੰਨੂਆ, ਮਨਜੀਤ ਸਿੰਘ ਭੱਲਾ, ਭੁਪਿੰਦਰ ਸਿੰਘ ਧਾਲੀਵਾਲ, ਗੁਰਲਾਲ ਸਿੰਘ ਭੱਠਲ, ਨਵਤੇਜ ਸਿੰਘ ਸੋਹੀ, ਵਿਕਰਮ ਸਿੰਘ ਸੋਹੀ, ਪਰਮਜੋਤ ਸਿੰਘ ਪਰਮਾਰ, ਸੁਰਿੰਦਰ ਸਿੰਘ ਪਾਲੀਆ, ਰਾਜਿੰਦਰ ਸਿੰਘ ਮਾਗੋ, ਮਨਜੀਤ ਸਿੰਘ ਗਿੱਲ, ਸੁਖਮੇਲ ਸਿੰਘ ਅਟਵਾਲ, ਮੋਹਿੰਦਰਜੀਤ ਸਿੰਘ ਸੈਣੀ, ਉਂਕਾਰ ਸਿੰਘ ਸੰਘਾ, ਜਸਬੀਰ ਸਿੰਘ ਪਾਲੀਆ, ਭਿੰਦਰ ਸਿੰਘ ਪੰਮਾ, ਅਮਰਜੀਤ ਕੌਰ ਅਟਵਾਲ, ਬਲਵਿੰਦਰ ਸਿੰਘ ਗਿਰਨ, ਗੁਰਮੀਤ ਸਿੰਘ ਢਿੱਲੋਂ, ਪਰਮਿੰਦਰ ਸਿੰਘ ਘੋਤੜਾ, ਯਾਦਵਿੰਦਰ ਸਿੰਘ ਗਰੇਵਾਲ, ਰਾਜ ਧਾਲੀਵਾਲ ਅਤੇ ਰਜਨੀਸ਼ ਨੰਦੜਾ ਸ਼ਾਮਲ ਸਨ।

ਸੰਸਥਾ ਦਾ ਅਗਲਾ ਪ੍ਰੋਗਰਾਮ 2 ਜੂਨ ਨੂੰ 'ਪੀ. ਸੀ. ਐਸ. ਯੂਥ ਗਰੈਜੂਏਸ਼ਨ ਐਂਡ ਸਕਾਲਰਸ਼ਿਪ ਨਾਈਟ' ਹੋਵੇਗਾ, ਜਿਸ ਵਿਚ ਨਵੇਂ ਗ੍ਰੈਜੂਏਟ ਹੋਏ ਵਿਦਿਆਰਥੀਆਂ ਅਤੇ 'ਰੰਗਲਾ ਪੰਜਾਬ' ਵਿਚ ਹਿੱਸਾ ਲੈਣ ਵਾਲੇ ਕਲਾਕਾਰਾਂ ਦਾ ਸਨਮਾਨ ਕੀਤਾ ਜਾਵੇਗਾ। ਇਸ ਤੋਂ ਇਲਾਵਾ ਸਕਾਰਸ਼ਿਪ ਪ੍ਰੋਗਰਾਮ ਵੀ ਹੋਵੇਗਾ। ਇਹ ਸਮਾਗਮ ਲੌਮਬਾਰਡ (ਇਲੀਨਾਏ) ਦੇ ਵਾਇਸਰਾਏ ਆਫ ਇੰਡੀਆ ਰੈਸਟੋਰੈਂਟ ਵਿਚ ਹੋਵੇਗਾ। ਇਸ ਤੋਂ ਇਲਾਵਾ 28 ਨਵੰਬਰ ਨੂੰ ਸਟੇਟ ਸਟਰੀਟ, ਡਾਊਨ ਟਾਊਨ ਸ਼ਿਕਾਗੋ ਵਿਚ ਡਾਨ'ਜ਼, ਥੈਂਕਸਗਿਵਿੰਗ ਡੇ ਪਰੇਡ ਵਿਚ ਸ਼ਿਰਕਤ ਕੀਤੀ ਜਾਵੇਗੀ।



ਹੋਰ ਜਾਣਕਾਰੀ ਸੰਸਥਾ ਦੇ ਫੋਨ: 847-359-5727 ਰਾਹੀਂ ਲਈ ਜਾ ਸਕਦੀ ਹੈ।

(ਹੋਰ ਤਸਵੀਰਾਂ ਅਗਲੇ ਸਫੇ 'ਤੇ ਦੇਖੋ)





# ਪੀ. ਸੀ. ਐਸ. ਸ਼ਿਕਾਗੋ ਦਾ 'ਰੰਗਲਾ ਪੰਜਾਬ': ਤਸਵੀਰਾਂ ਦੀ ਜ਼ੁਬਾਨੀ























Sponsored Page

ਨਿਰਵਿਘਨ ਪ੍ਰਕਾਸ਼ਨ ਦੇ 20ਵੇਂ ਸਾਲ 'ਚ (ਪਹਿਲੀ ਜਨਵਰੀ 2000-2019)

## ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦੇ ਮੁੱਦਈ ਪੰਜਾਬ ਟਾਈਮਜ਼ ਦੀ 19ਵੀਂ ਵਰ੍ਹੇਗੰਢ ਮੌਕੇ ਗੀਤ-ਸੰਗੀਤ ਭਰੀ ਇਕ ਸ਼ਾਮ

# 'ਪੰਜਾਬ ਟਾਈਮਜ਼ ਨਾਈਟ'

## 4 ਮਈ 2019 ਸਨਿਚਰਵਾਰ ਸ਼ਾਮੀ 6:30 ਵਜੇ

**Atlantis Banquets**
1273 N. Rand Road,
Arlington Heights, IL 60004

### ਮੁੱਖ ਮਹਿਮਾਨ


ਅੰਮ੍ਰਿਤਪਾਲ ਸਿੰਘ ਗਿੱਲ

### ਪਹੁੰਚ ਰਹੇ ਕਲਾਕਾਰ



ਜਸਪਿੰਦਰ ਰੈਣਾ



ਰਾਜਨ ਸੰਧੂ


ਤਾਰਾ ਮੁਲਤਾਨੀ


ਦਵਿੰਦਰ ਧਨੋਆ

### ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਸਵਰਨਜੀਤ ਸਿੰਘ ਢਿਲੋਂ



ਅਮੋਲਕ ਸਿੰਘ ਗਾਖਲ



ਡਾ. ਨਵਦੀਪ ਕੌਰ ਸੰਧੂ


ਬਲਵਿੰਦਰ ਕੌਰ (ਨਿੱਕੀ) ਸੇਖੋਂ


ਡਾ. ਗੁਰਦਿਆਲ ਸਿੰਘ ਬਸਰਾਨ


ਹਰਦਿਆਲ ਸਿੰਘ ਦਿਓਲ


ਹਰਜੀਤ ਸਿੰਘ ਸਾਹੀ


ਬਲਵਿੰਦਰ ਸਿੰਘ ਸੰਧੂ


ਜਗਦੀਸ਼ਰ ਸਿੰਘ ਕਲੇਰ


ਡਾ. ਹਰਗੁਰਮੁਖਪਾਲ ਸਿੰਘ


ਡਾ. ਤੇਜਿੰਦਰ ਸਿੰਘ ਮੰਡੇਰ


ਦਰਸ਼ਨ ਸਿੰਘ ਦਰੜ


ਰਾਜਿੰਦਰ ਸਿੰਘ ਬੈਂਸ



ਦਰਸ਼ਨ ਸਿੰਘ ਗਰੇਵਾਲ


ਜੈਦੇਵ ਸਿੰਘ ਭੱਠਲ


ਜੱਸੀ ਗਿੱਲ


ਸਰਵਣ ਸਿੰਘ ਟਿਵਾਣਾ


ਮਨਦੀਪ ਸਿੰਘ ਭੂਰਾ


ਅਯੁਧਿਆ ਸਲਵਾਨ


ਰਘਬੀਰ ਸਿੰਘ ਘੁੰਨ


ਅਵਤਾਰ ਸਿੰਘ ਸਪਰਿੰਗਫੀਲਡ



ਗੁਲਜ਼ਾਰ ਸਿੰਘ ਮੁਲਤਾਨੀ


ਗੁਰਵੀਰ ਸਿੰਘ ਗਿੱਲ

### ਸਾਡੇ ਸਥਾਈ ਲੇਖਕ ਤੇ ਕਾਲਮਨਵੀਸ


ਗੁਲਜ਼ਾਰ ਸਿੰਘ ਸੰਧੂ


ਗੁਰਬਚਨ ਸਿੰਘ ਭੁੱਲਰ


ਤਰਲੋਚਨ ਸਿੰਘ ਦੁਪਾਲਪੁਰ


ਡਾ. ਗੁਰਨਾਮ ਕੌਰ


ਬੀਬੀ ਸੁਰਜੀਤ ਕੌਰ


ਡਾ. ਗੁਰਬਖਸ਼ ਸਿੰਘ ਭੰਡਾਲ


ਬਲਜੀਤ ਬਾਸੀ


ਹਰਪਾਲ ਸਿੰਘ ਪੰਨੂ


ਜਤਿੰਦਰ ਪਨੂੰ


ਬੂਟਾ ਸਿੰਘ


ਇਕਬਾਲ ਜੱਬੋਵਾਲ


ਐਸ. ਅਸ਼ੋਕ ਭੌਰਾ

ਪੰਜਾਬ ਟਾਈਮਜ਼


Ph: 847-359-0746

ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

Published simultaneously from Chicago, California & New York.

*e-mail: punjabtimes1@sbcglobal.net, website: www.punjabtimesusa.com*

# ਸਪਾਂਸਰ



ਮੇਜਰ ਗੁਰਚਰਨ ਸਿੰਘ ਝੱਜ; ਰਵਿੰਦਰਪਾਲ ਸਿੰਘ ਹੰਜਰਾ; ਗੁਰਦੀਪ ਸਿੰਘ ਨੰਦੜਾ; ਅਮਰਜੀਤ ਸਿੰਘ ਢੀਂਡਸਾ; ਮਨਜੀਤ ਸਿੰਘ ਨਾਗਰਾ; ਡਾ. ਗੁਰਚਰਨ ਸਿੰਘ ਗਰੇਵਾਲ; ਗੁਰਦੇਵ ਸਿੰਘ ਜੌੜਾ; ਅਮਰਜੀਤ ਸਿੰਘ ਸੰਧਰ; ਹਰਵਿੰਦਰ ਲਾਲੀ ਸਿੱਧੂ; ਕ੍ਰਿਪਾਲ ਸਿੰਘ ਰੰਧਾਵਾ



ਗੁਰਮੇਲ ਸਿੰਘ ਕੰਗ; ਰਾਣਾ ਸਿੰਘ ਵਿਰਕ; ਸੰਨੀ ਧੁੜ; ਜਸਬੀਰ ਕੌਰ ਸਲੂਜਾ; ਅੰਮ੍ਰਿਤਪਾਲ ਸਿੰਘ ਸੰਘਾ; ਸੁਰਜੀਤ ਸਿੰਘ ਮਾਵੀ; ਹਰਜਿੰਦਰ ਸਿੰਘ ਸੰਧੂ; ਡਾ. ਸਰਬਜੀਤ ਸਿੰਘ ਭੰਡਾਲ; ਬਲਕਾਰ ਸਿੰਘ ਢਿੱਲੋਂ; ਅਮਰੀਕ ਸਿੰਘ ਅਮਰ ਕਾਰਪੈਟਸ; ਲਖਵੀਰ ਸਿੰਘ ਸਹੋਤਾ; ਡਾ. ਇਨਕਲਾਬੀ ਥਾਂਦੀ; ਅਮਰਦੇਵ ਸਿੰਘ ਬੰਦੇਸ਼ਾ



ਅਜੈਬ ਸਿੰਘ ਲੱਖਣ; ਸੰਤੋਖ ਸਿੰਘ ਡੀ. ਸੀ.; ਠਾਕਰ ਸਿੰਘ ਬਸਾਤੀ; ਸਵਰਨ ਸਿੰਘ ਸੇਖੋਂ; ਸੁਖਪਾਲ ਗਿੱਲ; ਜਗਮੀਤ ਸਿੰਘ (ਰੀਮੈਕਸ); ਭੁਪਿੰਦਰ ਸਿੰਘ ਹੁੰਦਲ; ਪ੍ਰੋ. ਨਿਰੰਜਣ ਸਿੰਘ ਢੇਸੀ; ਹਰਿੰਦਰ ਵਾਲੀਆ; ਲਖਬੀਰ ਸਿੰਘ ਸੰਧੂ; ਜਿੰਦਰ ਬੈਨੀਪਾਲ; ਕਾਬਲ ਸਿੰਘ ਭੁੱਲਰ; ਜੋਧ ਸਿੰਘ ਸਿੱਧੂ



ਪ੍ਰੀਤਮ ਸਿੰਘ ਗਰੇਵਾਲ ਅਤੇ ਦੇਵ ਗਰੇਵਾਲ; ਇਕਬਾਲ ਸਿੰਘ ਗਾਖਲ; ਰਾਜਬੀਰ ਸਿੰਘ ਬੋਪਾਰਾਏ; ਰਾਜ ਸ਼ੇਰਗਿੱਲ; ਦਵਿੰਦਰ ਗਰੇਵਾਲ; ਲਖਵੀਰ ਜੌਹਲ; ਭਗਵੰਤ ਸਿੰਘ ਸੰਧੂ; ਰਾਜ ਸਿਆਨ; ਗੁਰਬਖਸ਼ ਰਾਹੀ; ਬਿਕਰਮਜੀਤ ਸਿੰਘ ਸੇਖੋਂ



ਸੁਖਦੇਵ ਸਿੰਘ ਬੈਨੀਵਾਲ; ਕਿਰਪਾਲ ਸਿੰਘ ਅਟਵਾਲ; ਅਨਮੋਲ ਗਿੱਲ; ਨੀਲਮ ਸੈਣੀ; ਮੱਖਣ ਸਿੰਘ ਬੈਂਸ ਤੇ ਰਵਿੰਦਰ ਸਿੰਘ; ਗੁਰਦਾਵਰ ਸਿੰਘ ਮਹੇੜੂ; ਡਾ. ਦਲਵੀਰ ਪੰਨੂੰ; ਡਾ. ਮਨਬੀਰ ਸਿੰਘ; ਕਸ਼ਮੀਰ ਕਾਂਗਣਾ; ਕਸ਼ਮੀਰ ਸਿੰਘ ਧੁਗਾ



ਚਰਨ ਸਿੰਘ ਜੱਜ; ਦਲਬਾਰਾ ਸਿੰਘ ਮਾਂਗਟ; ਹਰਪ੍ਰੀਤ ਸਿੰਘ ਵਰਲਡ ਵਾਈਡ; ਮੱਤ ਸਿੰਘ ਢਿੱਲੋਂ; ਜਸਕਰਨ ਧਾਲੀਵਾਲ; ਰਵਿੰਦਰ ਰਵੀ ਆਰ ਕੇ ਕਾਰਪੈਟਸ; ਕੁਲਵਿੰਦਰ ਧਾਲੀਵਾਲ; ਨਰਿੰਦਰ ਮੁੰਦਰ; ਮਨਮੋਹਨ ਪੁਨੀ; ਸੁਰਿੰਦਰ ਸੋਹਲ; ਭੁਪਿੰਦਰ ਸਿੰਘ ਅਟਵਾਲ

**ਸਹਿਯੋਗੀ ਸੰਸਥਾਵਾਂ:** ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ ਐਚ ਓ) ਸ਼ਿਕਾਗੋ; ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ) ਸ਼ਿਕਾਗੋ; ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਗਲੋਬਲ ਪੰਜਾਬੀ ਮਿਲਾਪ-ਸ਼ਿਕਾਗੋ; ਇੰਡੋ ਅਮੈਰਿਕਨ ਸੀਨੀਅਰ ਸੁਸਾਇਟੀ, ਇੰਡੀਅਨਐਪੋਲਿਸ (ਇੰਡੀਆਨਾ); ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ-ਮਿਲਵਾਕੀ; ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ; ਪੰਜਾਬ ਸਪੋਰਟਸ ਕਲੱਬ ਕਲੀਵਲੈਂਡ (ਓਹਾਇਓ); ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਡੇਅਟਨ (ਓਹਾਇਓ); ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ; ਗਦਰ ਮੈਮੋਰੀਅਲ ਫਾਉਂਡੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ; ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਉਂਡੇਸ਼ਨ ਆਫ ਨਾਰਥ ਅਮੈਰਿਕਾ; ਇੰਡੋ-ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ; ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ; ਹੱਸਦਾ ਪੰਜਾਬ ਐਸੋਸੀਏਸ਼ਨ, ਡੈਲਸ; ਕਪੂਰਥਲਾ ਸਪੋਰਟਸ ਕਲੱਬ, ਨਿਊ ਯਾਰਕ।

## ਵਿਸ਼ੇਸ਼ ਸਹਿਯੋਗੀ



ਡਾ. ਹਰਜਿੰਦਰ ਸਿੰਘ ਖਹਿਰਾ; ਜੈਰਾਮ ਸਿੰਘ ਕਾਹਲੋਂ; ਗੁਰਮੁਖ ਸਿੰਘ ਭੁੱਲਰ; ਸੁਰਿੰਦਰ ਸਿੰਘ ਭਾਟੀਆ; ਇੰਦਰਮੋਹਨ ਸਿੰਘ ਛਾਬੜਾ




# ਸਿਨਸਿਨੈਟੀ ਦੇ ਸਿੱਖ ਯੂਥ ਸਿੰਪੋਜ਼ੀਅਮ ਵਿਚ ਬੱਚਿਆਂ ਨੇ ਵਿਖਾਇਆ ਭਾਰੀ ਉਤਸ਼ਾਹ



**ਸਿਨਸਿਨੈਟੀ, ਓਹਾਇਓ (ਬਿਊਰੋ):** ਸਥਾਨਕ ਗੁਰਦੁਆਰਾ ਗੁਰੂ ਨਾਨਕ ਸੁਸਾਇਟੀ ਵਿਚ ਸਾਲਾਨਾ ਇੰਟਰਨੈਸ਼ਨਲ ਸਿੱਖ ਯੂਥ ਸਿੰਪੋਜ਼ੀਅਮ ਦੌਰਾਨ ਭਾਸ਼ਣ ਮੁਕਾਬਲੇ ਕਰਵਾਏ ਗਏ। ਸਿਨਸਿਨੈਟੀ ਤੋਂ ਇਲਾਵਾ ਨਾਲ ਲਗਦੇ ਸ਼ਹਿਰ ਡੇਅਟਨ ਤੋਂ ਵੀ ਬੱਚਿਆਂ ਨੇ ਇਸ ਵਿਚ ਹਿੱਸਾ ਲਿਆ। ਇਸ ਸਾਲ 6 ਸਾਲ ਤੋਂ 18 ਸਾਲ ਦੇ 30 ਬੱਚਿਆਂ ਨੇ ਹਿੱਸਾ ਲਿਆ। ਬੱਚਿਆਂ ਨੂੰ ਉਮਰ ਅਨੁਸਾਰ ਪੰਜ ਗਰੁੱਪਾਂ ਵਿਚ ਵੰਡਿਆ ਗਿਆ। ਹਰੇਕ ਗਰੁੱਪ ਨੂੰ ਇਕ ਕਿਤਾਬ ਦਿੱਤੀ ਗਈ ਤੇ ਬੱਚਿਆਂ ਨੇ ਉਸ ਵਿਚੋਂ ਤਿੰਨ ਸਵਾਲਾਂ ਦੇ ਜਵਾਬ 6 ਤੋਂ 7 ਮਿੰਟ ਵਿਚ ਭਾਸ਼ਣ ਦੇ ਰੂਪ ਵਿਚ ਦੇਣੇ ਸਨ। ਇਸ ਸਾਲ ਪਹਿਲੇ ਗਰੁਪ ਨੇ ਸਾਕਾ ਚਮਕੌਰ, ਦੂਜੇ ਨੇ ਬਹਾਦਰ ਸਿੱਖ ਬੀਬੀਆਂ, ਤੀਜੇ ਨੇ ਦਸਤਾਰ, ਚੌਥੇ ਨੇ ਗੁਰਬਾਣੀ ਦੇ ਸੰਦੇਸ਼ ਅਤੇ ਪੰਜਵੇਂ ਗਰੁਪ ਨੇ 1984 ਦੇ ਘੱਲੂਘਾਰੇ ਸਬੰਧੀ ਭਾਸ਼ਣ ਦਿੱਤੇ।

ਸਿੱਖ ਯੂਥ ਅਲਾਇੰਸ ਆਫ ਨਾਰਥ ਅਮਰੀਕਾ ਵਲੋਂ 2004 ਤੋਂ ਹਰ ਸਾਲ ਮਾਰਚ-ਅਪਰੈਲ ਮਹੀਨੇ ਇਹ ਮੁਕਾਬਲੇ ਪਹਿਲਾਂ ਅਮਰੀਕਾ ਤੇ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿਚ ਕਰਵਾਏ ਜਾਂਦੇ ਹਨ, ਫਿਰ ਰਾਜ ਪੱਧਰੀ ਅਤੇ ਅੰਤ ਵਿਚ ਰਾਜ ਪੱਧਰੀ ਮੁਕਾਬਲਿਆਂ ਦੇ ਜੇਤੂ ਬੱਚੇ ਅਗਸਤ ਮਹੀਨੇ ਕੌਮਾਂਤਰੀ ਪੱਧਰ ਦੇ ਮੁਕਾਬਲਿਆਂ ਵਿਚ ਹਿੱਸਾ ਲੈਂਦੇ ਹਨ। ਸਿੰਪੋਜ਼ੀਅਮ ਦੀ ਤਿਆਰੀ ਨਾਲ ਬੱਚਿਆਂ ਨੂੰ ਜਿੱਥੇ ਸਿੱਖ ਇਤਿਹਾਸ ਤੇ ਵਿਰਸੇ ਬਾਰੇ ਜਾਣਕਾਰੀ ਮਿਲਦੀ ਹੈ, ਉਥੇ ਉਨ੍ਹਾਂ ਨੂੰ ਭਾਸ਼ਣ ਲਿਖਣ ਤੇ ਬੋਲਣ ਦਾ ਵੀ ਪਤਾ ਲਗਦਾ ਹੈ।

ਸਮਾਗਮ ਦੀ ਵਿਸ਼ੇਸ਼ਤਾ ਇਹ ਰਹੀ ਕਿ ਬੱਚਿਆਂ ਨੇ ਇਸ ਵਿਚ ਹਿੱਸਾ ਲੈਂਦਿਆਂ ਆਪਣੇ ਵਲੋਂ ਵਧੀਆ ਤੋਂ ਵਧੀਆ ਭਾਸ਼ਣ ਤਿਆਰ ਕੀਤੇ ਅਤੇ ਇਹ ਮਹਿਸੂਸ ਨਹੀਂ ਹੋਣ ਦਿੱਤਾ ਕਿ ਉਹ ਕਿਸੇ ਮੁਕਾਬਲੇ ਵਿਚ ਹਿੱਸਾ ਲੈ ਰਹੇ ਹਨ। ਭਾਸ਼ਣ ਮੁਕਾਬਲੇ ਵਿਚ ਜੇਤੂਆਂ ਤੋਂ ਇਲਾਵਾ ਬਾਕੀ ਦੇ ਹਿੱਸਾ ਲੈਣ ਵਾਲੇ ਸਾਰੇ ਬੱਚਿਆਂ ਨੂੰ ਟਰਾਫੀ ਤੇ ਸਰਟੀਫਿਕੇਟ ਦਿੱਤੇ ਗਏ। ਜੇਤੂਆਂ ਵਿਚੋਂ ਹਰੇਕ ਗਰੁਪ ਵਿਚ ਪਹਿਲੇ ਅਤੇ ਦੂਜੇ ਸਥਾਨ 'ਤੇ ਆਉਣ ਵਾਲੇ ਬੱਚੇ 18 ਮਈ ਨੂੰ ਪਿਟਸਬਰਗ ਦੇ ਗੁਰਦੁਆਰਾ ਸਾਹਿਬ ਵਿਖੇ ਹੋਣ ਵਾਲੇ ਰਾਜ ਪੱਧਰੀ ਮੁਕਾਬਲਿਆਂ ਵਿਚ ਹਿੱਸਾ ਲੈਣਗੇ।

## ਬਹਿਬਲ ਕਾਂਡ: ਚਰਨਜੀਤ ਸ਼ਰਮਾ ਖਿਲਾਫ ਚਲਾਨ ਪੇਸ਼

**ਫਰੀਦਕੋਟ:** ਬਹਿਬਲ ਬੇਅਦਬੀ ਕਾਂਡ 'ਚ ਮੁਲਜ਼ਮ ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ ਖਿਲਾਫ ਚਲਾਨ ਅਦਾਲਤ 'ਚ ਪੇਸ਼ ਕੀਤਾ ਗਿਆ ਹੈ। ਇਸ ਮੌਕੇ ਉਹ ਅਦਾਲਤ ਵਿਚ ਨਹੀਂ ਸਨ। ਅਦਾਲਤ ਨੇ ਸ਼ਰਮਾ ਨੂੰ 26 ਅਪਰੈਲ ਨੂੰ ਪੇਸ਼ ਹੋਣ ਦੇ ਹੁਕਮ ਦਿੱਤੇ ਹਨ। ਜਾਂਚ ਟੀਮ ਨੇ ਐਸ.ਪੀ. ਬਿਕਰਮ ਸਿੰਘ, ਇੰਸਪੈਕਟਰ ਪ੍ਰਦੀਪ ਸਿੰਘ, ਬਾਜਾਖਾਨਾ ਦੇ ਸਾਬਕਾ ਐਸ.ਐਚ.ਓ. ਅਮਰਜੀਤ ਸਿੰਘ ਕੁਲਾਰ ਖਿਲਾਫ ਚਲਾਨ ਪੇਸ਼ ਨਹੀਂ ਕੀਤਾ। ਇਨ੍ਹਾਂ ਦੀ ਗ੍ਰਿਫਤਾਰੀ 'ਤੇ 23 ਮਈ ਤੱਕ ਰੋਕ ਹੈ।

ਜਾਂਚ ਟੀਮ ਨੇ ਚਲਾਨ ਨਾ ਪੇਸ਼ ਕਰ ਕੇ ਇਨ੍ਹਾਂ ਦੀ ਗ੍ਰਿਫਤਾਰੀ ਦਾ ਰਾਹ ਅਜੇ ਖੁੱਲ੍ਹਾ ਰੱਖਿਆ ਹੈ। ਚਰਨਜੀਤ ਸ਼ਰਮਾ ਨੂੰ ਜਾਂਚ ਟੀਮ ਨੇ 27 ਜਨਵਰੀ ਨੂੰ ਹੁਸ਼ਿਆਰਪੁਰ ਤੋਂ ਉਸ ਦੇ ਘਰੋਂ ਗ੍ਰਿਫਤਾਰ ਕੀਤਾ ਸੀ ਅਤੇ 27 ਅਪਰੈਲ ਤੱਕ ਜਾਂਚ ਟੀਮ ਵੱਲੋਂ ਚਲਾਨ ਪੇਸ਼ ਕਰਨਾ ਲਾਜ਼ਮੀ ਸੀ। ਜੇ ਅਜਿਹਾ ਨਾ ਕੀਤਾ ਜਾਂਦਾ ਤਾਂ ਨੇਮਾਂ ਮੁਤਾਬਕ ਚਰਨਜੀਤ ਸ਼ਰਮਾ ਨੂੰ ਬਹਿਬਲ ਕਾਂਡ ਮਾਮਲੇ ਵਿਚੋਂ ਜ਼ਮਾਨਤ ਮਿਲ ਸਕਦੀ ਸੀ।

VAPOR MAVEN
WAREHOUSE HELP WANTED
MON-SAT 8AM - 6PM
LODGING PROVIDED
$2500 MONTHLY
DUTIES INCLUDE:
PULL ORDERS FOR RETAIL STORES
RE-STOCK WAREHOUSE INVENTORY
GENERAL WAREHOUSE LABOR
MISC. PRODUCTION WORK
CALL 479-409-2293
FOR INQUIRIES HERMIN THIND
HERMINTHIND@GMAIL.COM
18-21

ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਕੈਂਟਨ (ਮਿਸ਼ੀਗਨ)
48055 Michigan Ave., Canton, MI 48187
ਕਥਾ ਵਿਆਖਿਆ
4 ਮਈ ਤੋਂ 9 ਮਈ 2019 ਤੱਕ
ਭਾਈ ਸਾਹਿਬ ਸਿੰਘ ਵੈਨਕੂਵਰ ਵਾਲੇ
ਸਨਿਚਰਵਾਰ, 4 ਮਈ: ਸ਼ਾਮ 7 ਤੋਂ 8 ਵਜੇ ਤੱਕ
ਐਤਵਾਰ, 5 ਮਈ: ਸਵੇਰੇ 11:30 ਤੋਂ ਦੁਪਹਿਰ 12:30 ਵਜੇ ਤੱਕ
ਸੋਮਵਾਰ ਤੋਂ ਵੀਰਵਾਰ 6 ਤੋਂ 9 ਮਈ: ਸ਼ਾਮ 7 ਤੋਂ 8 ਵਜੇ ਤੱਕ
ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ
ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਭਾਈ ਸਾਹਿਬ ਸਿੰਘ ਵੈਨਕੂਵਰ ਵਾਲੇ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ: 734-635-7307, 734-637-4217, 586-709-1781


ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ
ਸ਼ਿਕਾਗੋ ਕਬੱਡੀ ਕੱਪ ਅਤੇ ਵਾਲੀਬਾਲ ਮੁਕਾਬਲੇ
ਸਤੰਬਰ 2019
ਸਥਾਨ: ਬਸੀ ਵੁੱਡਜ਼, ਐਲਕ ਗਰੂਵ ਵਿਲੇਜ
ਪ੍ਰਧਾਨ
ਮੀਤ ਪ੍ਰਧਾਨ
ਜਿੰਦਰ ਬੈਨੀਪਾਲ
ਕਾਬਲ ਸਿੰਘ ਭੁੱਲਰ
ਸਾਬਕਾ ਚੇਅਰਮੈਨ
ਮੁਖਤਿਆਰ ਸਿੰਘ ਨੰਦੜਾ
ਗੁਰਬਚਨ ਸਿੰਘ ਪੱਪੂ
ਪਰਮਿੰਦਰ ਸਿੰਘ ਗਰੇਵਾਲ
ਰਣਬੀਰ ਸਿੰਘ ਧਾਲੀਵਾਲ
ਰਵਿੰਦਰਪਾਲ ਸਿੰਘ ਨੰਦੜਾ
ਹਰਇੰਦਰਜੀਤ ਧਾਲੀਵਾਲ
ਬਲਦੇਵ ਸਿੰਘ ਸੱਲ੍ਹਾਂ
ਗੁਰਮੀਤ ਸਿੰਘ ਸੱਲ੍ਹਾਂ
ਸਰਬਜੀਤ ਸਿੰਘ ਸੱਲ੍ਹਾਂ
ਦੀਦਾਰ ਸਿੰਘ ਧਨੋਆ
ਅਮਰਜੀਤ ਸਿੰਘ ਢੀਂਡਸਾ
ਕਲੱਬ ਮੈਂਬਰ
ਬਲਜਿੰਦਰ ਨੀਲੋਂ
ਬਲਜੀਤ ਟਿਵਾਣਾ
ਦੀਪਇੰਦਰ ਵਿਰਕ
ਗਗਨ ਬਾਜਵਾ
ਗੋਲਡੀ ਸਿੰਘ
ਗੋਗਾ ਘੁਮਾਣ
ਸੁਖਰਾਜ ਸਿੰਘ ਤੱਖਰ
ਧਰਮਿੰਦਰ ਜਸਵਾਲ
ਹਨੀ ਖੰਘੂੜਾ
ਹਰਪ੍ਰੀਤ ਗਿੱਲ
ਹਰਬੰਤ ਗਰੇਵਾਲ
ਹਰਜਿੰਦਰ ਸਮਰਾ
ਇੰਦਰਜੀਤ ਸਿੰਘ
ਜਗਜੀਤ ਨਾਹਲ
ਜੰਗੀ ਬੋਲੀਨਾ
ਜਸਪ੍ਰੀਤ ਮਠਾੜੂ
ਜਿੰਦੀ ਖੰਘੂੜਾ
ਜੋਧ ਸਿੰਘ ਸਿੱਧੂ
ਜਸਵਿੰਦਰ ਗਿੱਲ
ਜੱਸੀ ਸਹੋਤਾ
ਜੋਤੀ ਸਹੋਤਾ
ਕਾਲਾ ਪੱਡਾ
ਕਮਲਜੀਤ ਘੁਮਾਣ
ਕੁਲਵਿੰਦਰ ਨੀਲੋਂ
ਲਖਵਿੰਦਰ ਬਿਹਾਰੀਪੁਰੀਆ
ਮਨਜੀਤ ਸਿੰਘ
ਮਨਮੋਹਨ ਸਿੰਘ ਭੱਠਲ
ਮਿੰਦਰ ਭੱਠਲ
ਨੰਨਾ ਸਹੋਤਾ
ਓਂਕਾਰ ਸਹੋਤਾ
ਪਰਮਿੰਦਰ ਸਿੰਘ
ਪਿੰਦੀ ਛੀਨਾ
ਰਾਜਾ ਤੱਲ੍ਹਣ
ਰਾਣਾ ਭੰਡਾਲ
ਰਾਣਾ ਗਾਖਲ
ਹਰਕੰਵਲ ਸਿੰਘ
ਸ਼ੇਰਾ ਖਾਂਬੜਾ
ਸੁਰਿੰਦਰ ਭੱਟੀ
ਸੋਨੀ ਸਹੋਤਾ
ਸੁਰਜੀਤ ਸਿੰਘ ਡੀ ਸੀ
ਵਿੱਕੀ ਸ਼ੰਮੀਪੁਰੀਆ
ਯਾਦਵਿੰਦਰ ਗਿੱਲ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਵਿੱਕੀ ਸ਼ੰਮੀਪੁਰੀਆ 215-917-9885
ਰਾਣਾ ਭੰਡਾਲ 847-778-7519
ਜਿੰਦੀ ਖੰਘੂੜਾ 847-529-1464
ਜੋਧ ਸਿੰਘ ਸਿੱਧੂ 630-669-7175
ਓਂਕਾਰ ਸਹੋਤਾ 708-745-1815
ਕਾਬਲ ਸਿੰਘ ਭੁੱਲਰ 847-732-9813
ਰਾਜਾ ਤੱਲ੍ਹਣ 608-566-6655

# 'ਆਈ ਪੂਰੇ ਦੀ ਵਾਅ' ਦਾ ਰੰਗ

ਲਹਿੰਦੇ ਪੰਜਾਬ 'ਚ ਸ਼ਾਹਮੁਖੀ 'ਚ ਛਪੀ ਕਿਤਾਬ 'ਆਈ ਪੂਰੇ ਦੀ ਵਾਅ' ਦੇ ਲੇਖਕ ਨੈਣ ਸੁੱਖ ਦਾ ਅਸਲ ਨਾਂ ਖਾਲਿਦ ਪਰਵੇਜ਼ ਹੈ, ਜੋ ਪੇਸ਼ੇ ਵਜੋਂ ਵਕੀਲ ਹੈ। ਉਹਦੀਆਂ ਹੁਣ ਤੱਕ ਪੰਜ ਕਿਤਾਬਾਂ 'ਕਿੱਕਰ ਤੇ ਅੰਗੂਰ' (ਕਵਿਤਾ), 'ਠੀਕਰੀਆਂ', 'ਉਥਲ ਪੁਥਲ', 'ਸ਼ਹੀਦ' (ਕਹਾਣੀਆਂ) ਤੇ 'ਮਾਧੋ ਲਾਲ ਹੁਸੈਨ' (ਨਾਵਲ) ਛਪ ਚੁਕੀਆਂ ਹਨ। ਉਸ ਦੇ ਨਾਵਲ 'ਮਾਧੋ ਲਾਲ ਹੁਸੈਨ' ਅਤੇ ਕਹਾਣੀ ਸੰਗ੍ਰਿਹ 'ਸ਼ਹੀਦ' ਦਾ ਪਾਕਿਸਤਾਨੀ ਪੰਜਾਬੀ ਅਦਬੀ ਹਲਕਿਆਂ 'ਚ ਖਾਸਾ ਚਰਚਾ ਰਿਹਾ। ਜਦੋਂ 'ਆਈ ਪੂਰੇ ਦੀ ਹਵਾ' ਛਪੀ ਤਾਂ ਇਸ ਨੂੰ 'ਆਈ ਬੁਰੇ ਦੀ ਵਾਅ' ਦਾ ਲਕਬ ਦਿੱਤਾ ਗਿਆ। ਕਾਰਨ ਸ਼ਾਇਦ ਇਹ ਹੈ ਕਿ ਨੈਨ ਸੁੱਖ



ਮਨਮੋਹਨ
ਫੋਨ: 91-82839-48811

ਸੱਚ ਲਿਖਦਿਆਂ ਜ਼ਰਾ ਵੀ ਡਰਦਾ ਨਹੀਂ। ਇਸ ਦੀਆਂ ਛੇ ਕਹਾਣੀਆਂ ਦਾ ਬਿਰਤਾਂਤ ਆਪਣੇ ਅੰਦਰ ਅਜਿਹਾ ਤੱਥਾਤਮਕ, ਕਲਪਨਾਤਮਕ ਤੇ ਸਿਰਜਣਾਤਮਕ ਪ੍ਰਗਟਾਵਾ ਸਾਂਭੀ ਬੈਠਾ ਹੈ ਕਿ ਇਹ ਸਮਿਆਂ ਦੇ ਸਭਿਆਚਾਰਕ ਮਨੋਵਿਗਿਆਨ ਦਾ ਪ੍ਰਮਾਣਿਕ ਦਸਤਾਵੇਜ਼ ਹੋ ਨਿਬੜਦਾ ਹੈ।


ਚੜ੍ਹਦੇ ਪੰਜਾਬ ਵਿਚ ਇਹ ਆਪਣੀ ਕਿਸਮ ਦੀ ਅਜਿਹੀ ਕਿਤਾਬ ਹੈ, ਜਿਸ ਨੂੰ ਕਿਸੇ ਵਿਧਾ ਦੇ ਪ੍ਰਤੀਮਾਨਾਂ 'ਚ ਬੱਝ ਕੇ ਨਹੀਂ ਦੇਖਿਆ ਜਾ ਸਕਦਾ। ਇਹ ਇਕ ਤਰ੍ਹਾਂ ਦਾ ਅ-ਗਲਪ ਹੈ, ਕਿਉਂਕਿ ਇਨ੍ਹਾਂ ਸਭ ਰਚਨਾਵਾਂ ਦੇ ਨਾਇਕ-ਨਾਇਕਾਵਾਂ ਅਤੀਤ/ਇਤਿਹਾਸ 'ਚ ਵਿਚਰੀਆਂ ਜਿਉਂਦੀਆਂ ਜਾਗਦੀਆਂ ਸ਼ਖਸੀਅਤਾਂ ਹਨ। ਕਿਤਾਬ ਦੇ ਸੰਪਾਦਕ ਅਮਨਪ੍ਰੀਤ ਸਿੰਘ ਗਿੱਲ ਦਾ ਕਹਿਣਾ ਸਹੀ ਹੈ ਕਿ ਇਨ੍ਹਾਂ ਦਾ ਜੀਵਨ ਬਿਰਤਾਂਤ ਕਿੰਨਾ ਕੁ ਅਸਲੀਅਤ ਦੇ ਨੇੜੇ ਹੈ ਤੇ ਕਿੰਨਾ ਕੁ ਕਲਪਨਾ ਲੋਕ ਦੀ ਉਪਜ ਹੈ, ਲੇਖਕ ਬਿਹਤਰ ਜਾਣਦਾ ਹੈ, ਪਰ ਇਸ ਕਿਤਾਬ 'ਚੋਂ ਜੀਵਨ ਦੀ ਪ੍ਰਮਾਣਿਕ ਤਸਵੀਰ ਉਭਰਦੀ ਹੈ, ਇਸ ਬਾਰੇ ਦਾਅਵਾ ਬੇਬੁਨਿਆਦ ਨਹੀਂ, ਆਖਰੀ ਫੈਸਲਾ ਤਾਂ ਪਾਠਕ ਹੀ ਕਰਨਗੇ। ਨੈਣ ਸੁੱਖ ਦੀਆਂ ਇਨ੍ਹਾਂ ਲਿਖਤਾਂ ਦਾ ਇਕ ਝਲਕਾਰਾ ਕਲਮੀ ਚਿੱਤਰਾਂ ਦਾ ਵੀ ਹੈ। ਕਲਮੀ ਚਿੱਤਰ ਸਾਅਦਤ ਹਸਨ ਮੰਟੋ, ਬਲਵੰਤ ਗਾਰਗੀ ਤੇ ਹੋਰ ਅਨੇਕਾਂ ਨੇ ਲਿਖੇ ਪਰ ਕਲਮੀ ਚਿੱਤਰਾਂ ਦਾ ਪੱਲਾ ਬੜਾ ਛੋਟਾ ਹੁੰਦਾ ਹੈ। ਉਨ੍ਹਾਂ 'ਚ ਬੰਦੇ ਦੇ ਸੁਭਾਅ ਤੇ ਉਸ ਦੀ ਲਿਖਤ ਦੀ ਸਿੱਧ-ਪੁੱਠ ਤਾਂ ਬਥੇਰੀ ਮਿਲ ਜਾਂਦੀ ਹੈ, ਪਰ ਉਸ ਦੇ ਯੁੱਗ ਦੀ ਤਸਵੀਰ ਨਾਦਾਰਦ ਹੁੰਦੀ ਹੈ। ਇਸ ਦੇ ਉਲਟ ਨੈਣ ਸੁੱਖ ਦੀਆਂ ਇਹ ਰਚਨਾਵਾਂ ਮਨੁੱਖ ਦੀ ਜੀਵਨ ਕਹਾਣੀ ਨਾ ਹੋ ਕੇ ਉਸ ਦੇ ਯੁੱਗ ਦਾ ਅਕਸ ਹਨ। ਇਸ ਲਈ ਇਹ ਲਿਖਤਾਂ ਮਹਿਜ ਕਲਮੀ ਚਿੱਤਰ ਨਹੀਂ।

ਪਹਿਲੀ ਕਹਾਣੀ 'ਆਈ ਪੂਰੇ ਦੀ ਵਾਅ' ਅਛੂਤ ਸਮਝੇ ਜਾਂਦੇ ਉਨ੍ਹਾਂ ਦੀਨਦਾਰਾਂ, ਮਜ਼ਹਬੀ ਸਿੱਖਾਂ ਤੇ ਮੇਘਾਂ ਦੀ ਕਹਾਣੀ ਹੈ, ਜੋ ਧਰਮ ਤਬਦੀਲੀ ਬਾਅਦ ਵੀ ਅਛੂਤ ਹੀ ਰਹੇ। ਇਹ ਕਹਾਣੀ 'ਪੰਜਾਬੀ ਜ਼ਬੂਰ ਦੇਸੀ ਰਾਗਾਂ 'ਚ' ਤਿਆਰ ਕਰਕੇ ਇਸਾਈਅਤ ਦਾ ਪ੍ਰਚਾਰ ਕਰਨ ਵਾਲੇ ਦੇਸੀ ਬੰਦੇ ਇਮਾਮਦੀਨ ਦੀ ਕਹਾਣੀ ਹੈ, ਜੋ ਡਾਕਟਰ ਆਫ ਡਿਵਿਨਿਟੀ ਦੀ ਡਿਗਰੀ ਹਾਸਲ ਕਰਕੇ ਦੱਬੀ ਕੁਚਲੀ ਲੋਕਾਈ ਦੀ ਰੂਹ ਠਾਰਨ ਵਾਲਾ ਪਾਦਰੀ ਆਈ. ਡੀ. ਸ਼ਹਿਬਾਜ਼ ਬਣ ਗਿਆ। ਇਸ ਕਹਾਣੀ 'ਤੇ ਇਤਰਾਜ਼ ਕੀਤਾ ਗਿਆ ਕਿ ਇਹ ਇਸਾਈ ਭਾਈਚਾਰੇ ਦੇ ਖਿਲਾਫ ਲਿਖੀ ਗਈ ਹੈ, ਹਾਲਾਂਕਿ ਇਹ ਸਿਰਫ ਵਾਲਮੀਕੀਆਂ ਦੇ ਇਸਾਈ ਹੋਣ ਦੀ ਕਥਾ ਹੈ, ਜੋ ਨਾਲ-ਨਾਲ ਵਾਲਮੀਕੀਆਂ ਦਾ ਪਿਛੋਕੜ ਵੀ ਦੱਸਦੀ ਹੈ। ਪੰਜਾਬੀ ਬੋਲੀ ਦੇ ਵਿਕਾਸ ਤੇ ਪੁਖਤਗੀ 'ਚ ਇਸਾਈ ਮਿਸ਼ਨਰੀਆਂ ਦੇ ਛਾਪੇਖਾਨਿਆਂ ਤੇ ਲਿਖਤਾਂ ਦੀ ਕੀ ਭੂਮਿਕਾ ਰਹੀ, ਇੱਕਾ ਦੁੱਕਾ ਪੀਐਚ.ਡੀ. ਖੋਜ ਨਿਬੰਧਾਂ ਨੂੰ ਛੱਡ ਕੇ ਇਸਾਈਆਂ ਮਿਸ਼ਨਰੀਆਂ ਦੀ ਪੰਜਾਬੀ ਸਾਹਿਤ ਨੂੰ ਦੇਣ ਬਾਰੇ ਸਾਹਿਤ ਦਾ ਇਤਿਹਾਸ ਚੁੱਪ ਹੈ। ਨੈਣ ਸੁੱਖ ਦੀ ਇਸ ਲਿਖਤ 'ਚ ਇਸਾਈ ਸਾਹਿਤ ਵਿਚ ਧਰਤੀ ਪੁੱਤਰਾਂ ਦੇ ਯੋਗਦਾਨ ਨੂੰ ਸ਼ਾਇਦ ਪਹਿਲੀ ਵਾਰ ਪੇਸ਼ ਕੀਤਾ ਗਿਆ ਹੈ।

ਦੂਜੀ ਕਹਾਣੀ 'ਨਿਥਾਵਾਂ' ਵਿਚ ਹਿੰਦੂ ਪਰਿਵਾਰ 'ਚ ਜੰਮਿਆ ਤੇ ਸਿੱਖ ਤੋਂ ਵਹਾਬੀ ਹੋਇਆ ਮੌਲਾਨਾ ਉਬੈਦ ਉਲਾਹ ਸਿੰਧੀ ਕੇਂਦਰੀ ਪਾਤਰ ਹੈ। ਉਸ ਨੂੰ ਫਿਰੰਗੀ ਨਾਲ ਦੁਸ਼ਮਣੀ ਰੱਖਣ ਕਾਰਨ ਚੌਵੀ ਸਾਲ ਜਲਾਵਤਨੀ ਕੱਟਣੀ ਪਈ। ਭਰਤਪੁਰ ਦੇ ਦੇਸ਼ ਬਦਰ ਰਾਜਾ ਮਹਿੰਦਰ ਪ੍ਰਤਾਪ ਦੀ ਪ੍ਰਧਾਨਗੀ ਹੇਠ ਕਾਬਲ, ਅਫਗਾਨਿਸਤਾਨ ਵਿਖੇ ਬਣੀ ਪ੍ਰੋਵੀਜ਼ਨਲ ਗਵਰਮੈਂਟ ਆਫ ਇੰਡੀਆ ਦਾ ਉਸ ਨੂੰ ਵਿਦੇਸ਼ ਮੰਤਰੀ ਬਣਾਇਆ ਗਿਆ। ਮੌਲਾਨਾ ਉਬੈਦ ਉਲਾਹ ਸਿੰਧੀ ਨੇ ਹੀ ਰੂਸੀ ਵਿਦੇਸ਼ ਮੰਤਰੀ ਚਿਚਰਨ ਕੋਲੋਂ ਹਿੰਦੋਸਤਾਨ ਦੀ ਆਜ਼ਾਦੀ ਲਈ ਇਕ ਕਰੋੜ ਰੁਪਏ ਦੀ ਮਦਦ ਮਨਜ਼ੂਰ ਕਰਵਾਈ, ਜੋ ਅਫਗਾਨ ਹਕੂਮਤ ਰਾਹੀਂ ਇੰਡੀਅਨ ਨੈਸ਼ਨਲ ਕਾਂਗਰਸ ਤੱਕ ਪਹੁੰਚਣੀ ਸੀ। ਮੌਲਾਨਾ ਨੇ ਚਿਚਰਨ ਤੋਂ ਸਿਰਫ ਰਕਮ ਹੀ ਨਾ ਮੰਗੀ ਸਗੋਂ ਇਸਲਾਮ 'ਚੋਂ ਸਮਾਜਵਾਦ ਵੀ ਕੱਢਿਆ, ਜਿਹਦੇ ਤੋਂ ਰੂਸੀ ਏਨੇ ਖੁਸ਼ ਹੋਏ ਕਿ ਉਨ੍ਹਾਂ ਨੇ ਮੌਲਾਨਾ ਨੂੰ ਬੁਖਾਰਾ ਵਿਖੇ ਸਰਕਾਰੀ ਅਹੁਦਾ ਵੀ ਪੇਸ਼ ਕਰ



ਨੈਣ ਸੁੱਖ




ਦਿੱਤਾ। ਪਾਕਿਸਤਾਨ 'ਚ 'ਨਿਥਾਵਾਂ' ਕਹਾਣੀ 'ਤੇ ਮੌਲਵੀਆਂ ਰੋਸ ਕੀਤਾ ਕਿ ਇਸ ਵਿਚ ਮਜ਼ਹਬੀ ਲੋਕਾਂ ਨੂੰ ਬਦਨਾਮ ਕੀਤਾ ਗਿਆ ਹੈ।

ਤੀਜੀ ਕਹਾਣੀ 'ਅਛਨਾ ਗੱਛਨਾ' ਪੋਠੋਹਾਰ ਦੇ ਪੁੱਤਰ ਦਾਦਾ ਅਮੀਰ ਹੈਦਰ ਅਲੀ ਦੀ ਜੀਵਨ ਗਾਥਾ ਹੈ। ਦਾਦਾ ਵੰਡ ਪਿਛੋਂ ਵੀ ਪਾਕਿਸਤਾਨ 'ਚ ਮਰਦੇ ਦਮ ਤੱਕ ਆਪਣੇ ਆਪ ਨੂੰ ਇੰਡੀਅਨ ਹੀ ਲਿਖਦਾ ਰਿਹਾ। ਉਹ ਭਾਰਤੀ ਕਮਿਊਨਿਸਟ ਪਾਰਟੀ ਦੀ ਨੀਂਹ ਰੱਖਣ ਵਾਲਿਆਂ ਵਿਚੋਂ ਇਕ ਸੀ। ਕੋਈ ਉਸ ਨੂੰ ਟੋਨੀ ਵਜੋਂ ਜਾਣਦਾ ਸੀ, ਕੋਈ ਕਾਮਰੇਡ ਸਖਾਰੋਫ ਵਜੋਂ ਤੇ ਕੋਈ ਪਠਾਣ, ਫਰਾਂਸਿਸਕੋ ਫਰਨਾਂਡੇਜ਼, ਕਾਮਰੇਡ ਮਿਸ਼ਰਾ ਜਾਂ ਮੋਟਰ ਮਕੈਨਿਕ ਸ਼ੰਕਰ ਵਜੋਂ। ਵੰਡ ਪਿਛੋਂ ਉਸ ਨੇ 'ਮਈ ਦਿਵਸ' ਮੌਕੇ ਪਾਕਿਸਤਾਨੀ ਪ੍ਰਧਾਨ ਮੰਤਰੀ ਲਿਆਕਤ ਅਲੀ ਖਾਂ ਨੂੰ ਗੁੰਡਾ ਕਹਿ ਕੇ ਲਲਕਾਰਿਆ। ਉਸ ਦਾ ਤਾਉਮਰ ਇਕੋ ਇਕ ਮਕਸਦ ਸੀ, 'ਇਨਕਲਾਬ' ਪਰ ਇਸ ਕਹਾਣੀ ਬਾਰੇ ਪਾਕਿਸਤਾਨੀ ਕਾਮਰੇਡ ਬਹੁਤੇ ਖੁਸ਼ ਨਹੀਂ ਸਨ, ਭਾਵੇਂ ਉਨ੍ਹਾਂ ਕੋਲ ਕੋਈ ਦਲੀਲ ਨਹੀਂ ਸੀ।

'ਮੁਸੱਲੀ, ਅਸੀਂ ਦਰਾਵੜ' ਕਹਾਣੀ ਦਾ ਨਾਇਕ ਸਾਂਦਲ ਬਾਰ ਵਾਲੇ ਸਾਂਦਲ ਨੂੰ ਆਪਣਾ ਵਡੇਰਾ ਕਹਿਣ ਵਾਲੇ, ਮਸਨੇ ਮੁਸੱਲੀ ਦਾ ਪੋਤਰਾ ਆਗਾ ਖਾਂ ਸਹੋਤਰਾ ਹੈ। ਉਸ ਨੇ ਬਾਰ ਨੂੰ 'ਚੰਗੜ ਬਾਰ' ਸਾਬਤ ਕਰਦਿਆਂ ਜਾਤ, ਬਰਾਦਰੀ ਤੇ ਮਜ਼ਹਬੀ ਬਖੇੜਿਆਂ ਪਿੱਛੇ ਕੰਮ ਕਰਦੀ ਸਿਆਸਤ ਦਾ ਸੱਚ ਸਾਹਮਣੇ ਲਿਆਉਣ ਲਈ ਆਪਣੀ ਸਾਰੀ ਜ਼ਿੰਦਗੀ ਲੋਕਾਈ ਦੇ ਲੇਖੇ ਲਾ ਦਿੱਤੀ। ਪਾਕਿਸਤਾਨੀ ਡਰਾਮੇ 'ਮੁਸੱਲੀ' ਦੇ ਲੇਖਕ ਮੇਜਰ ਇਸਹਾਕ ਦੇ ਬੜਾ ਲਾਗੇ ਰਿਹਾ ਆਗਾ ਖਾਂ ਸਹੋਤਰਾ। ਇਸ ਕਹਾਣੀ 'ਚ ਇਕ ਵਾਕਿਆ ਹੈ, ਲਾਇਲਪੁਰ ਦੇ ਰਿਕਸ਼ਾ ਵਾਹੁਣ ਵਾਲੇ ਇਨਕਲਾਬੀ ਸ਼ਾਇਰ ਮਨਜ਼ੂਰ ਨਿਆਜ਼ੀ ਨੇ ਡਰਾਮੇ 'ਚ ਮਜ਼ਦੂਰ ਲੀਡਰ ਨੂਰੇ ਦਾ ਰੋਲ ਕੀਤਾ, ਤੇ ਉਸ ਗਾਇਆ:

ਮੈਂ ਬੋਹੜ ਹਾਂ ਛਾਂ ਪਿਆ ਵੰਡਦਾ ਹਾਂ
ਮੇਰੇ ਸਿਰ 'ਤੇ ਕਿਸੇ ਦੀ ਛਾਂ ਵੀ ਨਹੀਂ।
ਜਿਹੜਾ ਮਹਿਲ ਮੈਂ ਆਪ ਉਸਾਰਿਆ ਸੀ
ਕਿਸੇ ਇੱਟ 'ਤੇ ਮੇਰਾ ਨਾਂ ਵੀ ਨਹੀਂ

ਪਰ ਮੇਜਰ ਇਸਹਾਕ ਉਦੋਂ ਬਹੁਤ ਖੁਸ਼ ਹੋਇਆ, ਜਦੋਂ ਆਪਣੀ ਸ਼ਾਇਰੀ ਸੁਣਾਉਣ ਲਈ ਆਗਾ ਖਾਂ ਸਹੋਤਰੇ ਨੇ ਬਾਂਹ ਚੁੱਕੀ। ਇੰਜ ਇਹ ਕਹਾਣੀ ਮੱਲਮਾਰੀ ਦਾ ਕਿੱਸਾ ਹੈ। ਪੰਜਾਬ ਦੀ ਧਰਤੀ ਦੇ ਅਸਲ ਵਾਰਿਸ ਕੌਣ ਹਨ ਤੇ ਨਾਜਾਇਜ਼ ਕਬਜ਼ਾ ਕਿਨ੍ਹਾਂ ਦਾ ਹੈ, ਉਸ ਮਾਰਮਿਕਤਾ ਦੀ ਦਾਸਤਾਨਗੋਈ ਹੈ।

ਪੰਜਵੀਂ ਕਹਾਣੀ 'ਕੰਮ ਵਾਲੀ' ਪਾਕਿਸਤਾਨੀ ਰੇਡੀਓ, ਸਟੇਜ 'ਤੇ ਪੀ. ਟੀ. ਵੀ. ਦੇ ਡਰਾਮਿਆਂ ਅਤੇ ਫਿਲਮਾਂ 'ਚ ਕੰਮ ਕਰਨ ਵਾਲੀ ਆਲੀਆ ਬੇਗਮ ਦੀ ਕਹਾਣੀ ਹੈ, ਜਿਸ ਦਾ ਪਿਛੋਕੜ ਲਾਹੌਰ ਦੀ ਹੀਰਾ ਮੰਡੀ ਨਾਲ ਜੁੜਿਆ ਸੀ। ਜਿਲਾ ਜਿਹਲਮ ਦੀ ਗਰਾਈਂ ਜੀਰਾਂ, ਬਾਗ ਮੁਨਸ਼ੀ ਲੱਧਾ ਦੀ ਲਾਹੌਰਨ ਹੋ ਕੇ ਨਜ਼ੀਰ ਬੇਗਮ ਅਤੇ ਅੱਗੇ ਜੱਜ ਸਾਹਿਬ ਦੀ ਹਵੇਲੀ 'ਚ ਸ਼ਾਇਸਤਾ ਬੇਗਮ ਹੋ ਗਈ। ਉਹ ਪਰਦਾਦਾਰ ਸਾਦਾਤ ਦੀ ਨੂੰਹ ਬਣੀ, ਜਿਹਨੇ ਰੋਜ਼ੀ ਰੋਟੀ ਲਈ ਦੋ ਮਾਸੂਮ ਧੀਆਂ ਨੂੰ ਘਰ ਡੱਕਿਆ ਤੇ ਚੋਰੀ ਲਾਹੌਰ ਰੇਡੀਓ ਦੇ ਡਰਾਮਿਆਂ 'ਚ ਕੰਮ ਕੀਤਾ ਅਤੇ ਆਪਣਾ ਨਾਮ ਆਲੀਆ ਬੇਗਮ ਰੱਖ ਲਿਆ। ਉਹਦੇ ਚਾਰ ਨਿਕਾਹ ਹੋਏ। ਚੌਥਾ ਪਤੀ ਸ਼ੇਖ ਫਾਰੂਕ ਅਹਿਮਦ ਸਪੀਕਰ ਪੰਜਾਬ ਅਸੈਂਬਲੀ ਸ਼ੇਖ ਰਫੀਕ ਅਹਿਮਦ ਦਾ ਭਰਾ। ਆਲੀਆ ਦਾ ਪਹਿਲਾ ਨਿਕਾਹ ਓਸ ਅਇਰਸ਼ ਫੌਜੀ ਨਾਲ ਹੋਇਆ, ਜਿਸ ਨੇ ਜੱਲ੍ਹਿਆਂਵਾਲੇ ਬਾਗ ਦੇ ਕਤਲੇਆਮ (1919) 'ਚ ਨਿਹੱਥੇ ਲੋਕਾਂ 'ਤੇ ਗੋਲੀ ਚਲਾਉਣ ਤੋਂ ਨਾਂਹ ਕਰ ਦਿੱਤੀ ਸੀ।

ਛੇਵੀਂ ਕਹਾਣੀ 'ਵੇ ਕਿਹੜਾ ਏ' ਪਾਕਿਸਤਾਨ ਦੀ ਬੇਬਾਕ ਇਸਾਈ ਸ਼ਾਇਰਾ ਨਸਰੀਨ ਅੰਜੁਮ ਭੱਟੀ ਬਾਰੇ ਹੈ। ਪਾਕਿਸਤਾਨ 'ਚ ਸਿਤਾਰਾ-ਏ-ਇਮਤਿਆਜ਼ ਹਾਸਲ ਕਰਨ ਵਾਲੀ ਇਹ ਸ਼ਖਸੀਅਤ ਆਜ਼ਾਦ ਜੀਵਨ ਜਿਉਣ ਦੀ ਆਪਣੀ ਚਾਹਤ ਤੇ ਆਪਣੀ ਅਦਬੀ ਬੇਬਾਕੀ ਕਾਰਨ ਹਮੇਸ਼ਾ ਰੂੜੀਵਾਦੀ ਸੋਚ ਵਾਲੇ ਅਖੌਤੀ ਸਿਆਣਿਆਂ ਦੀਆਂ ਅੱਖਾਂ 'ਚ ਰੜਕਦੀ ਰਹੀ। ਉਸ ਦੀ ਸ਼ਾਇਰੀ ਵਿਚਲੀ ਬੇਬਾਕੀ ਨੂੰ ਪੇਸ਼ ਕਰਦੀਆਂ ਇਹ ਸਤਰਾਂ ਪਾਕਿਸਤਾਨ 'ਚ ਬਹੁਤ ਮਸ਼ਹੂਰ ਹੋਈਆਂ:

ਮੇਰੇ ਨੰਗ ਤੋਂ ਨਾ ਸ਼ਰਮਾ
ਕਦੀ ਅੱਗਾਂ ਵੀ ਲੀੜੇ ਪਾਏ ਨੇ
ਮੈਂ ਆਪਣੇ ਪਿੰਡੇ ਹੇਠ ਲੁਕ ਗਈ
ਓਹ ਮੇਰੇ ਪਿੰਡੇ ਤੋਂ ਲੰਘ ਗਏ
ਮੈਂ ਫੇਰ ਪਿੰਡੇ ਉਤੇ ਆਣ ਬੈਠੀ
ਤੇ ਵੈਣ ਕਰਨ ਲੱਗ ਪਈ

ਉਪਰਲੀਆਂ ਦੋਹਾਂ ਕਹਾਣੀਆਂ ਖਿਲਾਫ ਪਾਕਿਸਤਾਨੀ ਨਾਰੀਵਾਦੀਆਂ ਨੂੰ ਇਤਰਾਜ਼ ਹੈ ਕਿ ਇਨ੍ਹਾਂ ਕਹਾਣੀਆਂ 'ਚ ਔਰਤ ਰੱਜ ਕੇ ਬਦਨਾਮ ਹੋਈ।

'ਆਈ ਪੂਰੇ ਦੀ ਵਾਅ' ਦੀਆਂ ਕਹਾਣੀਆਂ ਵਿਚ ਆਏ ਵੇਰਵੇ ਪੂਰਬੀ ਪੰਜਾਬ ਦੇ ਪਾਠਕਾਂ ਲਈ ਵੱਡੀ ਵੰਗਾਰ ਸਾਬਤ ਹੋਣਗੇ, ਵਿਸ਼ੇਸ਼ ਕਰਕੇ ਸਾਹਿਤ ਸਭਿਆਚਾਰ ਤੇ ਇਤਿਹਾਸ ਦੇ ਵਿਦਿਆਰਥੀਆਂ ਤੇ ਖੋਜੀਆਂ ਲਈ। ਸਾਡੀ ਪੰਜਾਬੀ ਰਹਿਤਲ ਕਿਵੇਂ ਸਾਡੀਆਂ ਸਿਮਰਤੀਆਂ ਵਿਚੋਂ ਵਿਸਰ ਗਈ, ਇਸ ਦੀ ਗਵਾਹੀ ਇਨ੍ਹਾਂ ਲਿਖਤਾਂ ਵਿਚੋਂ ਮਿਲੇਗੀ। ਕੰਡਿਆਲੀ ਤਾਰ ਸਰਹੱਦ ਉਪਰ ਲੱਗੀ ਹੈ। ਮਨੁੱਖ ਉਸ ਦੇ ਆਰ-ਪਾਰ ਜਾ ਨਹੀਂ ਸਕਦਾ, ਪਰ ਦੇਖ ਤਾਂ ਸਕਦਾ ਹੈ। ਆਪਣੇ ਮਨਾਂ ਅੰਦਰ ਪੰਜਾਬੀਆਂ ਨੇ ਤਾਂ ਲੋਹ ਪਰਦਾ ਤਾਣਿਆ ਹੋਇਆ ਹੈ। ਗੁਰਮੁਖੀ ਤੇ ਸ਼ਾਹਮੁਖੀ ਦੀ ਵੰਡ ਨੇ ਪੰਜਾਬੀਆਂ ਨੂੰ ਇਕ ਦੂਜੇ ਤੋਂ ਦੂਰ ਕਰ ਛੱਡਿਆ ਹੈ। ਇਸ ਮੁਸ਼ਕਿਲ ਨਾਲ ਸਿੱਝਣ ਲਈ 'ਆਈ ਪੂਰੇ ਦੀ ਵਾਅ' ਦਾ ਸ਼ਾਹਮੁਖੀ ਤੋਂ ਲਿਪੀਅੰਤਰ ਪਰਮਜੀਤ ਸਿੰਘ ਮੀਸ਼ਾ ਨੇ ਕੀਤਾ ਹੈ, ਜਿਸ ਨੂੰ ਸੱਚਲ ਪ੍ਰਕਾਸ਼ਨ, ਅੰਮ੍ਰਿਤਸਰ ਨੇ ਛਾਪਿਆ ਹੈ।

ਸੰਤਾਲੀ ਤੋਂ ਬਾਅਦ ਦੇ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਸਾਂਝੇ ਪੰਜਾਬੀ ਸਾਹਿਤ ਦਾ ਇਤਿਹਾਸ ਹਾਲੇ ਲਿਖਿਆ ਨਹੀਂ ਗਿਆ। ਜਦੋਂ ਲਿਖਿਆ ਜਾਏਗਾ, ਨੈਣ ਸੁੱਖ ਦੀ ਇਹ ਕਿਤਾਬ ਨਿਵੇਕਲੀ ਵਿੱਢ ਪਾਉਣ ਵਾਲੀ ਕਿਤਾਬ ਮੰਨੀ ਜਾਵੇਗੀ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 11 ਮਈ 2019 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-376



*ਸੜਕਾਂ ਉਪਰ ਰਾਜ ਅਸਾਡਾ, ਸਾਡੀ ਹੈ ਸਰਦਾਰੀ।*
*ਛਿੱਛ-ਪੱਤ ਸਾਰਾ ਨਾਲ ਲੈ ਲਿਆ, ਕਰ'ਲੀ ਫੁੱਲ ਤਿਆਰੀ।*
*ਲੰਘ ਜਾਇਓ ਜੇ ਥਾਂ ਮਿਲੇ ਤਾਂ, ਹੈ ਨੀ ਸਾਡੀ ਜਿੰਮੇਵਾਰੀ।*

### ਕੈਪਸ਼ਨ ਮੁਕਾਬਲਾ-375



ਅੰਨ ਦਾਤਾ ਸਾਰੇ ਜੱਗ ਦਾ
ਹੈ ਪਿਤਾ ਪੁਰਖੀ ਧੰਦਾ।
ਪੋਤਿਆਂ ਨੂੰ ਗੁਰ ਸਿਖਾਵੇ
ਕੰਮ ਚੰਗਾ ਹੈ ਜਾਂ ਮੰਦਾ।
ਗਾਰੇ ਪਾਣੀ ਸੰਗ ਖੇਡਣਾ
ਬੱਚਿਆਂ ਦੇ ਮਨ ਭਾਵੇ।
ਕਿੰਜ ਲਾਈਏ ਪੱਛੀਆਂ
ਬਾਬਾ ਹੱਥ ਫੜ ਸਮਝਾਵੇ।

**-ਸੇਵਾ ਸਿੰਘ ਨੂਰਪੁਰੀ**
**ਸੈਨ ਹੋਜ਼ੇ, ਕੈਲੀਫੋਰਨੀਆ।**

---

ਲਉ ਬਈ ਸ਼ੇਰੋ ਲਾਈਏ ਝੋਨਾ
ਤੁਸੀਂ ਵੀ ਮੇਰਾ ਹੱਥ ਵਟਾਓ।
ਸਿੱਖ ਲੋ ਹੁਣੇ ਤੋਂ ਜੀਵਨ ਜੁਗਤੀ
ਦਸਾਂ ਨਹੁੰਆਂ ਦੀ ਕਿਰਤ ਕਮਾਓ।
ਵਿਚ ਮਿਹਨਤ ਦੇ ਖੁਸ਼ੀ ਸਮਾਈ
ਹੱਕ ਪਰਾਇਆ ਕਦੇ ਨਾ ਖਾਓ।

**-ਜਗਮੀਤ ਸਿੰਘ ਪੰਧੇਰ, ਕੈਨੇਡਾ**
**ਫੋਨ: 1-431-887-7222**

---

ਪਾਣੀ ਭਰਿਆ ਕੱਲੂ ਖੇਤ 'ਚ
ਨਾਲ ਲਿਆ ਸੀ ਸੀਰੀ।
ਦੋ ਪੋਤੇ ਬਾਬੇ ਨਾਲ ਰਲਾ ਕੇ
ਖੇਤ 'ਚ ਲਾਉਣ ਪਨੀਰੀ।
ਦਿਹਾੜੀਏ ਜੇ ਕਰ ਲਾਉਣ ਪਨੀਰੀ
ਗਲੋਂ ਗੁਲਾਵਾਂ ਲਾਹੁੰਦੇ।
ਪਿੱਛੋਂ ਜੇ ਕਰ ਦਿਓ ਉਲਾਂਭਾ
ਪੁੱਠੀ ਗੱਲ ਸੁਣਾਉਂਦੇ।
ਪੋਤੇ ਦਾ ਹੱਥ ਫੜ੍ਹ ਕੇ ਬਾਬਾ
ਦਿੰਦਾ ਹੈ ਸਿਖਲਾਈ।
ਕਿਰਤ ਕਰੋ ਹੁਣ ਆਪਣੇ ਹੱਥੀਂ
ਧਰਮ ਦੀ ਕਰੋ ਕਮਾਈ।

**-ਮਾਸਟਰ ਪ੍ਰੀਤਮ ਸਿੰਘ ਲੰਮੇ**
**ਫੋਨ: 925-325-2486**

---

ਨੀਰੀ ਲਾਉਣ ਦਾ ਸ਼ੁਭ ਮਹੂਰਤ
ਦਾਦਾ, ਪੋਤਿਆਂ ਹੱਥੋਂ ਕਰਵਾਉਂਦਾ।
ਖਿੜ ਖਿੜ ਜਾਵੇ ਛੋਟਾ ਪੋਤਾ
ਕੰਮ ਵਿਚ ਹੈ ਹੱਥ ਵਟਾਉਂਦਾ।
ਖੇਤੀ ਖਸਮਾਂ ਸੇਤੀ ਹੁੰਦੀ
ਮਿੱਟੀ ਨਾਲ ਮਿੱਟੀ ਹੋਣਾ ਸਿਖਾਉਂਦਾ।

**-ਦਵਿੰਦਰ ਕੌਰ**

---

ਬਾਬਾ ਸਿਖਲਾਏ ਨੰਨ੍ਹੇ ਪੋਤੇ ਨੂੰ
ਕਿੰਜ ਪਨੀਰੀ ਫਸਲਾਂ ਉਗਦੀਆਂ
ਬੱਚਾ ਵੀ ਇਹ ਕਲਾਸ ਨਹੀਂ ਭੁੱਲਦਾ
ਸ਼ੀਸ਼ਾ ਹੁੰਦਾ ਦਿਮਾਗ ਘਰ ਕਰਨ ਨੂੰ
ਕਰੂ ਜਰੂਰ ਅਮਲ,
ਹੋਊ ਜਦ ਵੱਡਾ।
ਘਰ ਦੀ ਕੁਕੜੀ ਦਾਲ ਬਰਾਬਰ
ਕਿੱਤਾ ਪੁਸ਼ਤ ਦਰ ਪੁਸ਼ਤ
ਆਪੇ ਮਾਲਕ, ਆਪੇ ਕਾਮਾ।
'ਬਚਪਨ ਸਿਖਾਉਂਦਾ ਪੁਰਸ਼
ਸਵੇਰ ਜਿਵੇਂ ਦਿਨ ਸਿਖਾਉਂਦੀ।'

**-ਦਰਸ਼ਨਪਾਲ ਦੋਸਾਂਝ**

## ਲਤੀਫਾ

ਟ੍ਰੈਫਿਕ ਲਾਈਟ 'ਤੇ ਇਕ ਕਾਰ ਵਾਲਾ ਗਰੀਨ ਲਾਈਟ ਹੋਈ 'ਤੇ ਵੀ ਰੁਕਿਆ ਰਿਹਾ। ਉਸ ਦੇ ਪਿਛੋਂ ਇਕ ਸਕੂਟਰ ਵਾਲੇ ਨੇ ਉਸ ਦੀ ਕਾਰ ਦਾ ਸ਼ੀਸ਼ਾ ਖੜਕਾਇਆ, ਸ਼ੀਸ਼ਾ ਖੁਲ੍ਹਣ 'ਤੇ ਉਹ ਬੋਲਿਆ, "ਭਾਈ ਸਾਹਿਬ, ਲਾਈਟ ਇਸ ਤੋਂ ਵੱਧ ਗਰੀਨ ਨਹੀਂ ਹੋਣੀ।"

**-ਵਾਸਦੇਵ ਸਿੰਘ ਪਰਹਾਰ, ਫੋਨ: 206-434-1155**

# 'ਆਪ' ਦੇ ਵਿਧਾਇਕ ਨਾਜ਼ਰ ਮਾਨਸ਼ਾਹੀਆ ਤੇ ਖਹਿਰਾ ਵੱਲੋਂ ਅਸਤੀਫਾ

**ਚੰਡੀਗੜ੍ਹ:** ਦੋ ਵਿਧਾਇਕਾਂ ਨੇ ਇਕੋ ਦਿਨ ਅਸਤੀਫਾ ਦੇ ਕੇ ਆਮ ਆਦਮੀ ਪਾਰਟੀ ਨੂੰ ਵੱਡਾ ਝਟਕਾ ਦਿੱਤਾ ਹੈ।

ਆਮ ਆਦਮੀ ਪਾਰਟੀ ਦੇ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ ਤੇ ਸੁਖਪਾਲ ਸਿੰਘ ਖਹਿਰਾ ਨੇ ਵਿਧਾਇਕੀ ਛੱਡ ਦਿੱਤੀ ਹੈ। ਮਾਨਸ਼ਾਹੀਆ ਵਿਧਾਇਕੀ ਤੋਂ ਅਸਤੀਫਾ ਦੇ ਕੇ ਕਾਂਗਰਸ ਵਿਚ ਸ਼ਾਮਲ ਹੋ ਗਏ।

ਮਾਨਸ਼ਾਹੀਆ ਨੇ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਮਾਨਸਾ ਤੋਂ ਜਿੱਤ ਹਾਸਲ ਕੀਤੀ ਸੀ ਅਤੇ ਉਨ੍ਹਾਂ ਨੂੰ ਤਕਰੀਬਨ 40 ਫੀਸਦੀ ਵੋਟਾਂ ਹਾਸਲ ਹੋਈਆਂ ਸਨ। ਮਾਨਸ਼ਾਹੀਆ ਨੇ ਸਾਲ 2015 'ਚ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਤੋਂ ਸਮੇਂ ਤੋਂ ਪਹਿਲਾਂ ਸੇਵਾ ਮੁਕਤੀ ਲੈ ਲਈ ਸੀ, ਜਿਥੇ ਉਹ ਸੀਨੀਅਰ ਵਾਤਾਵਰਣ ਇੰਜੀਨੀਅਰ ਵਜੋਂ ਸੇਵਾ ਕਰ ਰਹੇ ਸਨ। ਉਧਰ, ਚਾਰ ਮਹੀਨਿਆਂ ਤੋਂ ਦਲ ਬਦਲੂ ਵਿਰੋਧੀ ਕਾਨੂੰਨ ਅਧੀਨ ਪੰਜਾਬ ਵਿਧਾਨ ਸਭਾ ਦੀ ਮੈਂਬਰੀ ਤੋਂ ਅਯੋਗ ਠਹਿਰਾਉਣ ਸਬੰਧੀ 'ਕਾਰਨ ਦੱਸੋ ਨੋਟਿਸ' ਦਾ ਸਾਹਮਣਾ ਕਰ ਰਹੇ ਸੁਖਪਾਲ ਸਿੰਘ ਖਹਿਰਾ ਨੇ ਵਿਧਾਇਕੀ ਤੋਂ ਅਚਾਨਕ ਅਸਤੀਫਾ ਦੇ ਦਿੱਤਾ। ਉਨ੍ਹਾਂ ਦਲੀਲ ਦਿੱਤੀ ਕਿ ਉਹ ਬਠਿੰਡਾ ਤੋਂ ਲੋਕ ਸਭਾ ਦੀ ਚੋਣ ਲੜਨੀ ਚਾਹੁੰਦੇ ਹਨ ਤੇ ਇਖਲਾਕੀ ਆਧਾਰ 'ਤੇ ਅਸਤੀਫਾ ਦੇ ਕੇ ਨਵੇਂ ਮਿਆਰ ਕਾਇਮ ਕਰਨਾ ਚਾਹੁੰਦੇ ਹਨ।

ਉਨ੍ਹਾਂ ਨੇ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ.ਪੀ. ਸਿੰਘ ਨੂੰ ਤਿੰਨ ਪੰਨਿਆਂ ਦਾ ਅਸਤੀਫਾ ਅੰਗਰੇਜ਼ੀ 'ਚ ਚਿੱਠੀ ਲਿਖ ਕੇ ਇਹ ਮੰਗ ਕੀਤੀ ਹੈ ਕਿ ਮੇਰਾ ਇਹ ਅਸਤੀਫਾ ਤੁਰਤ ਪ੍ਰਵਾਨ ਕਰ ਲਿਆ ਜਾਏ। ਇਸ ਅਸਤੀਫਾ ਨੁਮਾ ਚਿੱਠੀ ਵਿਚ ਸ. ਖਹਿਰਾ ਨੇ ਅਕਾਲੀ-ਭਾਜਪਾ ਗਠਜੋੜ ਦੀ ਸਾਬਕਾ ਤੇ ਪੰਜਾਬ ਦੀ ਮੌਜੂਦਾ ਕਾਂਗਰਸ ਸਰਕਾਰ 'ਤੇ ਕਈ ਤਰ੍ਹਾਂ ਦੇ ਗੰਭੀਰ ਦੋਸ਼ ਲਾਏ। ਖਹਿਰਾ ਨੇ ਆਮ ਆਦਮੀ ਪਾਰਟੀ ਤੋਂ ਅਸਤੀਫਾ ਦੇ ਕੇ ਬਹਿਬਲ ਕਲਾਂ ਕਾਂਡ ਨੂੰ ਲੈ ਕੇ ਕੈਪਟਨ ਸਰਕਾਰ ਨੂੰ ਲੰਮੇ ਹੱਥੀਂ ਲਿਆ। ਇਸ ਦੌਰਾਨ ਪੰਜਾਬ ਵਿਧਾਨ ਸਭਾ ਵਿਚ 'ਆਪ' ਗਰੁੱਪ ਦੇ ਚੀਫ ਵ੍ਹਿਪ ਕੁਲਤਾਰ ਸਿੰਘ ਸੰਧਵਾਂ ਨੇ ਖਹਿਰਾ ਦੇ ਕਦਮ ਨੂੰ ਬਹਾਨੇਬਾਜ਼ੀ ਤੇ ਡਰਾਮੇਬਾਜ਼ੀ ਕਰਾਰ ਦਿੰਦਿਆਂ ਮੰਗ ਕੀਤੀ ਕਿ ਸ. ਖਹਿਰਾ ਨੂੰ ਇਧਰ-ਉਧਰ ਦੀਆਂ ਗੱਲਾਂ ਕਰਨ ਦੀ ਬਜਾਏ ਘੱਟੋ-ਘੱਟ ਹੁਣ ਤਾਂ ਸਿੱਧੇ ਤੌਰ 'ਤੇ ਸਪੀਕਰ ਨੂੰ ਤੁਰਤ ਮਿਲ ਕੇ ਵਿਧਾਇਕੀ ਤੋਂ 'ਇਫ ਐਂਡ ਬਟਸ' ਲਾਏ ਬਿਨਾਂ 2 ਲਾਈਨਾਂ ਵਾਲਾ ਅਸਤੀਫਾ ਦੇਣਾ ਚਾਹੀਦਾ ਹੈ ਜਿਸ ਨੂੰ ਸਪੀਕਰ ਵੱਲੋਂ ਤੁਰਤ ਪ੍ਰਵਾਨ ਕਰ ਲੈਣਾ ਚਾਹੀਦਾ ਹੈ। ਉਨ੍ਹਾਂ ਇਸ ਗੱਲ 'ਤੇ ਦੁੱਖ ਪ੍ਰਗਟ ਕੀਤਾ ਕਿ ਸਪੀਕਰ ਨੇ ਵੀ ਹੁਣ ਤੱਕ ਖਹਿਰਾ ਦੇ ਕੇਸ ਨੂੰ ਨਿਪਟਾਉਣ ਵਿਚ ਪਤਾ ਨਹੀਂ ਕਿਉਂ ਦੇਰੀ ਕੀਤੀ।

## ਪਤਨੀ ਤੋਂ ਬਾਅਦ ਦੂਲੋ ਦਾ ਬੇਟਾ ਵੀ ਆਮ ਆਦਮੀ ਪਾਰਟੀ 'ਚ ਸ਼ਾਮਲ

**ਫਤਹਿਗੜ੍ਹ ਸਾਹਿਬ:** ਪੰਜਾਬ ਕਾਂਗਰਸ ਪਾਰਟੀ ਦੇ ਸੀਨੀਅਰ ਲੀਡਰ ਤੇ ਰਾਜ ਸਭਾ ਮੈਂਬਰ ਸ਼ਮਸ਼ੇਰ ਸਿੰਘ ਦੂਲੋ ਦੇ ਬੇਟੇ ਬਨਦੀਪ ਸਿੰਘ ਬੰਨੀ ਦੂਲੋ ਨੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਕੱਤਰ ਤੇ ਪੰਜਾਬ ਕਾਂਗਰਸ ਕਿਸਾਨ ਮਜ਼ਦੂਰ ਸੈੱਲ ਦੇ ਜਰਨਲ ਸਕੱਤਰ ਤੋਂ ਅਸਤੀਫਾ ਦੇਣ ਉਪਰੰਤ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ। ਪਿਛਲੇ ਦਿਨੀਂ ਹਰਬੰਸ ਕੌਰ ਦੂਲੋ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ ਸੀ। ਪਾਰਟੀ ਨੇ ਉਨ੍ਹਾਂ ਨੂੰ ਲੋਕ ਸਭਾ ਹਲਕਾ ਫਤਹਿਗੜ੍ਹ ਸਾਹਿਬ ਤੋਂ ਉਮੀਦਵਾਰ ਬਣਾਇਆ ਹੈ, ਜਿਸ ਕਰਕੇ ਪਾਰਟੀ ਦੇ ਵਰਕਰ ਉਨ੍ਹਾਂ ਦਾ ਵਿਰੋਧ ਵੀ ਕਰ ਰਹੇ ਹਨ। ਇਸ ਬਾਰੇ ਸ਼ਮਸ਼ੇਰ ਸਿੰਘ ਦੂਲੋ ਨੇ ਦਾਅਵਾ ਕੀਤਾ ਸੀ ਕਿ ਹਰਬੰਸ ਕੌਰ ਦੂਲੋ ਨੇ ਉਨ੍ਹਾਂ ਨਾਲ ਇਸ ਬਾਰੇ ਕੋਈ ਸਲਾਹ ਨਹੀਂ ਕੀਤੀ। ਇਸ ਗੱਲੋਂ ਪਾਰਟੀ ਵੀ ਹੈਰਾਨ ਹੈ ਕਿ ਹਰਬੰਸ ਕੌਰ ਨਾਲ ਉਨ੍ਹਾਂ ਦਾ ਪਰਿਵਾਰ ਨਹੀਂ ਹੈ। ਹੁਣ ਇਸ ਲਈ ਹੀ ਬਨੀ ਦੂਲੋ ਵੀ ਪਾਰਟੀ ਵਿਚ ਸ਼ਾਮਲ ਹੋ ਗਏ ਹਨ।

# ਆਮ ਆਦਮੀ ਪਾਰਟੀ ਵੱਲੋਂ ਚੋਣ ਮਨੋਰਥ ਪੱਤਰ ਜਾਰੀ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ 'ਆਪ' ਵੱਲੋਂ 2019 ਦੀਆਂ ਲੋਕ ਸਭਾ ਚੋਣਾਂ ਲਈ ਪਾਰਟੀ ਦਾ ਚੋਣ ਮਨੋਰਥ ਪੱਤਰ ਜਾਰੀ ਕੀਤਾ ਗਿਆ ਹੈ। ਪਾਰਟੀ ਦਫਤਰ ਵਿਚ ਦਿੱਲੀ ਵਿਚ ਪਾਰਟੀ ਦੇ ਲੋਕ ਸਭਾ ਉਮੀਦਵਾਰਾਂ ਦੀ ਹਾਜ਼ਰੀ ਦੌਰਾਨ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਦਿੱਲੀ ਨੂੰ ਪੂਰਨ ਰਾਜ ਦਾ ਦਰਜਾ ਦੇਣ ਦੀ ਮੰਗ ਨੂੰ ਪਹਿਲ ਦਿੱਤੀ ਗਈ।

ਸ੍ਰੀ ਕੇਜਰੀਵਾਲ ਨੇ ਕਿਹਾ ਕਿ ਇਸ ਵਾਰ ਪ੍ਰਧਾਨ ਮੰਤਰੀ ਚੁਣਨ ਲਈ ਨਹੀਂ ਸਗੋਂ ਭਾਰਤ ਦੇ ਸੰਵਿਧਾਨ ਤੇ ਧਰਮ ਨਿਰਪੱਖ ਸਿਸਟਮ ਨੂੰ ਬਚਾਉਣ ਲਈ ਵੋਟਾਂ ਪੈ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਹ ਚੋਣਾਂ 'ਟਰਨਿੰਗ ਪੁਆਇੰਟ' ਹੋਣਗੀਆਂ ਕਿਉਂਕਿ ਭਾਰਤ ਦੇ ਲੋਕਤੰਤਰ ਨੂੰ ਬਚਾਉਣਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਹੁਣ ਸਾਡੀ ਚਾਰ ਹਜ਼ਾਰ ਸਾਲ ਪੁਰਾਣੀ ਸੰਸਕ੍ਰਿਤੀ ਤੇ ਏਕਤਾ 'ਤੇ ਹਮਲਾ ਹੋ ਰਿਹਾ ਹੈ।

ਉਨ੍ਹਾਂ ਕਿਹਾ ਕਿ ਭਾਜਪਾ ਦਾ ਚੋਣ ਮਨੋਰਥ ਪੱਤਰ ਇਕ ਲਾਈਨ ਦਾ ਹੈ ਕਿ ਤਿੰਨ ਧਰਮਾਂ ਨੂੰ ਛੱਡ ਕੇ ਬਾਕੀਆਂ ਨੂੰ ਦੇਸ਼ ਵਿਚੋਂ ਕੱਢਣਾ। ਉਨ੍ਹਾਂ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਦੇ ਟਵੀਟ ਦੇ ਹਵਾਲੇ ਨਾਲ ਕਿਹਾ ਕਿ ਭਾਜਪਾ ਦਾ ਏਜੰਡਾ ਹੈ ਕਿ ਹਿੰਦੂ, ਬੋਧੀ ਤੇ ਸਿੱਖਾਂ ਨੂੰ ਛੱਡ ਕੇ ਬਾਕੀ ਘੁਸਪੈਠੀਆਂ ਨੂੰ ਬਾਹਰ ਕੱਢਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਇਸ ਵਾਰ ਦੀਆਂ ਚੋਣਾਂ ਭਾਜਪਾ ਨੂੰ ਹਰਾਉਣ ਲਈ ਲੜੀਆਂ ਜਾ ਰਹੀਆਂ ਹਨ, ਇਸ ਲਈ 'ਆਪ' ਕੇਂਦਰ ਵਿਚ ਗੈਰ-ਭਾਜਪਾਈ ਸਰਕਾਰ ਬਣਾਉਣ ਲਈ ਸਮਰਥਨ ਦੇਵੇਗੀ ਪਰ ਨਾਲ ਹੀ ਉਸ ਸਰਕਾਰ ਤੋਂ ਦਿੱਲੀ ਨੂੰ ਪੂਰਨ ਰਾਜ ਦਾ ਦਰਜਾ ਦੇਣ ਦੀ ਉਮੀਦ ਕਰੇਗੀ। ਉਨ੍ਹਾਂ ਕਿਹਾ ਕਿ ਦਿੱਲੀ ਦੇ ਲੋਕ 70 ਸਾਲਾਂ ਤੋਂ ਖੁਦ ਨੂੰ ਦੂਜੇ ਦਰਜੇ ਦੇ ਸ਼ਹਿਰੀ ਮੰਨੇ ਜਾਣ ਖਿਲਾਫ ਲੜ ਰਹੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਇਸ ਵਾਰ ਕਿਸੇ ਨੂੰ ਵੀ ਪਾਰਟੀ ਨੂੰ ਪੂਰਨ ਬਹੁਮਤ ਨਹੀਂ ਮਿਲ ਰਿਹਾ। ਇਸ ਮੌਕੇ ਕਾਂਗਰਸ 'ਤੇ ਵਰ੍ਹਦਿਆਂ ਕਿਹਾ ਕਿ ਜੇਕਰ ਕੇਂਦਰ ਵਿਚ ਭਾਜਪਾ ਦੀ ਸਰਕਾਰ ਬਣਦੀ ਹੈ ਤਾਂ ਉਸ ਲਈ ਸਿਰਫ ਰਾਹੁਲ ਗਾਂਧੀ ਜ਼ਿੰਮੇਵਾਰ ਹੋਣਗੇ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਵਿਰੋਧੀ ਧਿਰਾਂ ਨੂੰ ਯੂ.ਪੀ., ਆਂਧਰਾ ਪ੍ਰਦੇਸ਼, ਦਿੱਲੀ, ਕੇਰਲ ਤੇ ਹੋਰ ਰਾਜਾਂ ਵਿਚ ਕਮਜ਼ੋਰ ਕਰ ਰਹੀ ਹੈ ਤੇ ਉਨ੍ਹਾਂ ਦੀ ਮਨਸ਼ਾ ਸਮਝ ਨਹੀਂ ਆ ਰਹੀ।

# ਮੋਦੀ ਨੇ ਬਾਦਲ ਤੋਂ ਆਸ਼ੀਰਵਾਦ ਲਿਆ

**ਵਾਰਾਨਸੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਆਸ਼ੀਰਵਾਦ ਲੈ ਕੇ ਆਪਣੇ ਨਾਮਜ਼ਦਗੀ ਕਾਗਜ ਦਾਖਲ ਕੀਤੇ। ਇਸ ਮੌਕੇ ਭਾਜਪਾ ਦੇ ਚੋਟੀ ਦੇ ਆਗੂ ਅਤੇ ਐਨ.ਡੀ.ਏ. 'ਚ ਸ਼ਾਮਲ ਕਈ ਹੋਰ ਪਾਰਟੀਆਂ ਦੇ ਮੁਖੀ ਵੀ ਹਾਜ਼ਰ ਸਨ। ਵੀ.ਆਈ.ਪੀ. ਕਾਫਲਿਆਂ ਨੂੰ ਦੇਖਣ ਲਈ ਸੜਕਾਂ ਦੇ ਕੰਢਿਆਂ 'ਤੇ ਭਾਰੀ ਭੀੜ ਜਮਾਂ ਸੀ ਜਿਸ ਕਾਰਨ ਮੰਦਰਾਂ ਦੇ ਸ਼ਹਿਰ 'ਚ ਆਵਾਜਾਈ ਠੱਪ ਹੋ ਕੇ ਰਹਿ ਗਈ।




ਦੂਜੀ ਵਾਰ ਵਾਰਾਨਸੀ ਤੋਂ ਲੋਕ ਸਭਾ ਚੋਣ ਲੜ ਰਹੇ ਸ੍ਰੀ ਮੋਦੀ ਨੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ, ਬਿਹਾਰ ਦੇ ਮੁੱਖ ਮੰਤਰੀ ਅਤੇ ਜਨਤਾ ਦਲ (ਯੂ) ਮੁਖੀ ਨਿਤੀਸ਼ ਕੁਮਾਰ, ਲੋਕ ਜਨ ਸ਼ਕਤੀ ਪਾਰਟੀ ਮੁਖੀ ਰਾਮ ਵਿਲਾਸ ਪਾਸਵਾਨ, ਸ਼ਿਵ ਸੈਨਾ ਮੁਖੀ ਉਧਵ ਠਾਕਰੇ, ਭਾਜਪਾ ਪ੍ਰਧਾਨ ਅਮਿਤ ਸ਼ਾਹ, ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ, ਰਾਜਨਾਥ ਸਿੰਘ ਅਤੇ ਸੁਸ਼ਮਾ ਸਵਰਾਜ ਦੀ ਹਾਜ਼ਰੀ 'ਚ ਕੁਲੈਕਟਰ ਦਫਤਰ 'ਚ ਕਾਗਜ਼ ਭਰੇ।

ਸ੍ਰੀ ਮੋਦੀ ਦੇ ਨਾਮ ਦੀ ਤਜਵੀਜ਼ ਰੱਖਣ ਵਾਲੇ ਚਾਰ ਵਿਅਕਤੀਆਂ 'ਚ ਬਨਾਰਸ ਹਿੰਦੂ ਯੂਨੀਵਰਸਿਟੀ ਮਹਿਲਾ ਕਾਲਜ ਦੀ ਸਾਬਕਾ ਪ੍ਰਿੰਸੀਪਲ ਅੰਨ ਪੂਰਨਾ ਸ਼ੁਕਲਾ, 'ਡੋਮ ਰਾਜਾ' ਵਜੋਂ ਜਾਣੇ ਜਾਂਦੇ ਦਾਹ ਸਸਕਾਰ ਕਰਨ ਵਾਲਿਆਂ ਦੇ ਮੁਖੀ ਜਗਦੀਸ਼ ਚੌਧਰੀ, ਲੰਬੇ ਸਮੇਂ ਤੋਂ ਭਾਜਪਾ ਵਰਕਰ ਸੁਭਾਸ਼ ਚੰਦਰ ਗੁਪਤਾ ਅਤੇ ਖੇਤੀਬਾੜੀ ਵਿਗਿਆਨੀ ਰਾਮ ਸ਼ੰਕਰ ਪਟੇਲ (ਜਿਨ੍ਹਾਂ ਨੂੰ ਮੋਦੀ ਬਚਪਨ ਤੋਂ ਜਾਣਦੇ ਹਨ) ਸ਼ਾਮਲ ਸਨ। ਮੋਦੀ ਨੇ ਆਦਰ ਵਜੋਂ ਸ. ਬਾਦਲ ਅਤੇ ਸ੍ਰੀ ਸ਼ੁਕਲਾ ਦੇ ਪੈਰ ਛੂਹ ਕੇ ਆਸ਼ੀਰਵਾਦ ਲਿਆ। ਕੁਲੈਕਟਰ ਦਫਤਰ 'ਚ ਪਰਚੇ ਭਰਨ ਤੋਂ ਪਹਿਲਾਂ ਸ੍ਰੀ ਮੋਦੀ ਨੇ ਮੰਦਰ ਜਾ ਕੇ ਉਥੇ ਪੂਜਾ ਪਾਠ ਵੀ ਕੀਤਾ।

# ਤਿੰਨ ਉਲੰਪੀਅਨਾਂ ਸਮੇਤ ਚਾਰ ਕੌਮਾਂਤਰੀ ਖਿਡਾਰੀ ਚੋਣ ਮੈਦਾਨ 'ਚ


**ਪਟਿਆਲਾ:** ਦੇਸ਼ ਲਈ ਕੌਮਾਂਤਰੀ ਖੇਡ ਮੰਚ 'ਤੇ ਵੱਖ-ਵੱਖ ਖੇਡਾਂ 'ਚ ਨਾਮਣਾ ਖੱਟ ਚੁੱਕੇ ਚਾਰ ਖਿਡਾਰੀ ਵੱਖ-ਵੱਖ ਰਾਜਨੀਤਕ ਪਾਰਟੀਆਂ ਦੇ ਉਮੀਦਵਾਰਾਂ ਵਜੋਂ ਚੋਣ ਅਖਾੜੇ 'ਚ ਡਟ ਚੁੱਕੇ ਹਨ। ਉਲੰਪਿਕ ਖੇਡਾਂ 'ਚੋਂ ਤਗਮਾ ਜੇਤੂ ਨਿਸ਼ਾਨੇਬਾਜ਼ ਕਰਨਲ ਰਾਜਯਵਰਧਨ ਸਿੰਘ ਰਾਠੌਰ ਤੇ ਮੁੱਕੇਬਾਜ਼ ਵਿਜੇਂਦਰ ਸਿੰਘ, ਵਿਸ਼ਵ ਚੈਂਪੀਅਨ



*ਕ੍ਰਿਕਟਰ ਗੌਤਮ ਗੰਭੀਰ*

ਕ੍ਰਿਕਟਰ ਗੌਤਮ ਗੰਭੀਰ ਅਤੇ ਰਾਸ਼ਟਰਮੰਡਲ ਖੇਡਾਂ ਦੀ ਚੈਂਪੀਅਨ ਡਿਸਕਸ ਸੁਟਾਵੀ ਕ੍ਰਿਸ਼ਨਾ ਪੂਨੀਆ ਇਸ ਸਮੇਂ ਵੱਖ-ਵੱਖ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਵਜੋਂ ਵੱਖ-ਵੱਖ ਲੋਕ ਸਭਾ ਹਲਕਿਆਂ 'ਚ ਡਟ ਚੁੱਕੇ ਹਨ।

ਏਥਨਜ਼ ਉਲੰਪਿਕ 2004 ਦੇ ਡਬਲ ਟਰੈਪ ਮੁਕਾਬਲੇ 'ਚੋਂ ਚਾਂਦੀ ਦਾ ਤਗਮਾ ਜੇਤੂ ਨਿਸ਼ਾਨੇਬਾਜ਼ ਰਾਜਯਵਰਧਨ ਰਾਠੌਰ ਦੂਸਰੀ ਵਾਰ ਜੈਪੁਰ ਦਿਹਾਤੀ (ਰਾਜਸਥਾਨ) ਲੋਕ ਸਭਾ ਹਲਕੇ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਵਜੋਂ ਚੋਣ ਲੜ ਰਿਹਾ ਹੈ। ਸ੍ਰੀ ਰਾਠੌਰ ਇਸ ਤੋਂ ਪਹਿਲਾ ਮੌਜੂਦਾ ਭਾਜਪਾ ਸਰਕਾਰ 'ਚ ਕੇਂਦਰੀ ਖੇਡ ਰਾਜ ਮੰਤਰੀ ਹਨ। ਉਹ ਪਦਮ ਸ੍ਰੀ, ਅਤਿ ਵਸ਼ਿਸ਼ਟ ਸੇਵਾ ਮੈਡਲ, ਰਾਜੀਵ ਗਾਂਧੀ ਖੇਲ ਪੁਰਸਕਾਰ ਅਤੇ ਅਰਜੁਨਾ ਐਵਾਰਡ ਨਾਲ ਸਨਮਾਨਿਤ ਹੋ ਚੁੱਕੇ ਹਨ। ਉਹ ਰਾਸ਼ਟਰਮੰਡਲ ਖੇਡਾਂ 'ਚੋਂ ਤਿੰਨ ਸੋਨ, ਵਿਸ਼ਵ ਚੈਂਪੀਅਨਸ਼ਿਪ 'ਚੋਂ ਇਕ ਸੋਨ ਅਤੇ ਏਸ਼ੀਅਨ ਖੇਡਾਂ ਸਮੇਤ ਦੁਨੀਆ ਦੇ ਹਰੇਕ ਵਿਸ਼ਵ ਪੱਧਰੀ ਖੇਡ ਸਮਾਗਮ 'ਚੋਂ ਦੇਸ਼ ਲਈ ਤਗਮੇ ਜਿੱਤ ਚੁੱਕੇ ਹਨ। ਕਰਨਲ ਰਾਠੌਰ ਦੇ ਮੁਕਾਬਲੇ ਡਿਸਕਸ ਸੁਟਾਵੀ ਕ੍ਰਿਸ਼ਨਾ ਪੂਨੀਆ ਕਾਂਗਰਸ (ਆਈ) ਦੀ ਉਮੀਦਵਾਰ ਵਜੋਂ ਮੈਦਾਨ 'ਚ ਡਟੀ ਹੋਈ ਹੈ। ਕ੍ਰਿਸ਼ਨਾ ਪੂਨੀਆ ਇਸ ਸਮੇਂ ਰਾਜਸਥਾਨ



*ਮੁੱਕੇਬਾਜ਼ ਵਿਜੇਂਦਰ ਸਿੰਘ*

ਵਿਧਾਨ ਸਭਾ ਦੀ ਵੀ ਮੈਂਬਰ ਹੈ। ਉਸ ਨੇ 2010 ਦੀਆਂ ਦਿੱਲੀ ਰਾਸ਼ਟਰਮੰਡਲ ਖੇਡਾਂ 'ਚੋਂ ਸੋਨ ਤਗਮਾ ਜਿੱਤਿਆ ਸੀ। ਲੰਡਨ ਉਲੰਪਿਕ ਦੇ ਡਿਸਕਸ ਸੁੱਟਣ ਮੁਕਾਬਲੇ ਦੇ ਫਾਈਨਲ 'ਚ ਪੁੱਜਣ ਵਾਲੀ ਉਹ ਦੇਸ਼ ਦੀ ਇਕਲੌਤੀ ਅਥਲੀਟ ਬਣੀ। ਉਹ ਏਸ਼ੀਅਨ ਖੇਡਾਂ 'ਚੋਂ ਵੀ ਤਗਮੇ ਜਿੱਤ ਚੁੱਕੀ ਹੈ।

ਇਸੇ ਤਰ੍ਹਾਂ ਦਿੱਲੀ ਦੱਖਣੀ ਦਿੱਲੀ ਲੋਕ ਸਭਾ ਹਲਕੇ ਤੋਂ ਬੀਜਿੰਗ ਉਲੰਪਿਕ ਖੇਡਾਂ 'ਚੋਂ ਕਾਂਸੀ ਦਾ ਤਗਮਾ ਜੇਤੂ ਮੁੱਕੇਬਾਜ਼ ਵਿਜੇਂਦਰ ਸਿੰਘ ਕਾਂਗਰਸ ਦੀ ਟਿਕਟ 'ਤੇ ਚੋਣ ਲੜ ਰਿਹਾ ਹੈ। ਹਰਿਆਣਾ ਦੇ ਭਿਵਾਨੀ ਕਸਬੇ 'ਚੋਂ ਬਤੌਰ ਮੁੱਕੇਬਾਜ਼ ਉਭਰੇ ਵਿਜੇਂਦਰ ਨੇ ਉਲੰਪਿਕ, ਵਿਸ਼ਵ ਚੈਂਪੀਅਨਸ਼ਿਪ, ਰਾਸ਼ਟਰਮੰਡਲ ਤੇ ਏਸ਼ੀਅਨ ਖੇਡਾਂ 'ਚੋਂ ਤਗਮੇ ਜਿੱਤਣ ਦਾ ਮਾਣ ਪ੍ਰਾਪਤ ਕੀਤਾ। ਵਿਜੇਂਦਰ ਪਦਮ ਸ੍ਰੀ, ਰਾਜੀਵ ਗਾਂਧੀ ਖੇਲ ਰਤਨ ਪੁਰਸਕਾਰ ਤੇ ਅਰਜੁਨਾ ਐਵਾਰਡ ਵੀ ਹਾਸਿਲ ਕਰ ਚੁੱਕਿਆ ਹੈ। ਉਹ ਹਰਿਆਣਾ ਪੁਲਿਸ 'ਚੋਂ ਬਤੌਰ ਡੀ.ਐਸ.ਪੀ. ਸੇਵਾ ਮੁਕਤੀ ਲੈ ਕੇ ਚੋਣ ਮੈਦਾਨ 'ਚ ਨਿਤਰਿਆ ਹੈ।

ਇੱਕ ਦਿਨਾਂ ਅਤੇ ਟੀ-20 ਕ੍ਰਿਕਟ 'ਚ ਵਿਸ਼ਵ ਚੈਂਪੀਅਨ ਬਣਿਆ ਭਾਰਤੀ ਟੀਮ ਲਈ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਖੱਬੂ ਸਲਾਮੀ ਬੱਲੇਬਾਜ਼ ਗੌਤਮ ਗੰਭੀਰ ਵੀ ਭਾਜਪਾ ਦੇ ਉਮੀਦਵਾਰ ਵਜੋਂ ਪੂਰਬੀ ਦਿੱਲੀ ਲੋਕ ਸਭਾ ਹਲਕੇ ਤੋਂ ਤੋਂ ਕਿਸਮਤ ਅਜ਼ਮਾ ਰਹੇ ਹਨ। ਗੌਤਮ ਗੰਭੀਰ ਦੇਸ਼ ਲਈ 58 ਟੈਸਟ ਮੈਚ, 147 ਇਕ ਦਿਨਾਂ ਮੈਚ ਅਤੇ 37 ਟੀ-20 ਮੈਚ ਖੇਡ ਚੁੱਕਿਆ ਹੈ। ਗੰਭੀਰ ਆਈ.ਪੀ.ਐਲ. 'ਚ ਕੋਲਕਾਤਾ ਨਾਈਟ ਰਾਈਡਰਜ਼ ਟੀਮ ਨੂੰ ਚੈਂਪੀਅਨ ਬਣਾਉਣ ਵਾਲਾ ਕਪਤਾਨ ਵੀ ਬਣ ਚੁੱਕਿਆ ਹੈ। ਖੇਡਾਂ ਦੇ ਖੇਤਰ 'ਚ ਬੁਲੰਦੀਆਂ ਨੂੰ ਛੂਹਣ ਵਾਲੇ ਉਪਰੋਕਤ ਦਿੱਗਜਾਂ ਲਈ ਰਾਜਨੀਤੀ ਦਾ ਮੈਦਾਨ ਕਿਹੋ ਜਿਹਾ ਰਹੇਗਾ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

## ਭਾਜਪਾ ਲਈ ਚੋਣ ਪ੍ਰਚਾਰ ਕਰ ਕੇ ਫਸੇ 'ਖਲੀ'

**ਕੋਲਕਾਤਾ:** ਕੁਝ ਦਿਨ ਪਹਿਲਾਂ ਭਾਜਪਾ ਵੱਲੋਂ ਚੋਣ ਕਮਿਸ਼ਨ ਨੂੰ ਤ੍ਰਿਣਮੂਲ ਕਾਂਗਰਸ ਲਈ ਬੰਗਲਾਦੇਸ਼ ਦੇ ਅਦਾਕਾਰਾ ਵੱਲੋਂ ਚੋਣ ਪ੍ਰਚਾਰ ਕਰਨ ਸਬੰਧੀ ਸ਼ਿਕਾਇਤ ਕੀਤੀ ਗਈ ਸੀ ਅਤੇ ਹੁਣ ਤ੍ਰਿਣਮੂਲ ਕਾਂਗਰਸ ਨੇ ਪਲਟ ਵਾਰ ਕਰਦੇ ਹੋਏ ਚੋਣ ਕਮਿਸ਼ਨ ਨੂੰ ਨਾਮੀ ਪਹਿਲਵਾਨ 'ਦ ਗ੍ਰੇਟ ਖਲੀ' ਵੱਲੋਂ ਭਾਜਪਾ ਦੇ ਉਮੀਦਵਾਰ ਲਈ ਚੋਣ ਪ੍ਰਚਾਰ ਕਰਨ ਦੀ ਸ਼ਿਕਾਇਤ ਕੀਤੀ ਹੈ।

ਤ੍ਰਿਣਮੂਲ ਕਾਂਗਰਸ ਦਾ ਕਹਿਣਾ ਹੈ ਕਿ 'ਖਲੀ' ਕੋਲ ਅਮਰੀਕਾ ਦੀ ਨਾਗਰਿਕਤਾ ਹੈ ਅਤੇ ਇਸ ਦੇ ਬਾਵਜੂਦ ਉਸ ਵੱਲੋਂ ਭਾਜਪਾ ਲਈ ਚੋਣ ਪ੍ਰਚਾਰ ਕੀਤਾ ਗਿਆ ਹੈ। ਤ੍ਰਿਣਮੂਲ ਕਾਂਗਰਸ ਵੱਲੋਂ ਇਸ ਸਬੰਧੀ ਪੱਛਮੀ ਬੰਗਾਲ ਦੇ ਮੁੱਖ ਚੋਣ ਕਮਿਸ਼ਨਰ ਨੂੰ ਸ਼ਿਕਾਇਤ ਦਰਜ ਕਰਵਾਈ ਗਈ ਹੈ। ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ ਦਲੀਪ ਸਿੰਘ ਰਾਣਾ ਉਰਫ 'ਦ ਗ੍ਰੇਟ ਖਲੀ', ਜਿਸ ਕੋਲ ਅਮਰੀਕਾ ਦੀ ਨਾਗਰਿਕਤਾ ਹੈ, ਦੀ ਪ੍ਰਭਾਵਸ਼ਾਲੀ ਸ਼ਖਸੀਅਤ ਦੀ ਮਦਦ ਨਾਲ ਭਾਜਪਾ ਵੱਲੋਂ ਭਾਰਤੀ ਵੋਟਰਾਂ ਨੂੰ ਪ੍ਰਭਾਵਿਤ ਕੀਤਾ ਜਾ ਰਿਹਾ ਹੈ। ਦੱਸਣਯੋਗ ਹੈ ਕਿ ਖਲੀ ਨੇ 26 ਅਪਰੈਲ ਨੂੰ ਜਾਦਵਪੁਰ 'ਚ ਭਾਜਪਾ ਉਮੀਦਵਾਰ ਅਨੁਪਮ ਹਾਜ਼ਰਾ ਲਈ ਪ੍ਰਚਾਰ ਕੀਤਾ ਸੀ।

## ਕੋਹਿਨੂਰ ਭਾਰਤ ਲਿਆਉਣ ਦੀ ਮੰਗ ਵਾਲੀ ਪਟੀਸ਼ਨ ਰੱਦ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ 108 ਕੈਰੇਟ ਦੇ ਕੋਹਿਨੂਰ ਹੀਰੇ ਨੂੰ ਇੰਗਲੈਂਡ ਤੋਂ ਭਾਰਤ ਲਿਆਉਣ ਸਬੰਧੀ ਕਾਨੂੰਨੀ ਦਖਲ ਦੇਣ ਵਾਲੀ ਅਰਜ਼ੀ ਨੂੰ ਰੱਦ ਕਰ ਦਿੱਤਾ ਹੈ।

ਬੈਂਚ ਨੇ ਕਿਊਰੇਟਿਵ ਪਟੀਸ਼ਨ ਨੂੰ ਰੱਦ ਕਰਦਿਆਂ 2017 'ਚ ਸੁਣਾਏ ਫੈਸਲੇ ਦੀ ਸਮੀਖਿਆ ਕਰਨ ਤੋਂ ਇਨਕਾਰ ਕਰ ਦਿੱਤਾ।

## ਬਾਲੀਵੁੱਡ ਗਾਇਕ ਦਲੇਰ ਮਹਿੰਦੀ ਭਾਜਪਾ 'ਚ ਸ਼ਾਮਲ

**ਨਵੀਂ ਦਿੱਲੀ:** ਬਾਲੀਵੁੱਡ ਗਾਇਕ ਦਲੇਰ ਮਹਿੰਦੀ ਭਾਜਪਾ 'ਚ ਸ਼ਾਮਲ ਹੋ ਗਏ। ਦਿੱਲੀ ਵਾਸੀ ਗਾਇਕ ਮਹਿੰਦੀ ਨੂੰ ਪਾਰਟੀ 'ਚ ਸ਼ਾਮਲ ਕਰਨ ਦੀ ਰਸਮ ਸੂਬਾ ਪ੍ਰਧਾਨ ਮਨੋਜ ਤਿਵਾੜੀ, ਕੇਂਦਰੀ ਮੰਤਰੀ ਡਾ. ਹਰਸ਼ਵਰਧਨ ਤੇ ਵਿਜੈ ਗੋਇਲ ਨੇ ਨਿਭਾਈ। ਪਾਰਟੀ ਵਿਚ ਸ਼ਾਮਲ ਹੁੰਦਿਆਂ ਸਾਰ ਹੀ ਦਲੇਰ ਮਹਿੰਦੀ ਨੇ ਭਾਜਪਾ ਲਈ ਚੋਣ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ।

ਦਲੇਰ ਮਹਿੰਦੀ ਦੇ ਰਿਸ਼ਤੇ ਵਿਚ ਕੁੜਮ ਲੱਗਦੇ ਗਾਇਕ ਹੰਸ



ਰਾਜ ਹੰਸ ਨੂੰ ਭਾਜਪਾ ਨੇ ਉੱਤਰ-ਪੱਛਮੀ ਦਿੱਲੀ ਸੰਸਦੀ ਸੀਟ ਤੋਂ ਆਪਣਾ ਉਮੀਦਵਾਰ ਬਣਾਇਆ ਹੈ। ਦਲੇਰ ਮਹਿੰਦੀ ਪਹਿਲਾਂ ਦਿੱਲੀ ਕਮੇਟੀ ਦੀਆਂ ਚੋਣਾਂ ਦੌਰਾਨ ਅਕਾਲੀਆਂ ਦਾ ਅਸਿੱਧੇ ਤੌਰ 'ਤੇ ਸਾਥ ਦਿੰਦੇ ਰਹੇ ਹਨ। ਹੁਣ ਉਹ ਆਪਣੇ ਕੁੜਮ ਹੰਸ ਰਾਜ ਹੰਸ ਲਈ ਉੱਤਰੀ-ਪੱਛਮੀ ਦਿੱਲੀ ਤੋਂ ਵੀ ਪ੍ਰਚਾਰ ਕਰਨਗੇ। ਬਿਹਾਰ ਦੇ ਪਟਨਾ ਦੇ ਜੰਮਪਲ ਮਹਿੰਦੀ ਦੀ ਕੌਮਾਂਤਰੀ ਪੱਧਰ 'ਤੇ ਪਛਾਣ ਹੈ।

# ਗੁਰਮਤਿ ਤੇ ਵੇਦਾਂਤ 'ਚ ਬ੍ਰਹਮ ਦਾ ਸਰੂਪ ਕੀ ਹੈ?

ਗੁਰਮਤਿ

ਸਾਹਿਬੁ ਮੇਰਾ ਏਕੋ ਹੈ॥
ਏਕੋ ਹੈ ਭਾਈ ਏਕੋ ਹੈ॥
(ਗੁਰੂ ਗ੍ਰੰਥ ਸਾਹਿਬ, ਪੰਨਾ 162)

ਸਾਹਿਬ ਮੇਰਾ ਏਕੁ ਹੈ
ਅਵਰੁ ਨਹੀ ਭਾਈ॥ (ਪੰਨਾ 896)

ਸਾਹਿਬ ਮੇਰਾ ਨੀਤ ਨਵਾ
ਸਦਾ ਸਦਾ ਦਾਤਾਰੁ॥ (ਪੰਨਾ 660)

ਕਰਣ ਕਾਰਣ ਪ੍ਰਭੁ ਏਕੁ ਹੈ
ਦੂਸਰ ਨਾਹੀ ਕੋਇ॥
ਨਾਨਕ ਤਿਸੁ ਬਲਿਹਾਰਣੈ
ਜਲਿ ਥਲਿ ਮਹੀਅਲਿ ਸੋਇ॥
(ਪੰਨਾ 276)

ਜੀਅ ਜੰਤ ਕੇ ਠਾਕੁਰਾ
ਆਪੇ ਵਰਤਣਹਾਰ॥
ਨਾਨਕ ਏਕੋ ਪਸਰਿਆ
ਦੂਜਾ ਕਹ ਦ੍ਰਿਸਟਾਰ॥ (ਪੰਨਾ 292)

ਏਕੈ ਏਕੈ ਏਕ ਤੂਹੀ॥
ਏਕੈ ਏਕੈ ਤੂ ਰਾਇਆ॥ (ਪੰਨਾ 884)

ਭਾਵ ਇਹ ਏਕੋ ਹੀ ਮੇਰਾ ਮਾਲਕ ਹੈ। ਗੁਰੂ ਸਾਹਿਬ ਆਪਣੇ ਇਸ ਬਚਨ ਨੂੰ ਇਕ ਵਾਰ ਫਿਰ ਦੁਹਰਾਉਂਦੇ ਹਨ ਕਿ ਇਹੀ ਏਕੋ ਮੇਰਾ ਮਾਲਕ ਹੈ। ਮੇਰਾ ਇਹੀ ਮਾਲਕ ਹੈ। ਇਸ ਤੋਂ ਬਿਨਾ ਮੇਰਾ ਹੋਰ ਕੋਈ ਮਾਲਕ ਨਹੀਂ। ਮੇਰਾ ਇਹ ਮਾਲਕ (ਕੁਦਰਤ ਦੇ ਰੂਪ ਵਿਚ) ਨਿਤ ਨਵਾਂ ਹੈ। ਇਹੀ ਮਾਲਕ ਸਦੀਵੀ ਦਾਤਾਰ ਭਾਵ ਸਦਾ ਸਦਾ ਲਈ ਦਾਤਾਂ ਦੇਣ ਵਾਲਾ ਹੈ। ਕਰਨ ਵਾਲਾ ਇਕੋ ਹੈ, ਜੋ ਆਪ ਹੀ ਕਾਰਨ ਹੈ। ਹੋਰ ਦੂਜਾ ਕੋਈ ਨਹੀਂ।

**ਗੁਰਬਚਨ ਸਿੰਘ**
ਫੋਨ: 91-98156-98451

ਗੁਰੂ ਸਾਹਿਬ ਦੇ ਬਚਨ ਹਨ, ਨਾਨਕ ਉਸ ਤੋਂ ਬਲਿਹਾਰ ਜਾਂਦਾ ਹੈ, ਜੋ ਪਾਣੀ, ਧਰਤੀ ਅਤੇ ਆਕਾਸ਼ ਵਿਚ ਹਰ ਥਾਂ ਸਮਾ ਰਿਹਾ ਹੈ। ਸਗਲ ਜੀਆ-ਜੰਤ ਨੂੰ ਪੈਦਾ ਕਰਨ ਵਾਲਾ ਅਤੇ ਉਨ੍ਹਾਂ ਨੂੰ ਪਾਲਣ ਵਾਲਾ ਇਹ ਮਾਲਕ, ਆਪਣੇ ਆਪ ਤੋਂ ਵਰਤ ਰਿਹਾ ਹੈ। ਸਾਰੇ ਪਾਸੇ ਚਾਰ-ਚੁਫੇਰੇ ਇਸੇ ਏਕੋ ਦਾ ਪਸਾਰਾ ਹੈ। ਦੂਜੇ ਭਾਵ ਕਿਸੇ ਦੂਜੇ ਮਨ-ਕਲਪਿਤ ਰੱਬ ਦੀ ਹੋਰ ਕੋਈ ਹੋਂਦ ਨਹੀਂ। ਗੁਰੂ ਸਾਹਿਬ ਵਾਰ-ਵਾਰ ਦੁਹਰਾਉਂਦੇ ਹਨ, ਤੂੰ ਇਕ ਹੈ। ਤੂੰ ਇਕ ਹੈ। ਤੂੰ ਹੀ ਤੂੰ ਹੈ। ਤੂੰ ਹੀ ਸਭ ਦਾ ਰਾਜਾ ਭਾਵ ਸਰਬਸ਼ਕਤੀਮਾਨ ਹੈ।

ਗੁਰਮਤਿ ਇਸ ਏਕੋ ਦੇ ਪ੍ਰਸੰਗ ਵਿਚ ਹੀ ਬ੍ਰਹਮ ਬਾਰੇ ਜਾਣਕਾਰੀ ਦਿੰਦੀ ਹੈ,

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ
ਏਕੁ ਏਕੁ ਵਖਾਣੀਐ॥ (ਪੰਨਾ 846)

ਬ੍ਰਹਮ ਬਿੰਦ ਤੇ ਸਭ ਓਪਤਿ ਹੋਈ॥
(ਪੰਨਾ 1127)

ਭਾਵ ਜਦੋਂ ਏਕੁ ਏਕੁ ਦਾ ਵਿਖਿਆਨ ਕਰੀਦਾ ਹੈ ਤਾਂ ਬ੍ਰਹਮ ਹੀ ਦਿਸਦਾ ਹੈ ਤੇ ਬ੍ਰਹਮ ਹੀ ਸੁਣੀਂਦਾ ਹੈ। ਇਹ ਸਾਰੀ ਉਤਪਤੀ ਬ੍ਰਹਮ ਦਾ ਹੀ ਅੰਸ਼ ਹੈ। ਇਹ ਸਾਰੀ ਉਤਪਤੀ ਬ੍ਰਹਮ ਦਾ ਅੰਸ਼ ਰੂਪ ਹੀ ਹੈ। ਗੁਰਮਤਿ ਵਿਚ ਬ੍ਰਹਮ ਗਿਆਨੀ ਸ਼ਬਦ ਦੀ ਵਰਤੋਂ ਵਾਰ-ਵਾਰ ਹੋਈ ਹੈ। ਇਸ ਦਾ ਭਾਵ ਵੀ ਇਹੀ ਹੈ ਕਿ ਬ੍ਰਹਮ ਦੇ ਗਿਆਨ ਨੂੰ ਜਾਣਨ ਵਾਲਾ ਮਨੁਖ ਬ੍ਰਹਮ ਗਿਆਨੀ ਹੈ। ਬ੍ਰਹਮ ਗਿਆਨੀ ਦੇ ਗੁਣਾਂ ਦੀ ਚਰਚਾ ਕਰਦਿਆਂ ਵੀ ਇਹ ਕਿਹਾ ਗਿਆ ਹੈ,

ਮਨਿ ਸਾਚਾ ਮੁਖਿ ਸਾਚਾ ਸੋਇ॥
ਅਵਰੁ ਨ ਪੇਖੈ ਏਕਸੁ ਬਿਨੁ ਕੋਇ॥
ਨਾਨਕ ਇਹ ਲਛਣ
ਬ੍ਰਹਮ ਗਿਆਨੀ ਹੋਇ॥ (ਪੰਨਾ 272)

ਭਾਵ ਬ੍ਰਹਮ ਗਿਆਨੀ ਦੇ ਮਨ ਵਿਚ ਸਦਾ ਸੱਚ ਦਾ ਵਸੇਬਾ ਹੁੰਦਾ ਹੈ। ਉਸ ਦੇ ਮੂੰਹੋਂ ਹਮੇਸ਼ਾ ਆਪਣੇ ਮਨ ਦੀ ਸੱਚਾਈ ਪ੍ਰਗਟ ਹੁੰਦੀ ਹੈ। ਉਹ ਹਮੇਸ਼ਾ ਸੱਚ ਬੋਲਦਾ ਹੈ। ਉਸ ਦੀ ਕਹਿਣੀ ਤੇ ਕਰਨੀ ਵਿਚ ਕੋਈ ਫਰਕ ਨਹੀਂ ਹੁੰਦਾ। ਬ੍ਰਹਮ ਗਿਆਨੀ ਇਕ ਤੋਂ ਬਿਨਾ ਕਿਸੇ ਦੂਜੇ ਨੂੰ ਨਹੀਂ ਵੇਖਦਾ, ਭਾਵ ਆਪਣੇ ਮਨ ਵਿਚ ਕਿਸੇ ਹੋਰ ਦੂਜੇ ਮਨ-ਕਲਪਿਤ 'ਰੱਬ' ਨੂੰ ਮਾਨਤਾ ਨਹੀਂ ਦਿੰਦਾ। ਗੁਰੂ ਨਾਨਕ ਸਾਹਿਬ ਦੇ ਭਾਵਾਂ ਵਿਚ ਗੁਰੂ ਅਰਜਨ ਦੇਵ ਦੇ ਬਚਨ ਹਨ ਕਿ ਬ੍ਰਹਮ ਗਿਆਨੀ ਦੇ ਇਹੀ ਗੁਣ ਹਨ।

ਬ੍ਰਹਮ ਗਿਆਨੀ ਦੇ ਲਛਣ ਬਿਆਨ ਕਰਦਿਆਂ ਗੁਰਮਤਿ ਨੇ ਇਹ ਜਾਣਕਾਰੀ ਵੀ ਦਿਤੀ ਹੈ,

ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ॥
ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥
ਬ੍ਰਹਮ ਗਿਆਨੀ ਕਾ ਸਗਲ ਅਕਾਰੁ॥
ਬ੍ਰਹਮ ਗਿਆਨੀ ਆਪਿ ਨਿਰੰਕਾਰੁ॥
ਬ੍ਰਹਮ ਗਿਆਨੀ ਕਾ ਭੋਜਨੁ ਗਿਆਨੁ॥
ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ॥
ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ॥
ਜੈਸੇ ਧਰ ਊਪਰਿ ਆਕਾਸੁ॥
ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ॥
ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥
(ਪੰਨਾ 273)

ਬ੍ਰਹਮ ਗਿਆਨੀ ਸਾਰੀ ਸ੍ਰਿਸ਼ਟੀ ਦਾ ਕਰਤਾ ਹੈ, ਕਿਉਂਕਿ ਬ੍ਰਹਮ ਗਿਆਨੀ ਹੀ ਸਾਨੂੰ ਸ੍ਰਿਸ਼ਟੀ ਦੀ ਰਚਨਾ ਬਾਰੇ ਅਨੁਭਵੀ ਗਿਆਨ ਕਰਵਾਉਂਦਾ ਹੈ। ਬ੍ਰਹਮ ਗਿਆਨੀ ਅਮਰ ਹੋ ਜਾਂਦਾ ਹੈ, ਕਿਉਂਕਿ ਉਸ ਦਾ ਦਿੱਤਾ ਆਤਮਿਕ ਭਾਵ ਸਦੀਵੀ ਗਿਆਨ ਮਨੁੱਖ ਜਾਤੀ ਦੇ ਅਨੁਭਵੀ ਗਿਆਨ ਦਾ ਅੰਗ ਬਣ ਕੇ ਸਦਾ ਲਈ ਅਮਰ ਹੋ ਜਾਂਦਾ ਹੈ।

ਇਸ ਦਿਸਦੇ ਆਕਾਰ ਬਾਰੇ ਗਿਆਨ ਵੀ ਸਾਨੂੰ ਬ੍ਰਹਮ ਗਿਆਨੀਆਂ ਨੇ ਹੀ ਦਿੱਤਾ ਹੈ, ਇਸ ਲਈ ਉਹ ਆਪ ਹੀ ਨਿਰੰਕਾਰ ਹਨ, ਕਿਉਂਕਿ ਉਹ ਹੀ ਸਾਨੂੰ ਇਸ ਨਿਰ-ਆਕਾਰ ਕਰਤਾ ਬਾਰੇ ਅਨੁਭਵ ਕਰਵਾਉਂਦੇ ਹਨ। ਬ੍ਰਹਮ ਗਿਆਨੀ ਦਾ ਭੋਜਨ ਵੀ ਗਿਆਨ ਭਾਵ ਜਾਣਨ ਦੀ ਅਮਿਟ ਭੁਖ ਹੈ।

ਗੁਰੂ ਨਾਨਕ ਸਾਹਿਬ ਦੇ ਭਾਵਾਂ ਵਿਚ ਗੁਰੂ ਅਰਜਨ ਦੇਵ ਸਾਨੂੰ ਇਹ ਜਾਣਕਾਰੀ ਦੇ ਰਹੇ ਹਨ ਕਿ ਆਪਣੇ ਮਨ ਵਿਚ ਬ੍ਰਹਮ ਦਾ ਧਿਆਨ ਧਰਨ ਵਾਲਾ ਮਨੁਖ ਹੀ ਬ੍ਰਹਮ ਗਿਆਨੀ ਹੈ। ਬ੍ਰਹਮ ਗਿਆਨੀ ਦੇ ਮਨ ਵਿਚ ਗਿਆਨ ਦਾ ਸੱਚ ਇਸੇ ਤਰ੍ਹਾਂ ਪ੍ਰਗਟ ਹੁੰਦਾ ਹੈ, ਜਿਵੇਂ ਧਰਤੀ ਉਤੇ ਆਕਾਸ਼ ਦੀ ਹੋਂਦ ਹੈ। ਬ੍ਰਹਮ ਗਿਆਨੀ ਦੇ ਹਿਰਦੇ ਵਿਚ ਹਮੇਸ਼ਾ ਗਰੀਬੀ ਵਸੀ ਹੁੰਦੀ ਹੈ। ਉਹ ਨਿਮਰਤਾ ਦਾ ਪੁੰਜ ਹੁੰਦਾ ਹੈ। ਪਰਉਪਕਾਰ ਉਸ ਦੇ ਮਨ ਵਿਚ ਚਾਅ ਪੈਦਾ ਕਰਦਾ ਹੈ।

ਗੁਰਮਤਿ ਅਨੁਸਾਰ,

ਬ੍ਰਹਮੋ ਪਸਾਰਾ ਬ੍ਰਹਮ ਪਸਰਿਆ
ਸਭੁ ਬ੍ਰਹਮੁ ਦ੍ਰਿਸਟੀ ਆਇਆ॥
(ਪੰਨਾ 782)

ਬ੍ਰਹਮ ਪਸਾਰਾ ਪਸਾਰਿਓ ਭੀਤਰਿ
ਸਤਿਗੁਰ ਤੇ ਸੋਝੀ ਪਾਈ॥ (ਪੰਨਾ 671)

ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ॥
(ਪੰਨਾ 287)

ਭਾਵ ਇਹ ਸਾਰਾ ਪਸਾਰਾ ਬ੍ਰਹਮ ਹੈ। ਸਭ ਥਾਂ ਬ੍ਰਹਮ ਹੀ ਪਸਰਿਆ ਹੋਇਆ ਹੈ ਅਤੇ ਬ੍ਰਹਮ ਹੀ ਸਗਲ ਦ੍ਰਿਸ਼ਟੀ ਵਿਚ ਆਉਂਦਾ ਹੈ। ਸਾਨੂੰ ਇਸ ਦੀ ਸੋਝੀ ਸਤਿਗੁਰੂ ਨੇ ਸਾਡੇ ਅੰਦਰੋਂ ਹੀ ਕਰਵਾ ਦਿਤੀ ਹੈ, ਭਾਵ ਸਾਡੇ ਮਨ ਦੇ ਅੰਦਰੋਂ ਹੀ ਸਾਨੂੰ ਇਸ ਦਾ ਅਨੁਭਵ ਕਰਵਾ ਦਿਤਾ ਹੈ। ਇਸ ਬ੍ਰਹਮ ਵਿਚ ਹੀ ਸਾਰੇ ਜਨਾਂ ਦੀ ਹੋਂਦ ਹੈ ਅਤੇ ਸਾਰੇ ਜਨਾਂ ਦੇ ਮਨਾਂ ਵਿਚ ਇਹੀ ਪਾਰਬ੍ਰਹਮ ਵਸਦਾ ਹੈ, ਕਿਉਂਕਿ ਇਹ ਬ੍ਰਹਮ ਅਸੀਮ ਹੈ, ਇਸ ਲਈ ਗੁਰਮਤਿ ਵਿਚ ਬ੍ਰਹਮ ਲਈ ਪਾਰਬ੍ਰਹਮ ਸ਼ਬਦ ਵੀ ਵਰਤਿਆ ਗਿਆ ਹੈ,

ਪਾਰਬ੍ਰਹਮ ਪ੍ਰਭੁ ਏਕ ਹੈ
ਦੂਜਾ ਨਾਹੀ ਕੋਇ॥ (ਪੰਨਾ 45)

ਭਾਵ ਪਾਰਬ੍ਰਹਮ ਤੇ ਪ੍ਰਭ ਇਕੋ ਹੈ, ਕਿਸੇ ਦੂਜੇ ਦੀ ਹੋਰ ਕੋਈ ਹੋਂਦ ਨਹੀਂ। ਇਹ ਏਕੋ ਹੀ ਪਾਰਬ੍ਰਹਮ ਤੇ ਪ੍ਰਭੁ ਹੈ।

ਥਾਨ ਥਨੰਤਰਿ ਰਵਿ ਰਹਿਆ
ਪਾਰਬ੍ਰਹਮ ਪ੍ਰਭੁ ਸੋਇ॥ (ਪੰਨਾ 45)

ਜਿਹੜਾ ਹਰ ਥਾਂ ਅਤੇ ਹਰ ਥਾਂ ਵਿਚਲੀ ਥਾਂ ਭਾਵ ਘਟ ਘਟ ਵਿਚ ਰਮ ਰਿਹਾ ਹੈ, ਓਹੀ ਪਾਰਬ੍ਰਹਮ ਤੇ ਪ੍ਰਭੁ ਹੈ। ਭਾਵ ਇਹ ਏਕੋ ਹੀ ਪਾਰਬ੍ਰਹਮ ਅਤੇ ਪ੍ਰਭੁ ਭਾਵ ਸਮੁੱਚੀ ਪ੍ਰਭੁਤਾ ਦਾ ਮਾਲਕ ਹੈ, ਜਿਸ ਦਾ ਹਰੇਕ ਥਾਂ ਵਸੇਬਾ ਹੈ ਅਤੇ ਇਸ ਤੋਂ ਬਿਨਾ ਹੋਰ ਦੂਜਾ ਕੋਈ (ਰੱਬ) ਨਹੀਂ, ਜਿਸ ਦੀ ਹੋਂਦ ਹੋਵੇ।

ਪਾਰਬ੍ਰਹਮ ਕੇ ਸਗਲੇ ਠਾਉ॥
ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ॥
ਆਪੇ ਕਰਨ ਕਰਾਵਨ ਜੋਗੁ॥
ਪ੍ਰਭ ਭਾਵੈ ਸੋਈ ਫੁਨਿ ਹੋਗੁ॥
ਪਸਰਿਓ ਆਪਿ ਹੋਇ ਅਨਤ ਤਰੰਗ॥
ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ॥
ਜੈਸੀ ਮਤਿ ਦੇਇ ਤੈਸਾ ਪਰਗਾਸ॥
ਪਾਰਬ੍ਰਹਮੁ ਕਰਤਾ ਅਬਿਨਾਸ॥
ਸਦਾ ਸਦਾ ਸਦਾ ਦਇਆਲ॥
ਸਿਮਰਿ ਸਿਮਰਿ ਨਾਨਕ ਭਏ ਨਿਹਾਲ॥
(ਪੰਨਾ 275)

ਭਾਵ ਇਹ ਪਾਰਬ੍ਰਹਮ ਸਭ ਥਾਂ ਵਸਦਾ ਹੈ। ਇਹ ਪਾਰਬ੍ਰਹਮ ਜਿਸ ਥਾਂ ਕਿਸੇ ਨੂੰ ਰੱਖਦਾ ਹੈ, ਉਸੇ ਥਾਂ ਉਹ ਰਹਿੰਦਾ ਹੈ, ਭਾਵ ਸਾਰੀ ਮਨੁੱਖੀ ਪੈਦਾਇਸ਼ ਇਸ ਪਾਰਬ੍ਰਹਮ ਦੇ ਹੁਕਮੁ ਅਨੁਸਾਰ ਹੀ ਹੁੰਦੀ ਹੈ। ਇਹੀ ਪਾਰਬ੍ਰਹਮ ਕਰਨ ਕਰਾਵਣਹਾਰ ਹੈ। ਉਸ ਪ੍ਰਭੂ ਭਾਵ ਪ੍ਰਭੁਤਾ ਦੇ ਮਾਲਕ ਤਥਾ ਸਰਬ ਸਮਰਥ ਨੂੰ ਜੋ ਭਾਉਂਦਾ ਹੈ, ਓਹੀ ਕੁਝ ਹੁੰਦਾ ਹੈ। ਇਹੀ ਪਾਰਬ੍ਰਹਮ ਨਾਨਾ ਰੰਗ ਰੂਪ ਧਾਰ ਕੇ ਸਭ ਥਾਂ ਪਸਰਿਆ ਹੋਇਆ ਹੈ। ਇਸ ਦੇ ਅਨੇਕ ਰੰਗਾਂ ਦੀ ਥਾਹ ਨਹੀਂ ਪਾਈ ਜਾ ਸਕਦੀ। ਜਿਹੋ ਜਿਹੀ ਮਤਿ ਭਾਵ ਸੋਝੀ ਇਹ ਕਿਸੇ ਨੂੰ ਦਿੰਦਾ ਹੈ, ਉਸੇ ਤਰ੍ਹਾਂ ਦਾ ਉਹ ਹੋ ਜਾਂਦਾ ਹੈ। ਤਥਾ ਹਰ ਕੋਈ ਆਪਣੀ ਸੂਝ ਭਾਵ ਸੋਚ ਅਨੁਸਾਰ ਵਿਹਾਰ ਕਰਦਾ ਹੈ। (ਆਪ ਆਪਣੀ ਬੁਧਿ ਹੈ ਜੇਤੀ ਵਰਣਤਿ ਭਿੰਨ ਭਿੰਨ ਤੋਹਿ ਤੇਤੀ।) ਇਹੀ ਪਾਰਬ੍ਰਹਮ ਕਰਤਾ ਹੈ, ਜੋ ਕਦੇ ਬਿਨਸਦਾ ਨਹੀਂ, ਭਾਵ ਜਿਸ ਦਾ ਕਦੀ ਅੰਤ ਨਹੀਂ ਹੁੰਦਾ। ਇਹ ਪਾਰਬ੍ਰਹਮ ਹਮੇਸ਼ਾ ਦਿਆਲੂ ਹੈ।

ਗੁਰੂ ਨਾਨਕ ਸਾਹਿਬ ਦੇ ਭਾਵਾਂ ਵਿਚ ਗੁਰੂ ਅਰਜਨ ਦੇਵ ਫੁਰਮਾਉਂਦੇ ਹਨ, ਮੈਂ ਇਸ ਪਾਰਬ੍ਰਹਮ ਨੂੰ ਹਮੇਸ਼ਾ ਲਈ ਆਪਣੇ ਮਨ ਦੇ ਅਨੁਭਵੀ ਸੰਸਾਰ ਵਿਚ ਵਸਾ ਕੇ ਨਿਹਾਲ ਹੁੰਦਾ ਰਹਿੰਦਾ ਹਾਂ।

ਬ੍ਰਾਹਮਣਵਾਦ ਆਪਣੇ ਮਨ ਦੀ ਕਲਪਨਾ ਵਿਚ ਇਸ 'ਬ੍ਰਹਮ' ਦੇ ਵਿਅਕਤੀ ਰੂਪ ਨੂੰ ਬ੍ਰਹਮਾ ਚਿਤਵ ਕੇ ਸਾਰੀ ਸ੍ਰਿਸ਼ਟੀ ਦੀ ਰਚਨਾ ਇਸ ਬ੍ਰਹਮਾ ਰਾਹੀਂ ਹੋਈ ਮੰਨਦਾ ਹੈ। ਇਸੇ ਮਨ-ਕਲਪਿਤ ਬ੍ਰਹਮਾ ਦੀ ਹੋਂਦ ਰਾਹੀਂ ਉਹ ਚਾਰ ਵਰਣਾਂ ਦੀ ਪੈਦਾਇਸ਼ ਕਰਵਾਉਂਦਾ ਹੈ। ਇਸੇ ਮਨ-ਕਲਪਿਤ ਬ੍ਰਹਮਾ ਦੀ ਹੋਂਦ ਰਾਹੀਂ ਉਹ ਆਪਣਾ ਸਾਰਾ ਕਰਮਕਾਂਡੀ ਭਰਮਜਾਲ ਫੈਲਾਉਂਦਾ ਹੈ। ਬ੍ਰਾਹਮਣਵਾਦ ਦੀ ਧਾਰਨਾ ਹੈ ਕਿ ਇਸੇ ਮਨ-ਕਲਪਿਤ ਬ੍ਰਹਮਾ ਨੇ ਆਪਣੇ ਸਿਰ ਵਿਚੋਂ ਬ੍ਰਾਹਮਣ, ਬਾਹਾਂ ਵਿਚੋਂ ਖਤਰੀ, ਪੱਟਾਂ ਵਿਚੋਂ ਵੈਸ਼ ਅਤੇ ਪੈਰਾਂ ਵਿਚੋਂ ਸ਼ੂਦਰ ਪੈਦਾ ਕੀਤੇ ਹਨ। ਇਸੇ ਬ੍ਰਹਮਾ ਨੂੰ ਹਿੰਦੂ ਮਤਿ ਵਿਚਲੀ ਵਰਣ ਵੰਡ ਦਾ ਜਨਕ ਕਿਹਾ ਜਾਂਦਾ ਹੈ। ਗੁਰਮਤਿ ਇਸ ਧਾਰਨਾ ਨੂੰ ਮੂਲੋਂ ਹੀ ਨਕਾਰ ਦਿੰਦੀ ਹੈ,

ਬ੍ਰਹਮਾ ਬਿਸਨੁ ਮਹੇਸ ਨ ਕੋਈ॥
ਅਵਰ ਨ ਦੀਸੈ ਏਕੋ ਸੋਈ॥
(ਪੰਨਾ 1035)

ਭਾਵ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਦੀ ਕੋਈ ਹੋਂਦ ਨਹੀਂ। ਸਭ ਥਾਂ ਇਸ ਏਕੋ ਦਾ ਹੀ ਪਸਾਰਾ ਹੈ।

ਗੁਰਮਤਿ ਨੇ ਬ੍ਰਹਮ ਅਤੇ ਬ੍ਰਾਹਮਣਵਾਦੀਆਂ ਵਲੋਂ ਵਰਤੇ ਜਾਂਦੇ ਅੱਖਰ ਬ੍ਰਹਮਾ ਵਿਚਕਾਰ ਵੀ ਸਪਸ਼ਟ ਨਿਖੇੜਾ ਕੀਤਾ ਹੈ। ਗੁਰਮਤਿ ਸੁਆਲ ਕਰਦੀ ਹੈ,

ਬ੍ਰਹਮਾ ਬਡਾ ਕਿ ਜਾਸ ਉਪਾਇਆ॥
(ਪੰਨਾ 331)

ਬ੍ਰਹਮੈ ਬੇਦ ਬਾਣੀ ਪਰਗਾਸੀ
ਮਾਇਆ ਮੋਹ ਪਸਾਰਾ॥ (ਪੰਨਾ 559)

ਬ੍ਰਹਮੈ ਵਡਾ ਕਹਾਇ ਅੰਤ ਨ ਪਾਇਆ॥
(ਪੰਨਾ 1279)

ਬ੍ਰਹਮੈ ਇੰਦ੍ਰਿ ਮਹੇਸਿ ਨ ਜਾਨੀ॥
(ਪੰਨਾ 1032)

ਭਾਵ ਬ੍ਰਹਮਾ ਵੱਡਾ ਹੈ ਜਾਂ ਜਿਸ ਬ੍ਰਹਮ ਤੋਂ ਸਭ ਦੀ ਉਤਪਤੀ ਹੋਈ ਹੈ, ਉਹ ਵੱਡਾ ਹੈ। ਫਿਰ ਗੁਰਮਤਿ ਇਹ ਜਾਣਕਾਰੀ ਵੀ ਦਿੰਦੀ ਹੈ ਕਿ ਬ੍ਰਹਮਾ ਦੇ ਨਾਂ 'ਤੇ ਜੋ ਕਥਿਤ ਵੇਦਾਂ ਦਾ ਗਿਆਨ ਦਿਤਾ ਜਾਂਦਾ ਹੈ, ਉਹ ਸਾਰਾ ਮੋਹ ਮਾਇਆ ਦਾ ਪਸਾਰਾ ਭਾਵ ਮਨੋ-ਕਲਪਿਤ ਹੈ। ਗੁਰਮਤਿ ਇਹ ਵੀ ਦਸਦੀ ਹੈ ਕਿ ਬ੍ਰਹਮਾ ਆਪਣੇ-ਆਪ ਨੂੰ ਵੱਡਾ ਕਹਾਉਂਦਾ ਹੈ, ਪਰ ਖੁਦ ਬ੍ਰਹਮ ਦਾ ਭੇਤ ਨਹੀਂ ਪਾ ਸਕਿਆ। ਬ੍ਰਹਮਾ, ਇੰਦਰ ਤੇ ਮਹੇਸ਼ ਨੂੰ ਬ੍ਰਹਮ ਦਾ ਕੋਈ ਗਿਆਨ ਨਹੀਂ। ਗੁਰਮਤਿ ਬ੍ਰਹਮ ਦੀ ਹੋਂਦ ਨੂੰ ਹਕੀਕੀ ਮੰਨਦੀ ਹੈ, ਜਦੋਂ ਕਿ ਉਹ ਬ੍ਰਹਮਾ ਦੀ ਸਿਰਜਕ ਹੋਂਦ ਤੋਂ ਇਨਕਾਰੀ ਹੈ। ਦਿਲਚਸਪ ਗੱਲ ਇਹ ਹੈ ਕਿ ਵੇਦਾਂ ਦੀ ਫਿਲਾਸਫੀ ਭਾਵ ਵੇਦਾਂਤ ਖੁਦ ਬ੍ਰਹਮ ਤੇ ਬ੍ਰਹਮਾ ਵਿਚਕਾਰ ਸਪਸ਼ਟ ਨਿਖੇੜਾ ਕਰਦਾ ਹੈ, ਪਰ ਬ੍ਰਾਹਮਣਵਾਦ ਇਸ ਨਿਖੇੜੇ ਨੂੰ ਧੁੰਧਲਾ ਕਰ ਦਿੰਦਾ ਹੈ। ਮਨੂ ਸਿਮਰਤੀ ਤਕ ਆ ਕੇ ਬ੍ਰਹਮ ਵੈਦਿਕ ਫਿਲਾਸਫੀ ਦੇ ਪਿਛੋਕੜ ਵਿਚ ਚਲਾ ਜਾਂਦਾ ਹੈ ਤੇ ਮਨੋ-ਕਲਪਿਤ ਬ੍ਰਹਮਾ ਇਸ ਦੀ ਥਾਂ ਲੈ ਲੈਂਦਾ ਹੈ।

ਵੇਦਾਂਤ ਦਾ ਅਰੰਭ 'ਬ੍ਰਹਮ' ਦੇ ਇਸ ਗਿਆਨ ਤੋਂ ਹੁੰਦਾ ਹੈ,

ਕਿਸ ਤੋਂ ਪ੍ਰੇਰਿਤ ਮਨ ਇਹ ਹੋਵੇ,
ਪ੍ਰਾਣ ਆਦਿ ਵੀ ਹਰਕਤ ਪਾਵੇ।
ਕਿਸ ਤੋਂ ਪ੍ਰੇਰਿਤ ਬਾਣੀ ਬੋਲੇ,
ਕੰਨ ਪੁਰਖ ਦੇ ਕਿਥੋਂ ਸੁਣਦੇ।
ਸਭ ਦਾ ਪ੍ਰੇਰਕ ਦੇਵ ਕੌਣ ਹੈ,
ਸਭ ਸ਼ਕਤੀ ਦਾ ਕਾਰਣ ਜੋ ਹੈ।
(ਕੇਨ ਉਪਨਿਸ਼ਦ, ਸਫਾ 29)

'ਕੇਨ ਉਪਨਿਸ਼ਦ' ਦੇ ਅਰੰਭ ਵਿਚ ਹੀ ਇਹ ਪ੍ਰਸ਼ਨ ਕੀਤਾ ਗਿਆ ਹੈ ਕਿ ਮਨੁੱਖੀ ਜ਼ਿੰਦਗੀ ਦਾ ਮੂਲ ਕੀ ਹੈ ਅਤੇ ਮਨੁੱਖੀ ਮਨ ਕਿਸ ਤੋਂ ਪ੍ਰੇਰਿਤ ਹੁੰਦਾ ਹੈ? ਮਨੁੱਖੀ ਪ੍ਰਾਣ ਕਿਸ ਤੋਂ ਹਰਕਤ ਪਾਉਂਦੇ ਹਨ? ਕਿਸ ਤੋਂ ਪ੍ਰੇਰਿਤ ਹੋ ਕੇ ਮਨੁੱਖ ਬਾਣੀ ਬੋਲਦਾ ਹੈ? ਮਨੁੱਖ ਦੇ ਕੰਨ ਕਿਸ ਤੋਂ ਪ੍ਰੇਰਿਤ ਹੋ ਕੇ ਸੁਣਦੇ ਹਨ ਤੇ ਇਨ੍ਹਾਂ ਸਾਰਿਆਂ ਦਾ ਪ੍ਰੇਰਕ ਦੇਵ ਕੌਣ ਹੈ, ਜੋ ਇਨ੍ਹਾਂ ਦੀ ਸ਼ਕਤੀ ਦਾ ਕਾਰਨ ਹੈ। ਭਾਵ ਮਨੁੱਖੀ ਜ਼ਿੰਦਗੀ ਦਾ ਮੂਲ ਕੀ ਹੈ ਤੇ ਮਨੁੱਖੀ ਇੰਦ੍ਰੀਆਂ ਨੂੰ ਜੀਵਨ ਦੇਣ ਵਾਲਾ ਕੌਣ ਹੈ।

ਰਿਸ਼ੀ ਕੰਨ ਦਾ ਕੰਨ ਬੋਲਦੇ,
ਮਨ ਦਾ ਉਸ ਨੂੰ ਮਨ ਉਹ ਦਸਦੇ।
ਬਾਣੀ ਦੀ ਵੀ ਉਹ ਬਾਣੀ ਹੈ,
ਪ੍ਰਾਣਾਂ ਦਾ ਵੀ ਪ੍ਰਾਣ-ਤਤ ਹੈ,
ਅੱਖਾਂ ਦੀ ਉਹ ਅੱਖ ਆਪ ਹੈ।
ਧੀਰ ਪੁਰਖ ਉਹ ਤਤ ਜਾਣਦੇ,
ਜਿਸ ਵੇਲੇ ਉਹ ਇਥੋਂ ਜਾਂਦੇ,
ਮਰਣੋ ਪਿਛੋਂ ਅੰਮ੍ਰਿਤ ਹੁੰਦੇ।
(ਕੇਨ ਉਪਨਿਸ਼ਦ, ਸਫਾ 29)

ਫਿਰ ਇਸ ਪ੍ਰਸ਼ਨ ਦਾ ਉਤਰ ਦਿੰਦਿਆਂ ਇਹ ਜਾਣਕਾਰੀ ਦਿਤੀ ਗਈ ਹੈ ਕਿ ਰਿਸ਼ੀ ਇਸ ਨੂੰ ਕੰਨ ਦਾ ਕੰਨ ਦਸਦੇ ਹਨ, ਇਸ ਨੂੰ ਮਨ ਦਾ ਮਨ ਦਸਦੇ ਹਨ। ਬਾਣੀ ਦੀ ਵੀ ਇਹ ਬਾਣੀ ਹੈ। ਪ੍ਰਾਣਾਂ ਭਾਵ ਜ਼ਿੰਦਗੀ ਦਾ ਮੂਲ ਤਤ ਵੀ ਇਹੀ ਹੈ। ਅੱਖਾਂ ਵੀ ਇਸ ਰਾਹੀਂ ਵੇਖਦੀਆਂ ਹਨ। ਧੀਰਜਵਾਨ ਮਨੁੱਖ ਇਸ ਤਤ ਨੂੰ ਜਾਣ ਕੇ ਅਮਰ ਹੋ ਜਾਂਦੇ ਹਨ, ਭਾਵ ਉਹ ਆਪਣੀ ਮੌਤ ਦੀ ਅਟਲਤਾ ਨੂੰ ਜਾਣ ਕੇ ਜਨਮ ਮਰਨ ਦੇ ਭਰਮਜਾਲ ਵਿਚੋਂ ਬਾਹਰ ਨਿਕਲ ਜਾਂਦੇ ਹਨ।

ਅੱਖ ਨਾ ਉਥੇ ਜਾ ਹੀ ਸਕਦੀ,
ਬਾਣੀ ਉਸ ਨੂੰ ਕਹਿ ਨਾ ਸਕਦੀ,
ਮਨ ਵੀ ਉਸ ਨੂੰ ਜਾਣੇ ਨਾਹੀਂ,
ਕੋਈ ਉਸ ਨੂੰ ਜਾਣੇ ਨਾਹੀਂ।
ਉਸ ਦੀ ਸਿਖਿਆ ਕੋਉ ਨ ਪਾਵੇ,
ਕੋਈ ਉਸ ਦਾ ਮੂਲ ਨ ਪਾਵੇ,
ਗਿਆਤ ਸਤਿ ਤੋਂ ਵਖਰਾ ਉਹ ਹੈ,
ਅਗਿਆਤੋਂ ਵੀ ਵਖਰਾ ਉਹ ਹੈ,
ਰਿਸ਼ੀਆਂ ਸਦਾ ਕਿਹਾ ਇਹੀ ਹੈ।
(ਕੇਨ ਉਪਨਿਸ਼ਦ, ਸਫਾ 31)

ਉਸ ਨੂੰ ਅੱਖਾਂ ਵੇਖ ਨਹੀਂ ਸਕਦੀਆਂ। ਬਾਣੀ ਉਸ ਦਾ ਬਿਆਨ ਨਹੀਂ ਕਰ ਸਕਦੀ। ਮਨ ਵੀ ਉਸ ਦਾ ਭੇਦ ਨਹੀਂ ਪਾ ਸਕਦਾ। ਕੋਈ ਉਸ ਨੂੰ ਜਾਣ ਨਹੀਂ ਸਕਦਾ। ਨਾ ਹੀ ਉਸ ਦਾ ਕੋਈ ਮੂਲ ਪਛਾਣ ਸਕਦਾ ਹੈ। ਸਿਖਿਆ ਰਾਹੀਂ ਭਾਵ ਕਿਸੇ ਦੇ ਉਪਦੇਸ਼ ਰਾਹੀਂ ਵੀ ਉਸ ਨੂੰ ਜਾਣਿਆ ਨਹੀਂ ਜਾ ਸਕਦਾ। ਉਹ ਗਿਆਤ ਤੇ ਅਗਿਆਤ ਸੱਚ ਤੋਂ ਵੀ ਉਪਰ ਹੈ ਅਤੇ ਇਹ ਸਾਰੀ ਜਾਣਕਾਰੀ ਸਾਨੂੰ ਰਿਸ਼ੀਆਂ ਨੇ ਦਿਤੀ ਹੈ।

ਬਾਣੀ ਜਿਸ ਨੂੰ ਜਾਣ ਨਾ ਸਕਦੀ,
ਬਾਣੀ ਜਿਸ ਤੋਂ ਸਭ ਕੁਝ ਜਾਣੇ।
ਬ੍ਰਹਮ ਉਸੀ ਨੂੰ ਸਮਝੋ ਭਾਈ,
ਨਾ ਇਹ ਜਿਸ ਨੂੰ ਲੋਕ ਪੂਜਦੇ॥
(ਕੇਨ ਉਪਨਿਸ਼ਦ, ਸਫਾ 31)

ਉਸ ਨੂੰ ਬਾਣੀ ਵੀ ਜਾਣ ਨਹੀਂ ਸਕਦੀ, ਸਗੋਂ ਬਾਣੀ ਸਾਰਾ ਕੁਝ ਉਸ ਤੋਂ ਜਾਣਦੀ ਹੈ। 'ਬ੍ਰਹਮ' ਉਹ ਨਹੀਂ ਹੈ, ਜਿਸ ਦੀ ਲੋਕ (ਬ੍ਰਹਮਾ ਦੇ ਰੂਪ ਵਿਚ) ਪੂਜਾ ਕਰਦੇ ਹਨ, ਸਗੋਂ ਬ੍ਰਹਮ ਉਹ ਹੈ, ਜਿਸ ਨੂੰ ਬਾਣੀ ਜਾਣ ਨਹੀਂ ਸਕਦੀ। ਭਾਵ ਬ੍ਰਹਮ ਮਨੁੱਖ ਦੀ ਸੋਚ ਦੀ ਸੀਮਾ ਤੋਂ ਪਾਰ ਹੈ, ਜਿਸ ਦਾ ਅੰਤ ਜਾਣਿਆ ਨਹੀਂ ਜਾ ਸਕਦਾ, ਸਗੋਂ ਬਾਣੀ ਸਾਰਾ ਕੁਝ ਉਸ ਤੋਂ ਜਾਣਦੀ ਹੈ।

ਮਨ ਤੋਂ ਜਿਸ ਦਾ ਮਨਨ ਨ ਹੋਈ,
ਮਾਨਸ ਜਿਸ ਤੋਂ ਸਭ ਕੁਝ ਜਾਣੇ।
ਬ੍ਰਹਮ ਉਸ ਨੂੰ ਸਮਝੋ ਭਾਈ,
ਨਾ ਇਹ ਜਿਸ ਨੂੰ ਲੋਕ ਪੂਜਦੇ॥
(ਕੇਨ ਉਪਨਿਸ਼ਦ, ਸਫਾ 31)

ਬ੍ਰਹਮ ਦਾ ਮਨ ਤੋਂ ਮਨਨ ਨਹੀਂ ਹੋ ਸਕਦਾ, ਭਾਵ 'ਬ੍ਰਹਮ' ਦਾ ਅਸੀਮ ਆਕਾਰ, ਮਨੁੱਖੀ ਮਨ ਦੇ ਅਨੁਭਵ ਦੀ ਪਕੜ ਵਿਚ ਨਹੀਂ ਆ ਸਕਦਾ, ਸਗੋਂ ਮਨ ਸਾਰਾ ਕੁਝ ਬ੍ਰਹਮ ਤੋਂ ਜਾਣਦਾ ਹੈ ਅਤੇ ਬ੍ਰਹਮ ਉਹ ਨਹੀਂ ਹੈ, ਜਿਸ ਦੀ ਲੋਕ ਬ੍ਰਹਮਾ ਦੇ ਰੂਪ ਵਿਚ ਪੂਜਾ ਕਰਦੇ ਹਨ।

ਅੱਖ ਨਾ ਉਸ ਦਾ ਦਰਸ਼ਨ ਕਰਦੀ,
ਉਸੇ ਨਾਲ ਸਭ ਸਦਾ ਵੇਖਦੇ।
ਬ੍ਰਹਮ ਉਸੀ ਨੂੰ ਸਮਝੋ ਭਾਈ,
ਨਾ ਇਹ ਜਿਸ ਨੂੰ ਲੋਕ ਪੂਜਦੇ।
(ਕੇਨ ਉਪਨਿਸ਼ਦ, ਸਫਾ 31)

ਮਨੁੱਖੀ ਅੱਖ ਬ੍ਰਹਮ ਨੂੰ ਨਹੀਂ ਵੇਖ ਸਕਦੀ, ਸਗੋਂ ਇਹ ਅੱਖ ਬ੍ਰਹਮ ਰਾਹੀਂ ਸਭ ਨੂੰ ਵੇਖਦੀ ਹੈ। ਉਸੇ ਨੂੰ ਬ੍ਰਹਮ ਸਮਝੋ ਭਾਵ ਬ੍ਰਹਮ ਉਹ ਹੈ, ਜਿਸ ਨੂੰ ਮਨੁਖੀ ਅੱਖ ਵੇਖ ਨਹੀਂ ਸਕਦੀ, ਨਾ ਕਿ ਉਹ ਬ੍ਰਹਮ ਹੈ, ਜਿਸ ਦੀ ਲੋਕ ਪੂਜਾ ਕਰਦੇ ਹਨ।

ਕੰਨਾਂ ਰਾਹੀਂ ਸੁਣਿਆ ਨਾਹੀਂ,
ਕੰਨ ਸਦਾ ਹੀ ਜਿਸ ਤੋਂ ਸੁਣਦੇ।
ਬ੍ਰਹਮ ਉਸੀ ਨੂੰ ਸਮਝੋ ਭਾਈ,
ਨਾ ਇਹ ਜਿਸ ਨੂੰ ਲੋਕ ਪੂਜਦੇ।
(ਕੇਨ ਉਪਨਿਸ਼ਦ, ਸਫਾ 31)

ਬ੍ਰਹਮ ਨੂੰ ਮਨੁੱਖੀ ਕੰਨਾਂ ਨਾਲ ਨਹੀਂ ਸੁਣਿਆ ਜਾ ਸਕਦਾ, ਸਗੋਂ ਕੰਨ ਇਸ ਬ੍ਰਹਮ ਰਾਹੀਂ ਸੁਣਦੇ ਹਨ। ਮਨੁੱਖੀ ਕੰਨਾਂ ਦੀ ਪਕੜ ਵਿਚ ਨਾ ਆਉਣ ਵਾਲਾ ਹੀ ਬ੍ਰਹਮ ਹੈ, ਨਾ ਕਿ ਜਿਸ ਦੀ ਲੋਕ ਪੂਜਾ ਕਰਦੇ ਹਨ।

ਪ੍ਰਾਣਾਂ ਰਾਹੀਂ ਜੀਵੇ ਨਾਹੀਂ,
ਪ੍ਰਾਣ ਉਸੇ ਤੋਂ ਕਾਰਜ ਕਰਦੇ।
ਬ੍ਰਹਮ ਉਸੀ ਨੂੰ ਸਮਝੋ ਭਾਈ,
ਨਾ ਇਹ ਜਿਸ ਨੂੰ ਲੋਕ ਪੂਜਦੇ।
(ਕੇਨ ਉਪਨਿਸ਼ਦ, ਸਫਾ 31)

ਨਾ ਹੀ ਇਹ ਬ੍ਰਹਮ ਮਨੁੱਖ ਵਾਂਗ ਪ੍ਰਾਣਾਂ ਰਾਹੀਂ ਜੀਵਨ ਪਾਉਂਦਾ ਹੈ, ਸਗੋਂ ਪ੍ਰਾਣ ਇਸ ਬ੍ਰਹਮ ਤੋਂ ਜੀਵਨ ਪਾਉਂਦੇ ਹਨ। ਬ੍ਰਹਮ ਉਹ ਨਹੀਂ ਹੈ, ਜਿਸ ਦੀ ਲੋਕ ਪੂਜਾ ਕਰਦੇ ਹਨ, ਸਗੋਂ ਇਹ ਬ੍ਰਹਮ ਸਮੁੱਚੇ ਜੀਵਨ ਦਾ ਮੂਲ ਆਧਾਰ ਹੈ।

ਸਪਸ਼ਟ ਹੈ ਕਿ ਵੇਦਾਂਤ ਦਰਸ਼ਨ ਵਿਚ 'ਬ੍ਰਹਮ' ਉਹ ਨਹੀਂ ਹੈ, ਜਿਸ ਦੀ ਲੋਕ ਬ੍ਰਹਮਾ ਦੇ ਰੂਪ ਵਿਚ ਪੂਜਾ ਕਰਦੇ ਹਨ, ਸਗੋਂ ਬ੍ਰਹਮ ਉਹ ਹੈ, ਜੋ ਅਸੀਮ ਬ੍ਰਹਿਮੰਡ ਦੇ ਰੂਪ ਵਿਚ ਮਨੁੱਖ ਦੀ ਸੋਚ ਦੀ ਸੀਮਾ ਤੋਂ ਪਾਰ ਹੈ; ਜਿਸ ਦਾ ਅੰਤ ਨਹੀਂ ਜਾਣਿਆ ਜਾ ਸਕਦਾ ਤੇ ਜੋ ਮਨੁੱਖੀ ਮਨ ਦੀ ਅਨੁਭਵੀ ਪਕੜ ਵਿਚ ਨਹੀਂ ਆ ਸਕਦਾ; ਜਿਸ ਨੂੰ ਸ਼ਬਦ ਬਿਆਨ ਨਹੀਂ ਕਰ ਸਕਦੇ, ਜੋ ਅਸੀਮ ਹੈ, ਬੇਅੰਤ ਹੈ ਅਤੇ ਮਨੁਖੀ ਸੋਚ ਦੀ ਸੀਮਾ ਤੋਂ ਪਾਰ ਹੈ।

## ਗ਼ਜ਼ਲ

ਜ਼ਿੰਦਗੀ ਤੇਰੇ ਤੋਂ ਪ੍ਰੇਸ਼ਾਨ ਹਾਂ ਮੈਂ।
ਜ਼ੁਲਮ ਤੇਰੇ ਦੇਖ ਕੇ ਹੈਰਾਨ ਹਾਂ ਮੈਂ।

ਚਾਰੇ ਪਾਸੇ ਫੁੱਲ ਹੀ ਫੁੱਲ ਟਹਿਕਦੇ
ਕਲਰੀ ਧਰਤੀ ਵਾਂਗ ਕਿਉਂ ਵੀਰਾਨ ਹਾਂ ਮੈਂ।

ਗੁਰਬਤ, ਪੀੜਾਂ, ਦਰਦ ਮੇਰੇ ਕੋਲ ਨੇ
ਲੋਕ ਫਿਰ ਵੀ ਆਖਦੇ ਧਨਵਾਨ ਹਾਂ ਮੈਂ।

ਮਾਰ ਲੈ ਜ਼ਿੰਦਗੀ ਤੂੰ ਮੈਨੂੰ ਮਾਰ ਲੈ
ਮਾਰਾਂ ਖਾ ਖਾ ਹੋ ਗਈ ਬਲਵਾਨ ਹਾਂ ਮੈਂ।

ਹਰ ਵਾਰੀ ਪਟਕਾ ਕੇ ਸੁਟਿਐ ਧਰਤ 'ਤੇ
ਫਿਰ ਵੀ ਉਡਦੀ ਪਈ ਵਿਚ ਅਸਮਾਨ ਹਾਂ ਮੈਂ।

ਨਫਰਤ ਮੈਂ ਲੋਕਾਂ ਦੀ ਰੱਜ ਰੱਜ ਕੇ ਸਹੀ
ਫਿਰ ਵੀ ਇਕ ਮਿੱਠੀ ਜਿਹੀ ਮੁਸਕਾਨ ਹਾਂ ਮੈਂ।

ਜਿਸ ਨੇ ਮੈਨੂੰ ਹਰ ਪਲ ਦਿਤੀਆਂ ਰਹਿਮਤਾਂ
ਉਸ ਸੋਹਣੇ ਰੱਬ ਤੋਂ ਕੁਰਬਾਨ ਹਾਂ ਮੈਂ।

ਰਹਿਣਾ ਹੈ 'ਸੁਰਜੀਤ' ਨੇ ਸੁਰਜੀਤ ਹੀ
ਸੁਣ ਲਉ ਇਹ ਸੁਰਜੀਤ ਦਾ ਐਲਾਨ ਹਾਂ ਮੈਂ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# "ਚਲ ਉਡ਼ ਜਾ ਰੇ ਪੰਛੀ ਕਿ ਅਬ ਯੇ ਦੇਸ਼ ਹੂਆ ਬੇਗਾਨਾ"

***ਕੋਈ ਜਮਾਨਾ ਸੀ, ਜਦੋਂ ਪੰਜਾਬ ਹਰਿਆ-ਭਰਿਆ ਸੀ। ਹਰ ਪਿੰਡ ਦੀ ਜੂਹ ਵਿਚ ਪਿੱਪਲ, ਬੋਹੜ ਤੇ ਨਿੰਮ ਦੇ ਦਰਖਤ ਹੋਇਆ ਕਰਦੇ ਸਨ। ਜੰਗਲ ਹੁੰਦੇ ਸਨ। ਤੜਕਸਾਰ ਚਿੜੀਆਂ ਚੂਹਕਦੀਆਂ। ਹਰੇ ਇਨਕਲਾਬ ਦੀ ਅਜਿਹੀ ਹਵਾ ਵਗੀ ਕਿ ਨਾ ਪਿੱਪਲ ਰਹੇ, ਨਾ ਬੋਹੜ ਤੇ ਨਾ ਨਿੰਮਾਂ। ਵਣ, ਕਰੀਰ, ਲਸੂੜੇ ਜਿਹੇ ਕਈ ਰੁੱਖ-ਬੂਟੇ ਤਾਂ ਜਿਵੇਂ ਅਲੋਪ ਹੀ ਹੋ ਗਏ। ਜਦੋਂ ਰੁੱਖ ਨਾ ਰਹੇ ਤਾਂ ਇਨ੍ਹਾਂ ਦੇ ਨਾਲ ਹੀ ਅਲੋਪ ਹੋ ਗਏ ਚਿੜੀਆਂ, ਕਬੂਤਰ ਤੇ ਇੱਲਾਂ। ਰਹਿੰਦੀ ਕਸਰ ਜ਼ਹਿਰੀਲੀਆਂ ਦਵਾਈਆਂ ਕੀਟਨਾਸ਼ਕਾਂ ਅਤੇ ਨਦੀਨਨਾਸ਼ਕਾਂ ਨੇ ਪੂਰੀ ਕਰ ਦਿੱਤੀ। ਇਸੇ ਵਰਤਾਰੇ 'ਤੇ ਲੇਖਕ ਨੇ ਇਸ ਲੇਖ ਵਿਚ ਦੁੱਖ ਪ੍ਰਗਟਾਇਆ ਹੈ, "ਯਾ ਖੁਦਾਇਆ! ਹੇ ਵਾਹਿਗੁਰੂ! ਕੈਸਾ ਸਰਾਪ ਪੈ ਗਿਆ, ਇਨ੍ਹਾਂ ਪੰਜਾਬੀਆਂ ਨੂੰ? ਕੀ ਇਹ ਉਹੀ ਪੰਜਾਬੀ ਹਨ, ਜੋ ਰਾਤ ਨੂੰ ਰੁੱਖਾਂ ਦਾ ਪੱਤਾ ਵੀ ਨਹੀਂ ਸਨ ਤੋੜਦੇ ਕਿ ਰੁੱਖ ਸੁੱਤਾ ਪਿਆ ਹੈ ਤੇ ਇਹਦੀ ਕਿਤੇ ਨੀਂਦ ਨਾ ਖਰਾਬ ਹੋ ਜਾਵੇ।" -ਸੰਪਾਦਕ***

ਮੈਂ ਪੰਛੀ ਹਾਂ। ਜੀ ਹਾਂ, ਮੈਂ ਇਸ 'ਦੇਸ਼ਾਂ ਵਿਚੋਂ ਦੇਸ ਪੰਜਾਬ ਨੀ ਸਈਓ' ਦਾ ਰਹਿਣ ਵਾਲ ਬੁੱਢਾ ਹੋ ਚੁਕਾ ਪੰਛੀ ਹਾਂ। ਲੰਮੀ ਉਮਰ ਹੰਢਾ ਚੁਕਾ ਹਾਂ। ਦੇਸ਼ ਪੰਜਾਬ ਕਹਿਣ ਨੂੰ ਭਾਵੇਂ ਬਹੁਤ ਵਿਸ਼ਾਲ ਸੂਬਾ ਨਹੀਂ, ਪਰ ਅਨੇਕਾਂ ਕਿਸਮ ਦੇ ਪੰਛੀ ਸਦੀਆਂ ਤੋਂ ਇਸ ਦੇ ਵਾਸੀ ਰਹੇ ਹਨ। ਯੁੱਗਾਂ-ਯੁਗਾਂਤਰਾਂ ਤੋਂ ਅਸੀਂ ਇਸ ਪੰਜਾਬ ਦੀਆਂ ਖੁੱਲ੍ਹੀਆਂ ਫਿਜ਼ਾਵਾਂ ਵਿਚ ਕਾਦਰ ਦੀ ਕੁਦਰਤ ਦੇ ਰੰਗ ਮਾਣਦੇ ਰਹੇ ਹਾਂ। ਇਥੋਂ ਦੀ ਆਬੋ-ਹਵਾ, ਇਥੋਂ ਦਾ ਅੰਨ-ਪਾਣੀ, ਇਥੋਂ ਦੇ ਲੋਕਾਂ ਦਾ ਪਿਆਰ ਪਰਦੇਸੀਆਂ ਨੂੰ ਵੀ ਇਥੇ ਹੀ ਰਹਿ ਜਾਣ ਨੂੰ ਮਜਬੂਰ ਕਰ ਦਿੰਦਾ ਹੁੰਦਾ ਸੀ। ਕਈ ਪੰਛੀ ਇਥੇ ਦੂਰੋਂ ਦੂਰੋਂ ਹਿਜਰਤ ਕਰਕੇ ਆਉਂਦੇ, ਫਿਰ ਇਥੋਂ ਹੀ ਰਹਿ ਜਾਂਦੇ ਜਾਂ ਰਹਿ ਜਾਣਾ ਲੋਚਦੇ। ਚੰਗੇ ਸਨ ਉਹ ਦਿਹਾੜੇ; ਪੰਜਾਬੀਆਂ ਦੀ ਨੇਕ ਦਿਲੀ ਅਤੇ

**ਡਾ. ਆਸਾ ਸਿੰਘ ਘੁੰਮਣ**
ਨਡਾਲਾ (ਕਪੂਰਥਲਾ)
ਫੋਨ: 91-97798-53245

ਫਿਰਾਖਦਿਲੀ ਚੌਹੀਂ ਕੂੰਟੀਂ ਮਸ਼ਹੂਰ ਸੀ।

ਪੰਜਾਬ ਐਸਾ ਸੂਬਾ ਸੀ, ਜਿੱਥੇ ਮਾਨਸ, ਪਸ਼ੂ, ਪੰਛੀ-ਸਭ ਇਕੋ ਰੂਹ ਦੇ ਨਿਵਾਜ਼ੇ ਸਮਝੇ ਜਾਂਦੇ ਸਨ। ਬੜੀ ਗੱਲ ਹੁੰਦੀ ਸੀ ਸਾਡੀ, ਉਸ ਪੰਜਾਬ ਵਿਚ। ਬਚਪਨ ਦੀ ਹਰ ਕਹਾਣੀ 'ਇਕ ਸੀ ਚਿੜੀ ਤੇ ਇਕ ਸੀ ਕਾਂ' ਨਾਲ ਸ਼ੁਰੂ ਹੁੰਦੀ ਸੀ। ਕੋਈ ਪੰਜਾਬਣ ਮਾਂ ਆਪਣੇ ਛੋਟੇ ਬੱਚੇ ਨੂੰ ਖਿਡਾਉਂਦਿਆਂ ਸਾਡੀ ਮਾਂ ਨਾਲ ਜਜ਼ਬਾਤੀ ਸਾਂਝ ਪਾਉਂਦੀ ਤੇ ਗਾਉਂਦੀ,

ਟਾਹਲੀ ਮੇਰੇ ਬੱਚੜੇ, ਲੱਕ ਟੁਣੂੰ ਟੁਣੂੰ
ਮੀਂਹ ਪਿਆ ਭਿੱਜ ਜਾਣਗੇ, ਲੱਕ ਟੁਣੂੰ ਟੁਣੂੰ
ਹਵਾ ਆਈ ਉਡ ਜਾਣਗੇ, ਲੱਕ ਟੁਣੂੰ ਟੁਣੂੰ
ਮੀਂਹ ਪਿਆ ਭਿੱਜ ਜਾਣਗੇ, ਲੱਕ ਟੁਣੂੰ ਟੁਣੂੰ।

ਉਸ ਪੰਜਾਬ ਵਿਚ ਸਾਡੇ ਨਾਲ ਬੱਚਿਆਂ ਦਾ, ਨੌਜਵਾਨਾਂ ਦਾ, ਬੁੱਢਿਆਂ ਦਾ, ਬੀਬੀਆਂ ਦਾ-ਸਭ ਦਾ ਬਹੁਤ ਪਿਆਰ ਸੀ। ਪੰਜਾਬਣਾਂ ਦਾ ਤਾਂ ਕੀ ਕਹਿਣਾ! ਰੋਟੀ ਪਕਾਉਣ ਲੱਗਦੀਆਂ ਤਾਂ ਪਹਿਲੀ ਰੋਟੀ ਅੱਲ੍ਹਾ ਦਾ ਨਾਂ ਲੈ ਕੇ ਸਾਡੇ ਨਾਂ ਕਰ ਦਿੰਦੀਆਂ। ਸ਼ਾਲਾ ਸੁਖੀ ਵੱਸਣ ਉਹ ਮਾਂਵਾਂ-ਦਾਦੀਆਂ! ਆਪਣੇ ਹੱਥੀਂ ਭੋਰੇ ਕਰ ਕਰ ਕੇ ਸਾਨੂੰ ਪਾਉਂਦੀਆਂ, ਬੱਚਿਆਂ ਵਾਂਗ ਸਾਨੂੰ ਪੁਚਕਾਰਦੀਆਂ ਅਤੇ ਦੁਲਾਰਦੀਆਂ। ਖੂਬ ਤਮਾਸ਼ਾ ਬੱਝਦਾ ਸੀ, ਚੀਂ...ਚੀਂ, ਕਾਂ...ਕਾਂ, ਟੈਂ...ਟੈਂ, ਮੈਂ...ਮੈਂ...ਦਾ। ਪੰਜਾਬਣਾਂ ਨੂੰ ਦਾਣੇ ਛੱਟਦੀਆਂ, ਮੁੰਗਲੀ ਵਾਹੁੰਦੀਆਂ, ਆਟਾ ਗੁੰਨਦੀਆਂ, ਰੋਟੀਆਂ ਲਾਹੁੰਦੀਆਂ ਵੇਖ ਅਸੀਂ ਉਨ੍ਹਾਂ ਦੁਆਲੇ ਇਕੱਠੇ ਹੋ ਜਾਂਦੇ ਅਤੇ ਆਪਣਾ ਬਣਦਾ ਹੱਕ ਦਾਅ ਮਾਰ ਕੇ ਵੀ ਲੈ ਲੈਂਦੇ। ਕਿਸਾਨ ਭਰਾ ਭਾਵੇਂ ਕਈ ਵਾਰ ਸਾਡੇ ਤੋਂ ਖਫਾ ਵੀ ਹੁੰਦੇ, ਪਰ ਅਸੀਂ ਧੱਕੇ ਨਾਲ ਆਪਣਾ ਦਸਵੰਧ ਚੁਰਾ ਲੈਂਦੇ। ਚੰਗੇ ਸਮਿਆਂ ਵਿਚ ਪੰਜਾਬ ਦੇ ਸ਼ਾਇਰ ਵੀ ਸਾਡੇ ਗੀਤ ਗਾਉਂਦੇ ਸਨ,

ਚਿੜੀ ਚੂਕਦੀ ਨਾਲ ਜਾ ਤੁਰੇ ਪਾਂਧੀ
ਪਈਆਂ ਦੁੱਧਾਂ ਦੇ ਵਿਚ ਮਧਾਣੀਆਂ ਨੀ।

ਕਈ ਵਾਰ ਤਾਂ ਸ਼ਾਇਰ ਮਨੁੱਖਾ ਜੀਵਨ ਛੱਡ ਕੇ ਸਾਡੇ ਵਰਗੇ ਹੋ ਕੇ ਅੰਬਰੀਂ ਉਚੀਆਂ ਉਡਾਰੀਆਂ ਮਾਰਨੀਆਂ ਲੋਚਦੇ,

ਜੀ ਚਾਹੇ ਪੰਛੀ ਹੋ ਜਾਵਾਂ
ਉਡਦਾ ਜਾਵਾਂ ਗਾਉਂਦਾ ਜਾਵਾਂ
ਅਣ-ਛੁਹ ਸਿਖਰਾਂ ਛੂਹ ਜਾਵਾਂ
ਇਸ ਦੁਨੀਆਂ ਦੀਆਂ ਰਾਹਵਾਂ ਭੁੱਲ ਕੇ
ਫੇਰ ਕਦੇ ਵਾਪਸ ਨਾ ਆਵਾਂ
ਜੀ ਚਾਹੇ ਪੰਛੀ ਹੋ ਜਾਵਾਂ।

ਮਹਾਨ ਗੁਰੂ, ਗੁਰੂ ਨਾਨਕ ਦੇਵ ਜੀ ਦੇ ਤਾਂ ਕਿਆ ਕਹਿਣੇ! ਉਹ ਤਾਂ ਕਾਦਰ ਦੀ ਕੁਦਰਤ ਨਾਲ ਏਨੇ ਇਕਮਿਕ ਅਤੇ ਏਨੇ ਇਕ ਸੁਰ ਸਨ ਕਿ ਉਨ੍ਹਾਂ ਨੇ ਤਾਂ ਬਾਣੀ ਵਿਚ ਵਾਰ ਵਾਰ ਸਾਡਾ ਜ਼ਿਕਰ ਕਰਕੇ ਸਾਡਾ ਰੁਤਬਾ ਬਹੁਤ ਵਧਾ ਦਿੱਤਾ,

ਕੋਕਲ ਹੋਵਾਂ ਅੰਬਿ ਬਸਾ
ਸਹਜਿ ਸਬਦ ਬੀਚਾਰਿ॥
ਸਹਜਿ ਸੁਭਾਇ ਮੇਰਾ ਸਹੁ ਮਿਲੈ
ਦਰਸਨਿ ਰੂਪਿ ਅਪਾਰਿ॥

ਗੁਰੂ ਨਾਨਕ ਦੇਵ ਜੀ ਤੋਂ ਬਿਨਾ ਦੂਜੇ ਮਹਾਪੁਰਸ਼ਾਂ ਨੇ ਵੀ ਸਾਡੀਆਂ ਤਸ਼ਬੀਹਾਂ ਦੇ ਕੇ ਆਪਣਾ ਸੰਦੇਸ਼ਾ ਸੰਚਾਰਿਆ, 'ਏਕੋ ਰੂਹ ਸਰਬ ਵਿਆਪਕ' ਦਾ ਫਲਸਫਾ ਵਿਕਸਿਤ ਕੀਤਾ। ਕਈ ਹਾਵ-ਭਾਵ ਅਤੇ ਅਨੁਭਵ ਮਨੁੱਖਾਂ ਨੂੰ ਸਮਝਾਉਣ ਲਈ ਉਨ੍ਹਾਂ ਆਪਣੀਆਂ ਕ੍ਰਿਤਾਂ ਵਿਚ ਸਾਨੂੰ ਬਿੰਬ ਬਣਾਇਆ,

ਮੈ ਰੋਵੰਦੀ ਸਭ ਜਗ ਰੁੰਨਾ ਰੁੰਨੜੇ ਵਣਹੁ ਪੰਖੇਰੂ॥...
ਜਿਉ ਪੰਖੀ ਇਕਤ੍ਰ ਹੋਇ ਫਿਰਿ ਬਿਛੁਰੈ॥
ਥਿਰ ਸੰਗਤਿ ਹਰਿ ਹਰਿ ਧਿਆਇਲੇ॥

ਗੁਰੂਆਂ ਦੀ ਬਾਣੀ ਵਿਚ ਸਾਡੇ ਕਈ ਸਾਥੀਆਂ ਜਿਵੇਂ ਮੋਰ, ਕਉਆ, ਬਗਲਾ, ਚਕੋਰ, ਬਬੀਹਾ, ਚਕਵੀ, ਹੰਸ, ਕੋਇਲ, ਕਾਗ ਆਦਿ ਦਾ ਭਰਵਾਂ ਜ਼ਿਕਰ ਪ੍ਰਤੱਖ ਸਬੂਤ ਹੈ ਕਿ ਅਸੀਂ ਉਨ੍ਹਾਂ ਦੀ ਜੀਵੰਤ ਸੋਚ ਦਾ ਹਿੱਸਾ ਸਾਂ।

ਗੁਰੂ ਗੋਬਿੰਦ ਸਿੰਘ ਜੀ ਤਾਂ ਸਾਡੇ ਪਰਿਵਾਰ ਦੇ ਇੱਕ ਮੈਂਬਰ ਬਾਜ ਨੂੰ ਹਮੇਸ਼ਾ ਆਪਣੇ ਅੰਗ ਸੰਗ ਰੱਖਦੇ ਸਨ। ਕਿਆ ਜ਼ਮਾਨਾ ਸੀ! ਕੋਈ ਪੰਜਾਬਣ ਵਿਯੋਗਣ ਰੁੱਤੇ ਸਾਡੇ ਰਾਹੀਂ ਆਪਣੇ ਪ੍ਰੇਮੀ ਨੂੰ ਸੁਨੇਹੇ ਭੇਜਦੀ ਹੁੰਦੀ ਸੀ,

ਚਿੱਠੀ ਮੇਰੇ ਢੋਲ ਨੂੰ ਪਹੁੰਚਾਈਂ ਵੇ ਕਬੂਤਰਾ
ਵਾਸਤਾ ਈ ਰੱਬ ਦਾ ਤੂੰ ਜਾਈਂ ਵੇ ਕਬੂਤਰਾ।



ਕੋਈ ਮਿੱਤਰਾਂ ਦੇ ਤਿੱਤਰਾਂ ਨੂੰ ਤਲੀਆਂ 'ਤੇ ਚੋਗ ਚੁਗਾਉਣ ਦੀ ਗੱਲ ਕਰਦੀ, ਤੇ ਕੋਈ ਆਪਣੇ ਪ੍ਰੇਮੀ ਨੂੰ ਚੀਨਾ ਕਬੂਤਰ ਬਣ ਕੇ ਘਰ ਆਲ੍ਹਣਾ ਪਾਉਣ ਦਾ ਸੱਦਾ ਦਿੰਦੀ ਅਤੇ ਕੋਈ ਸੁਨੇਹਾ ਪਹੁੰਚਾਉਣ ਵਾਲੇ ਦੀ ਚੁੰਜ ਨੂੰ ਸੋਨੇ ਨਾਲ ਮੜ੍ਹਾਉਣ ਦੀ ਖਾਹਿਸ਼ ਪ੍ਰਗਟ ਕਰਦੀ।

ਪ੍ਰੰਤੂ ਵੇਂਹਦਿਆਂ ਵੇਂਹਦਿਆਂ ਹੀ ਸਮਿਆਂ ਨੂੰ ਲਾਹਨਤ ਪੈਣੀ ਸ਼ੁਰੂ ਹੋ ਗਈ। ਪੰਜਾਬ ਘੱਟੋ ਘੱਟ ਸਾਡੇ ਲਈ ਤਾਂ ਬੁਰੀ ਤਰ੍ਹਾਂ ਸਰਾਪਿਆ ਗਿਆ। ਪੰਜਾਬੀਆਂ ਦੇ ਬੋਹਲ ਕੀ ਵੱਡੇ ਹੋਣੇ ਸ਼ੁਰੂ ਹੋਏ, ਸਬਰ ਦੇ ਬੰਨ੍ਹ ਟੁੱਟਣੇ ਸ਼ੁਰੂ ਹੋ ਗਏ। ਪੰਜਾਬੀ ਐਸੇ ਨਜ਼ਿਨਵੇਂ ਦੇ ਚੱਕਰ ਵਿਚ ਪਏ ਕਿ ਬੁਰੀ ਤਰ੍ਹਾਂ ਦਲਦਲ ਵਿਚ ਫਸੀ ਗਏ। ਚਾਰ ਪੈਸੇ ਆਉਣ ਨਾਲ ਪੰਜਾਬੀਆਂ ਦੇ ਬੱਚੇ ਵੀ ਸਾਡੇ ਗੀਤ ਛੱਡ ਕੇ ਕਿਸੇ ਓਪਰੀ ਭਾਸ਼ਾ ਅਤੇ ਓਪਰੇ ਸਭਿਆਚਾਰ ਦੀਆਂ ਕਵਿਤਾਵਾਂ ਪੜ੍ਹਨ ਲੱਗੇ। ਉਹ ਬੱਚੇ ਜਿਹੜੇ ਪਹਿਲਾਂ ਪੰਛੀਆਂ ਦੇ ਗੀਤ ਗਾਉਂਦੇ ਸਨ, ਬਾਤਾਂ ਪਾਉਂਦੇ ਸਨ, ਦਾਦੀ ਅੰਮਾ ਤੋਂ 'ਇੱਕ ਸੀ ਚਿੜੀ ਤੇ ਇੱਕ ਸੀ ਕਾਂ' ਦੀਆਂ ਕਹਾਣੀਆਂ ਸੁਣਦੇ ਸਨ, ਹੁਣ 'ਪੂਸੀ ਕੈਟ ਪੂਸੀ ਕੈਟ', 'ਬਾ ਬਾ ਬਲੈਕ ਸ਼ੀਪ' ਅਤੇ 'ਜੈਕ ਐਂਡ ਜਿੱਲ, ਵੈਂਟ ਅੱਪ ਦਾ ਹਿੱਲ' ਦਾ ਰੱਟਾ ਲਾਉਣ ਲੱਗੇ। ਟੈਲੀਵਿਜ਼ਨ ਨੇ ਉਨ੍ਹਾਂ ਦੇ ਬਚਪਨ 'ਤੇ ਡਾਕਾ ਮਾਰਨਾ ਸ਼ੁਰੂ ਕਰ ਦਿੱਤਾ ਅਤੇ ਉਹ ਮਾਸੂਮੀਅਤ ਦਾ ਅਤਿ ਲੁਭਾਉਣਾ ਜੀਵਨ ਛੇਤੀ ਛੇਤੀ ਪਾਰ ਕਰਨ ਲੱਗੇ।


ਬਿਜਲੀ ਦੇ ਪੱਖਿਆਂ ਨੇ, ਕੂਲਰਾਂ ਨੇ, ਏਅਰ ਕੰਡੀਸ਼ਨਰਾਂ ਨੇ ਮਨੁੱਖ ਨੂੰ ਦਰਵਾਜਿਓਂ ਅੰਦਰ ਕਰ ਦਿੱਤਾ ਅਤੇ ਸਾਨੂੰ ਬਾਹਰ ਧਕੇਲ ਦਿੱਤਾ। ਸਹਿਹੋਂਦ ਦੀ ਭਾਵਨਾ ਮੁੱਕ ਚੁੱਕ ਗਈ। ਵੇਂਹਦਿਆਂ ਵੇਂਹਦਿਆਂ ਐਸੀ ਚੰਦਰੀ ਹਵਾ ਚੱਲੀ ਕਿ ਅਸੀਂ ਬੇ-ਘਰੇ ਹੋ ਗਏ, ਬੇਗਾਨੇ ਹੋ ਗਏ। ਘਰਾਂ ਵਿਚੋਂ ਤਾਂ ਸਾਨੂੰ ਬਾਹਰ ਕੱਢਿਆ ਹੀ ਗਿਆ ਸੀ, ਅਸੀਂ ਬਾਹਰ ਜੋਗੇ ਵੀ ਨਾ ਰਹੇ। ਸਾਡੀ ਬਹਿਸ਼ਤ ਹੁੰਦਾ ਸੀ ਬਾਗ। ਵੱਧ ਅਨਾਜ ਦੇ ਲਾਲਚ ਵੱਸ ਮਨੁੱਖ ਨੇ ਬਾਗ ਮੁੱਢੋਂ ਪੁਟਵਾ ਦਿੱਤੇ ਅਤੇ ਅਸੀਂ ਬੇਜ਼ੁਬਾਨ ਬਦਨਸੀਬ ਕੇਵਲ ਅਸਮਾਨਾਂ ਵਿਚ ਚੀਕ-ਚਿਹਾੜਾ ਹੀ ਪਾ ਸਕੇ। ਅਸੀਂ ਕਈ ਦਿਨ ਤੇ ਕਈ ਰਾਤਾਂ ਉਨ੍ਹਾਂ ਥਾਂਵਾਂ ਉਤੇ ਘੁੰਮਦੇ ਰਹੇ ਅਤੇ ਆਪਣੇ ਖੁੱਸੇ ਸੰਸਾਰ ਦਾ ਮਾਤਮ ਕਰਦੇ ਰਹੇ।

ਸਾਡਾ ਜਿਉਣਾ ਮੁਹਾਲ ਹੋ ਗਿਆ। ਸੜਕਾਂ ਅਤੇ ਖੇਤਾਂ ਦੇ ਨਾਲ ਲੱਗਦੇ ਰੁੱਖਾਂ 'ਤੇ ਵੱਸਣਾ ਵੀ ਦੁਸ਼ਵਾਰੀਆਂ ਭਰਿਆ ਹੋ ਗਿਆ। ਆਏ ਦਿਨ ਕਿਸਾਨ ਆਪਣੇ ਖੇਤਾਂ ਨੂੰ ਅੱਗ ਲਾ ਦਿੰਦੇ। ਸਾਡੇ ਕਈ ਸਾਥੀ ਇਸ ਗੈਰ ਮਨੁੱਖੀ ਭਾਣੇ ਕਰਕੇ ਸੜ-ਭੁੱਜ ਕੇ ਸੁਆਹ ਹੋ ਗਏ। ਕਈ ਟਟਓਲੀਆਂ (ਟਟੀਹਰੀਆਂ) ਵਰਗੇ ਪੰਛੀ, ਜੋ ਵੱਢਾਂ ਵਿਚ ਆਂਡੇ ਦੇ ਕੇ ਬੱਚੇ ਕੱਢਦੇ ਸਨ, ਉਜੜ-ਪੁੱਜੜ ਗਏ। ਖੇਤਾਂ ਦੇ ਆਲੇ-ਦੁਆਲੇ ਘਾਹ ਅਤੇ ਬੂਝਿਆਂ ਵਿਚ ਵੱਸਣ ਵਾਲੇ ਪੰਛੀ ਵੀ ਅਗਨ-ਭੇਟ ਹੋ ਗਏ। ਅੱਗ ਦੀਆਂ ਲਪਟਾਂ ਦੀ ਲਪੇਟ ਵਿਚ ਆਉਣ ਵਾਲੇ ਵੱਡੇ ਰੁੱਖਾਂ ਉਤੇ ਜਿਉਣਾ ਵੀ ਮੁਸ਼ਕਿਲ ਹੋ ਗਿਆ।

ਯਾ ਖੁਦਾਇਆ! ਹੇ ਵਾਹਿਗੁਰੂ! ਕੈਸਾ ਸਰਾਪ ਪੈ ਗਿਆ, ਇਨ੍ਹਾਂ ਪੰਜਾਬੀਆਂ ਨੂੰ? ਕੀ ਇਹ ਉਹੀ ਪੰਜਾਬੀ ਹਨ, ਜੋ ਰਾਤ ਨੂੰ ਰੁੱਖਾਂ ਦਾ ਪੱਤਾ ਵੀ ਨਹੀਂ ਸਨ ਤੋੜਦੇ ਕਿ ਰੁੱਖ ਸੁੱਤਾ ਪਿਆ ਹੈ ਤੇ ਇਹਦੀ ਕਿਤੇ ਨੀਂਦ ਨਾ ਖਰਾਬ ਹੋ ਜਾਵੇ।

ਬੇਤਹਾਸ਼ਾ ਅਤੇ ਅੰਨੇਵਾਹ ਵਰਤੀਆਂ ਗਈਆਂ ਦਵਾਈਆਂ ਕਰਕੇ ਕਿਸਾਨ ਦਾ ਪੈਦਾ ਕੀਤਾ ਅੰਨ ਵੀ ਸਾਡੇ ਲਈ ਮਾਰੂ ਹੋ ਗਿਆ। ਵੱਧ ਦੁੱਧ ਲੈਣ ਦੇ ਲਾਲਚ ਵੱਸ ਪਸ਼ੂਆਂ ਨੂੰ ਲਾਏ ਟੀਕਿਆਂ ਨੇ ਐਸਾ ਅਸਰ ਕੀਤਾ ਕਿ ਮਰੇ ਪਸ਼ੂਆਂ ਨੂੰ ਇਸ ਧਰਤੀ ਤੋਂ ਸਮੇਟਣ ਦਾ ਬਹੁਮੁੱਲਾ ਕਾਰਜ ਕਰਦੀਆਂ ਗਿਰਝਾਂ ਅੱਗੋਂ ਬੱਚੇ ਪੈਦਾ ਕਰਨ ਦੀ ਤਾਕਤ ਹੀ ਗਵਾ ਬੈਠੀਆਂ। ਕਹਿੰਦੇ ਨੇ, ਮੋਬਾਈਲਾਂ ਦਾ ਐਸਾ ਮਾਰੂ ਅਸਰ ਪਿਆ ਕਿ ਵਿਚਾਰੀਆਂ ਚਿੜੀਆਂ ਉਂ ਹੀ ਮਰ ਮੁੱਕ ਗਈਆਂ ਨੇ, ਕਿਸੇ ਉਨ੍ਹਾਂ ਦਾ ਸਿਆਪਾ ਵੀ ਨਾ ਕੀਤਾ,

"ਚਿੜੀਆਂ ਤਾਂ ਚਿੜੀਆਂ ਨੇ, ਚਿੜੀਆਂ ਦਾ ਕੀ ਏ...!"



ਬਾਜ

ਪੰਜਾਬੀਆਂ ਨੂੰ ਤਾਂ ਆਪਣੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਅਤਿ-ਪਿਆਰੇ ਪੰਛੀ ਬਾਜ ਦਾ ਵੀ ਕੋਈ ਫਿਕਰ ਨਹੀਂ। ਕਹਿਣ ਨੂੰ ਤਾਂ ਬਾਜ ਪੰਜਾਬ ਦਾ ਰਾਜ ਪੰਛੀ ਹੈ, ਪ੍ਰੰਤੂ ਕੋਈ ਨਹੀਂ ਜਾਣਦਾ ਕਿ ਪੰਜਾਬ ਵਿਚ ਇਸ ਦੀ ਗਿਣਤੀ ਕਿੰਨੀ ਹੈ ਅਤੇ ਕਿਸੇ ਨੂੰ ਫਿਕਰ ਨਹੀਂ ਕਿ ਬਾਜ ਵੀ ਗਿਰਝਾਂ ਤੇ ਚਿੜੀਆਂ ਵਾਂਗ ਇਸ ਪੰਜਾਬ ਵਿਚੋਂ ਛੇਤੀ ਹੀ ਮੁੱਕ ਜਾਣਾ ਹੈ। ਵਾਹ ਓਏ ਗੁਰੂ ਦਿਓ ਲਾਲੋ, ਗਿਣੀ ਜਾਓ ਗੁਰੂ ਦੀਆਂ ਗੋਲਕਾਂ!

ਅਸੀਂ ਪੰਛੀ ਕੀ-ਕੀ ਰੋਣੇ ਰੋਈਏ? ਜੇ ਫਿਰ ਪੁੱਛੋ ਤਾਂ ਸਾਨੂੰ ਤਾਂ ਨਰ-ਮਦੀਨ ਵਸਲ ਦੀਆਂ ਘੜੀਆਂ ਵੀ ਨਸੀਬ ਨਹੀਂ ਹੁੰਦੀਆਂ। ਆਵਾਜਾਈ ਦੇ ਸਾਧਨਾਂ ਦਾ ਐਨਾ ਰੌਲਾ-ਰੱਪਾ, ਲਾਊਡ ਸਪੀਕਰਾਂ ਦਾ ਕੰਨ-ਪਾੜ ਖੱਪਖਾਨਾ, ਆਤਿਸ਼ਬਾਜ਼ੀਆਂ ਦਾ ਚੀਕ-ਚਿਹਾੜਾ, ਅਸੀਂ ਤਾਂ ਹਰ ਵੇਲੇ ਤ੍ਰਭਕੇ ਰਹਿੰਦੇ ਹਾਂ। ਸਵੇਰ ਵੇਲੇ ਤੋਂ ਹੀ ਏਨਾ ਰੌਲਾ-ਗੌਲਾ ਸ਼ੁਰੂ ਹੋ ਜਾਂਦਾ ਹੈ ਕਿ ਹੁਣ ਅੰਮ੍ਰਿਤ ਵੇਲੇ ਚਿੜੀ ਚੂਹਕਦੀ, ਕੋਇਲ ਬੋਲਦੀ ਜਾਂ ਦੂਜੇ ਪੰਛੀਆਂ ਦਾ ਅਲਾਪ ਕਿਸ ਨੂੰ ਸੁਣਦਾ ਹੈ?

ਉਧਰੋਂ ਮੌਸਮਾਂ ਦਾ ਕੋਈ ਪਤਾ ਨਹੀਂ ਲੱਗਦਾ। ਬੇ-ਮੌਸਮੀਆਂ ਹਨੇਰੀਆਂ ਆਲ੍ਹਣੇ ਉਡਾ ਕੇ ਲੈ ਜਾਂਦੀਆਂ ਹਨ। ਗਰਮੀਆਂ ਦੇ ਦਿਨਾਂ ਵਿਚ ਠੰਢ ਅਤੇ ਸਰਦੀਆਂ ਦੇ ਦਿਨਾਂ ਵਿਚ ਗਰਮੀ ਪਈ ਜਾਂਦੀ ਹੈ। ਕੱਖ ਸਮਝ ਨਹੀਂ ਪੈਂਦੀ ਕਿ ਕਿਹੜਾ ਮੌਸਮ ਮੇਲ-ਮਿਲਾਪ ਦਾ ਹੈ, ਕਿਹੜਾ ਆਂਡੇ ਦੇਣ ਦਾ ਅਤੇ ਕਿਹੜਾ ਬੱਚੇ ਪਾਲਣ ਦਾ! ਇਹ ਵੀ ਰੱਬ ਹੀ ਜਾਣਦੈ ਕਿ ਕਿਹੜੇ ਚੋਗੇ ਨੇ ਸਾਡੇ ਬੋਟਾਂ ਨੂੰ ਪਾਲਣੈਂ ਅਤੇ ਕਿਹੜੇ ਨੇ ਉਸ ਨੂੰ ਬਿਮਾਰ ਕਰ ਦੇਣੈਂ ਤੇ ਖਤਮ ਕਰ ਦੇਣੈਂ।

ਆਖਰਕਾਰ ਅਸੀਂ ਨਿੱਕੇ-ਨਿੱਕੇ ਵਜੂਦਾਂ ਵਾਲੇ ਪੰਛੀ ਕੀ ਗਵਾਉਂਦੇ ਸਾਂ ਇਸ ਧਰਤੀ ਦੇ ਮਾਲਕ ਦਾ? ਇਹ ਕੈਸੇ ਹਾਕਮ ਸਰਦਾਰ ਨੇ, ਜਿਨ੍ਹਾਂ ਦੀ ਧਰਤੀ ਤੋਂ ਸਾਨੂੰ ਖਾਣ ਨੂੰ ਚਾਰ ਦਾਣੇ ਤਾਂ ਕੀ ਮਿਲਣੇ ਸਨ, ਸਾਡਾ ਵਜੂਦ ਹੀ ਸਾੜ ਦਿੱਤਾ ਗਿਆ। ਸਾਡੇ ਬਾਰੇ ਤਾਂ ਕਹਿੰਦੇ ਹੁੰਦੇ ਸੀ, "ਪੱਲੇ ਅੰਨ ਨਾ ਬੰਨ੍ਹਦੇ, ਪੰਛੀ ਤੇ ਦਰਵੇਸ਼।"

ਕਦੀ ਕਦੀ ਤਾਂ ਮੇਰਾ ਜੀ ਕਰਦੈ, ਮੈਂ ਏਸ ਪੰਜਾਬ ਨੂੰ ਚੀਕ ਚੀਕ ਕੇ ਬਦ ਦੁਆਵਾਂ ਦੇਵਾਂ,

ਜਿਸ ਖੇਤ ਸੇ ਦਹਿਕਾਂ ਕੋ ਮੁਯੱਸਰ ਨਾ ਹੋ ਰੋਟੀ
ਉਸ ਖੇਤ ਕੇ ਹਰ ਗੋਸ਼ਾਂ-ਏ-ਗੰਧਮ ਕੋ ਜਲਾ ਦੋ।

ਜਾਂ ਫਿਰ ਸ਼ਿਵ ਬਟਾਲਵੀ ਦੀ ਸ਼ੀਸ਼ੋ ਵਾਂਗ ਸਰਾਪ ਦੇ ਦੇਵਾਂ,

ਸ਼ਾਲਾ ਓਸ ਗਰਾਂ ਦੇ ਸਭੇ
ਹੋ ਜਾਣ ਬੁਰਦ ਮੁਰੱਬੇ
ਕੁਲ ਜ਼ਮੀਂ ਜਾਂ ਪੈ ਜਾਏ ਗਿਰਵੀ
ਜੂਹਾਂ ਸਣੇ ਸਿਹੱਦੇ
ਸੜ ਜਾਏ ਫਸਲ ਸਵੇ 'ਤੇ ਆਈ
ਬੋਹਲ ਪਿੜਾਂ ਵਿਚ ਲੱਗੇ
ਜਿਸ ਗਰਾਂ ਵਿਚ ਜ਼ਿੰਦਗੀ ਨਾਲੋਂ
ਮੰਦਲ ਮਹਿੰਗੀ ਲੱਭੇ।

ਪਰ ਤੌਬਾ! ਨਾ ਬਈ ਨਾ, ਮੈਂ ਇਨ੍ਹਾਂ ਪਹਿਲਾਂ ਹੀ ਸਰਾਪੇ ਪੰਜਾਬੀਆਂ ਨੂੰ ਹੁਣ ਕੀ ਸਰਾਪ ਦੇਵਾਂ। ਇਨ੍ਹਾਂ ਪੰਜਾਬੀਆਂ ਦੀ ਭੁੱਖ ਤੇ ਪਿਆਸ ਹੁਣ ਬਹੁਤ ਦੁਰੇਡੀ ਪਸਰ ਗਈ ਹੈ। ਫਲਦਾਰ ਰੁੱਖਾਂ ਦੇ ਬੂਟੇ ਮੁੱਢੋਂ ਪੁੱਟ ਕੇ, ਬਾਗ ਉਜਾੜ ਕੇ, ਖਾਦਾਂ ਦਵਾਈਆਂ ਪਾ ਪਾ ਕੇ, ਕਰਜ਼ੇ ਚੁੱਕ ਚੁੱਕ ਕੇ ਟਰੈਕਟਰ ਟਰਾਲੀਆਂ ਬਣਾ ਕੇ ਫਿਰ ਖੁਦਕੁਸ਼ੀਆਂ ਦੇ ਰਾਹਾਂ 'ਤੇ ਤੁਰੇ ਫਿਰਦੇ ਨੇ। ਇਹ ਕਿਆ ਦੁਖਦਾਈ ਮੰਜ਼ਰ ਹੈ! ਸਬਰ ਸੰਤੋਖ ਨਾਲ ਜਿਉਣ ਵਾਲੇ, ਅਣਖ ਨਾਲ ਰਹਿਣ ਵਾਲੇ, ਮੁਸੀਬਤਾਂ ਨਾਲ ਡਟ ਕੇ ਜੂਝਣ ਵਾਲੇ ਪੰਜਾਬੀ ਪਤਾ ਨਹੀਂ ਕਿਉਂ ਪਦਾਰਥਵਾਦ ਦੀ ਦੌੜ ਵਿਚ ਹੱਫ ਹੱਫ ਕੇ ਮਰ ਰਹੇ ਹਨ। ਪਤਾ ਨਹੀਂ ਕਿਸ ਨੇ ਇਨ੍ਹਾਂ ਨੂੰ 'ਵੱਸਦੇ ਰਹੋ' ਦੀ ਥਾਂ 'ਉਜੜ ਜਾਓ' ਦਾ ਸਰਾਪ ਦੇ ਦਿੱਤੈ। ਅੱਗੇ ਮਾਂਵਾਂ ਪੁੱਤ ਨਹੀਂ ਸਨ ਵਿਛੋੜਦੀਆਂ, ਹੁਣ ਤਾਂ ਸਵੇਰੇ-ਸ਼ਾਮ ਵਿਛੜਨ ਦੀਆਂ ਅਰਦਾਸਾਂ ਕਰਦੀਆਂ ਹਨ। ਅੰਮ੍ਰਿਤ ਵੇਲੇ ਦੀ ਅਰਦਾਸ ਵਿਚ ਇਹੀ ਅਰਜ਼ੋਈਆਂ ਕੀਤੀਆਂ ਜਾਂਦੀਆਂ ਹਨ ਕਿ ਬੱਚਿਆਂ ਦੇ ਵੀਜ਼ੇ ਲੱਗ ਜਾਣ ਤੇ ਉਹ ਪਰਦੇਸਾਂ ਵਿਚ 'ਪੱਕੇ' ਹੋ ਜਾਣ! ਵਾਹ ਬਈ ਪੰਜਾਬੀਓ!

ਜੀ ਤਾਂ ਕਰਦਾ ਏ ਅਸੀਂ ਵੀ ਇਸ ਦੇਸ਼ ਪੰਜਾਬ ਨੂੰ ਛੱਡ ਕੇ ਕਿਤੇ ਹੋਰ ਥਾਂ ਉਡ ਜਾਈਏ। ਕੋਈ ਹੋਰ ਚੰਬਾ ਜਾ ਮੱਲੀਏ। ਜਿੱਥੇ ਤੂਤਾਂ ਦੀ ਠੰਡੀ ਠੰਡੀ ਛਾਂ ਹੋਵੇ, ਨਿਰਮਲ ਪਾਣੀ ਵੱਗਦੇ ਹੋਣ, ਸ਼ੁੱਧ ਖਾਣ ਨੂੰ ਮਿਲੇ, ਜਿੱਥੇ ਸਾਡੇ ਬੋਟ ਵੀ ਹੁੰਦੜਹੇਲ ਹੋਣ, ਅੰਮ੍ਰਿਤ ਵੇਲੇ ਉਠ ਕੇ ਰੱਬੀ ਜਾਪ ਕਰੀਏ ਅਤੇ ਸਰਬੱਤ ਦਾ ਭਲਾ ਮੰਗੀਏ।

ਪਰ ਅਸੀਂ ਕਿੱਥੇ ਜਾਈਏ, ਮਾਲਕੋ? ਤੁਸੀਂ ਹੀ ਦੱਸੋ ਕਿਸ ਦੇਸ਼ ਦਾ ਵੀਜ਼ਾ ਮੰਗੀਏ ਉਸ ਰੱਬ ਕੋਲੋਂ?





**ਪ੍ਰੰਤੂ ਵੇਂਹਦਿਆਂ ਵੇਂਹਦਿਆਂ ਹੀ ਸਮਿਆਂ ਨੂੰ ਲਾਹਨਤ ਪੈਣੀ ਸ਼ੁਰੂ ਹੋ ਗਈ। ਪੰਜਾਬ ਘੱਟੋ ਘੱਟ ਸਾਡੇ ਲਈ ਤਾਂ ਬੁਰੀ ਤਰ੍ਹਾਂ ਸਰਾਪਿਆ ਗਿਆ। ਪੰਜਾਬੀਆਂ ਦੇ ਬੋਹਲ ਕੀ ਵੱਡੇ ਹੋਣੇ ਸ਼ੁਰੂ ਹੋਏ, ਸਬਰ ਦੇ ਬੰਨ੍ਹ ਟੁੱਟਣੇ ਸ਼ੁਰੂ ਹੋ ਗਏ। ਪੰਜਾਬੀ ਐਸੇ ਨਜ਼ਿਨਵੇਂ ਦੇ ਚੱਕਰ ਵਿਚ ਪਏ ਕਿ ਬੁਰੀ ਤਰ੍ਹਾਂ ਦਲਦਲ ਵਿਚ ਫਸੀ ਗਏ। ਚਾਰ ਪੈਸੇ ਆਉਣ ਨਾਲ ਪੰਜਾਬੀਆਂ ਦੇ ਬੱਚੇ ਵੀ ਸਾਡੇ ਗੀਤ ਛੱਡ ਕੇ ਕਿਸੇ ਓਪਰੀ ਭਾਸ਼ਾ ਅਤੇ ਓਪਰੇ ਸਭਿਆਚਾਰ ਦੀਆਂ ਕਵਿਤਾਵਾਂ ਪੜ੍ਹਨ ਲੱਗੇ। ਉਹ ਬੱਚੇ ਜਿਹੜੇ ਪਹਿਲਾਂ ਪੰਛੀਆਂ ਦੇ ਗੀਤ ਗਾਉਂਦੇ ਸਨ, ਬਾਤਾਂ ਪਾਉਂਦੇ ਸਨ, ਦਾਦੀ ਅੰਮਾ ਤੋਂ 'ਇੱਕ ਸੀ ਚਿੜੀ ਤੇ ਇੱਕ ਸੀ ਕਾਂ' ਦੀਆਂ ਕਹਾਣੀਆਂ ਸੁਣਦੇ ਸਨ, ਹੁਣ 'ਪੂਸੀ ਕੈਟ ਪੂਸੀ ਕੈਟ', 'ਬਾ ਬਾ ਬਲੈਕ ਸ਼ੀਪ' ਅਤੇ 'ਜੈਕ ਐਂਡ ਜਿੱਲ, ਵੈਂਟ ਅੱਪ ਦਾ ਹਿੱਲ' ਦਾ ਰੱਟਾ ਲਾਉਣ ਲੱਗੇ। ਟੈਲੀਵਿਜ਼ਨ ਨੇ ਉਨ੍ਹਾਂ ਦੇ ਬਚਪਨ 'ਤੇ ਡਾਕਾ ਮਾਰਨਾ ਸ਼ੁਰੂ ਕਰ ਦਿੱਤਾ ਅਤੇ ਉਹ ਮਾਸੂਮੀਅਤ ਦਾ ਅਤਿ ਲੁਭਾਉਣਾ ਜੀਵਨ ਛੇਤੀ ਛੇਤੀ ਪਾਰ ਕਰਨ ਲੱਗੇ।**

# ਪਾਸ਼ ਅਤੇ ਸ਼ਮਸ਼ੇਰ ਸੰਧੂ ਦੀ ਯਾਰੀ

*ਸ਼ਮਸ਼ੇਰ ਸਿੰਘ ਸੰਧੂ ਅਧਿਆਪਕ ਵੀ ਰਿਹਾ, ਪੱਤਰਕਾਰ ਵੀ ਅਤੇ ਉਹ ਗੀਤਕਾਰ ਵੀ ਹੈ, ਪਰ ਬਹੁਤੇ ਲੋਕ ਉਸ ਨੂੰ ਗੀਤਕਾਰ ਵਜੋਂ ਹੀ ਜਾਣਦੇ ਹਨ। ਮੁੱਕਦੀ ਗੱਲ, ਉਹ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਪਾਸ਼ ਇਕ ਇਨਕਲਾਬੀ ਸ਼ਾਇਰ ਸੀ। ਪੰਜਾਬੀ ਸਾਹਿਤ ਨਾਲ ਮੱਸ ਰੱਖਣ ਵਾਲਾ ਸ਼ਾਇਦ ਹੀ ਕੋਈ ਸ਼ਖਸ ਹੋਵੇ ਜੋ ਪਾਸ਼ ਅਤੇ ਉਸ ਦੀ ਸ਼ਾਇਰੀ ਤੋਂ ਵਾਕਫ ਨਾ ਹੋਵੇ। ਸ਼ਮਸ਼ੇਰ ਤੇ ਪਾਸ਼ ਦੀ ਯਾਰੀ ਦਾ ਭਾਵੇਂ ਬਹੁਤੇ ਲੋਕਾਂ ਨੂੰ ਨਾ ਵੀ ਪਤਾ ਹੋਵੇ, ਪਰ ਯਾਰੀ ਹੈ ਬੜੀ ਨਿੱਗਰ ਸੀ। ਇਸ ਲੇਖ ਵਿਚ ਪ੍ਰਿੰ. ਸਰਵਣ ਸਿੰਘ ਨੇ ਇਸ ਯਾਰੀ ਦੀਆਂ ਕੁਝ ਗੱਲਾਂ ਸਾਂਝੀਆਂ ਕੀਤੀਆਂ ਹਨ। -ਸੰਪਾਦਕ*

ਪਾਸ਼, ਸ਼ਮਸ਼ੇਰ ਦਾ ਪੱਗ-ਵੱਟ ਨਹੀਂ, ਲੰਗੋਟੀ-ਵੱਟ ਯਾਰ ਸੀ, ਪਰ ਸੀ ਰੁਸੇਵਿਆਂ-ਮਨੇਵਿਆਂ ਵਾਲਾ। ਉਨ੍ਹਾਂ ਦੀ ਆਪਸ ਵਿਚ ਤਿੱਖੀ ਤਕਰਾਰ ਹੁੰਦੀ ਰਹਿੰਦੀ ਸੀ। ਉਹ ਬਹਿਸਦੇ ਸਨ, ਰੁੱਸਦੇ ਸਨ ਤੇ ਛੇਤੀ ਮੰਨ ਵੀ ਜਾਂਦੇ ਸਨ। ਸ਼ਮਸ਼ੇਰ ਲਿਖਦੈ, "ਅਸੀਂ ਆਪਸ ਵਿਚ ਲੜ ਵੀ ਪੈਂਦੇ ਸੀ। ਬੜੀ ਵਾਰ ਲੜੇ। ਕਈ ਵਾਰ ਲੜੇ। ਵਾਰ ਵਾਰ ਲੜੇ। ਕਿਸੇ ਕਿਸੇ ਵਾਰੀ ਤਾਂ ਇੰਜ ਹੁੰਦਾ ਸੀ ਕਿ ਬੱਸ ਇਹ ਆਖਰੀ ਲੜਾਈ ਹੈ ਤੇ ਮੁੜ ਇਕ-ਦੂਜੇ ਦੇ ਮੱਥੇ ਨਹੀਂ ਲੱਗਾਂਗੇ; ਪਰ ਕਦੇ ਚਿੱਠੀਆਂ ਰਾਹੀਂ ਸੁਲ੍ਹਾ-ਸਫਾਈ ਹੋ ਜਾਂਦੀ, ਕਦੇ ਆਹਮੋ-ਸਾਹਮਣੇ ਹੁੰਦਿਆਂ ਅੱਖਾਂ ਮਿਲਣ 'ਤੇ। ਅਸੀਂ ਕਿਉਂ ਲੜਦੇ ਸੀ? ਇਹ ਵੀ ਨਹੀਂ ਸੀ ਪਤਾ ਲੱਗਦਾ ਅਤੇ ਏਨਾ ਅਰਸਾ ਬੀਤਣ 'ਤੇ ਵੀ ਕੁਝ ਨਹੀਂ ਸੁੱਝ ਰਿਹਾ ਕਿ ਕਿਉਂ ਲੜਦੇ ਸੀ? ਉਂ ਪਛਤਾਵਾ ਜਿਹਾ ਜ਼ਰੂਰ ਹੈ। ਜੇ ਪਤਾ ਹੁੰਦਾ ਪਾਸ਼ ਨੇ ਸਦਾ ਲਈ ਵਿਛੜ ਜਾਣਾ ਤਾਂ ਸ਼ਾਇਦ ਇਕ ਵਾਰ ਵੀ ਨਾ ਲੜਦੇ!"



ਪ੍ਰਿੰ. ਸਰਵਣ ਸਿੰਘ

ਪਾਸ਼ ਚਿੱਠੀਆਂ ਵਿਚ ਕਦੇ ਸ਼ਮਸ਼ੇਰ ਨੂੰ ਪਿਆਰੇ ਸ਼ੇਰ, ਕਦੇ ਪਿਆਰੇ ਸ਼ੰਮੀ, ਕਦੇ ਪਿਆਰੇ ਸ਼ੇਰਾ ਤੇ ਕਦੇ ਚੰਗੇ ਸੰਧੂ ਲਿਖ ਕੇ ਸੰਬੋਧਨ ਕਰਦਾ। ਕਦੇ ਸੁਣਾ ਆੜੀ ਤੇ ਕਦੇ ਪੱਤਰਕਾਰਾ ਕਹਿੰਦਾ। ਇਕ ਚਿੱਠੀ 'ਚ ਲਿਖਿਆ, ਡੀਅਰ ਮਿਸਟਰ ਜਾਰਜ ਸ਼ੈਮਸ਼ੈਰ। ਚਿੱਠੀ ਦੇ ਅਖੀਰ ਵਿਚ ਕਦੇ 'ਨਾ ਤੇਰਾ ਨਾ ਆਪਣਾ-ਪਾਸ਼' ਲਿਖਦਾ, ਕਦੇ 'ਨਿੱਘ ਅਤੇ ਸਤਿਕਾਰ ਨਾਲ-ਪਾਸ਼' ਲਿਖਦਾ ਤੇ ਕਦੇ 'ਤੇਰਾ ਰੱਬ ਰਾਖਾ! ਪਾਸ਼'।

ਇਕ ਸਮਾਂ ਸੀ, ਜਦੋਂ ਕੁਸ਼ਤੀ ਦੇ ਅਖਾੜਿਆਂ 'ਚ ਦਾਰਾ-ਦਾਰਾ ਹੁੰਦੀ ਸੀ ਤੇ ਹਾਕੀ ਦੇ ਮੈਦਾਨਾਂ ਵਿਚ ਬਲਬੀਰ-ਬਲਬੀਰ। ਫਿਰ ਸਮਾਂ ਆਇਆ ਜਦੋਂ ਗਾਇਕੀ ਦੇ ਅਖਾੜਿਆਂ ਵਿਚ ਸ਼ਮਸ਼ੇਰ-ਸ਼ਮਸ਼ੇਰ ਹੋਣ ਲੱਗੀ। ਜਿਵੇਂ ਦਾਰਾ ਸਿੰਘ 'ਭਲਵਾਨਾਂ ਦਾ ਭਲਵਾਨ' ਸੀ, ਉਵੇਂ ਸ਼ਮਸ਼ੇਰ ਸੰਧੂ 'ਗੀਤਕਾਰਾਂ ਦਾ ਗੀਤਕਾਰ।' ਉਹਦੇ ਅਨੇਕਾਂ ਗੀਤਾਂ ਨੇ ਝੰਡੀਆਂ ਕੀਤੀਆਂ ਤੇ ਗੁਰਜਾਂ ਜਿੱਤੀਆਂ। ਕੁਝ ਗੀਤ ਰੁਸਤਮ-ਏ-ਪੰਜਾਬ ਬਣੇ, ਕੁਝ ਰੁਸਤਮ-ਏ-ਹਿੰਦ ਤੇ ਕੁਝ ਰੁਸਤਮ-ਏ-ਜ਼ਮਾਂ। ਉਨ੍ਹਾਂ ਦੀ ਮਸ਼ਹੂਰੀ ਬੀ. ਬੀ. ਸੀ. ਤਕ ਹੋਈ।

ਕਦੇ ਦੁਪੱਟਾ ਸੱਤ ਰੰਗ ਦਾ ਲਹਿਰਾਇਆ, ਕਦੇ ਪੇਕੇ ਹੁੰਦੇ ਮਾਂਵਾਂ ਨਾਲ ਨੇ ਰੁਆਇਆ, ਕਦੇ ਮੁਖੜਾ ਦੇਖਣ ਨੇ ਭਰਮਾਇਆ। ਉਹਦੇ ਗੀਤਾਂ ਵਿਚ ਦੁੱਧ ਦੀ ਥਾਂ ਜੈਕੁਰ ਦਾ ਪਾਣੀ ਵਿਕਦਾ ਰਿਹਾ, ਕਚਹਿਰੀਆਂ 'ਚ ਮੇਲੇ ਲੱਗਦੇ ਰਹੇ, ਰਕਾਨਾਂ 'ਚੋਂ ਯਾਰ ਬੋਲਦੇ ਰਹੇ। ਇਕੋ ਤਾਰ ਸੌ-ਸੌ ਤਾਰਾਂ ਦੀ ਬੱਸ ਕਰਾਉਂਦੀ ਰਹੀ, ਗਾਉਣ ਵਾਲਿਆਂ ਨੂੰ ਡਿਸਕੋ ਬੁਖਾਰ ਚੜ੍ਹਾਉਂਦੀ ਰਹੀ। ਬੋਲੀਆਂ ਨਾਲ ਬੱਕਰੇ ਬੋਲਦੇ ਰਹੇ, ਨੱਚਣ ਵਾਲੇ ਅੱਡੀਆਂ ਨਾਲ ਪਤਾਸੇ ਭੋਰਦੇ ਰਹੇ। ਕਈ ਗੀਤ ਸੱਚੀਆਂ ਸੁਣਾਉਂਦੇ ਰਹੇ-ਨਾ ਧੁੱਪ ਰਹਿਣੀ ਨਾ ਛਾਂ ਬੰਦਿਆ, ਇਕ ਰਹਿਣਾ ਰੱਬ ਦਾ ਨਾਂ ਬੰਦਿਆ। ਕੁਝ ਗੀਤ ਝੂਰਦੇ ਰਹੇ-ਗੁੰਮ ਗਈਆਂ ਕਿਧਰੇ ਦੁਆਨੀਆਂ ਚੁਆਨੀਆਂ, ਏਸੇ ਤਰ੍ਹਾਂ ਗੁੰਮਗੇ ਜੁਆਨ ਤੇ ਜੁਆਨੀਆਂ। ਕੁਝ ਗੀਤ ਨਾਚ ਨਚਦੇ ਰਹੇ-ਸੰਮੀ ਮੇਰੀ ਵਾਰ ਮੈਂ ਵਾਰੀ ਮੇਰੀ ਸੰਮੀਏ, ਟਹਿਕਦੇ ਨੇ ਜਿਵੇਂ ਚੰਨ ਤਾਰੇ ਮੇਰੀ ਸੰਮੀਏ, ਏਦਾਂ ਤੇਰੀ ਚੁੰਨੀ ਦੇ ਸਿਤਾਰੇ ਮੇਰੀ ਸੰਮੀਏ, ਸੰਧੂ ਤੇਰੇ ਉਤੋਂ ਬਲਿਹਾਰ ਮੇਰੀ ਸੰਮੀਏ, ਸੰਮੀ ਮੇਰੀ ਵਾਰ...।

ਪਾਸ਼ ਦੇ ਦੇਹਾਂਤ ਤੋਂ ਤੇਈ ਵਰ੍ਹਿਆਂ ਬਾਅਦ ਸ਼ਮਸ਼ੇਰ ਨੇ ਆਪਣੇ ਯਾਰ ਦੀ ਯਾਦ ਵਿਚ ਜਿਹੜੀ ਕਿਤਾਬ ਲਿਖੀ, ਉਸ ਦਾ ਨਾਂ ਰੱਖਿਆ 'ਇੱਕ ਪਾਸ਼ ਇਹ ਵੀ।' ਉਸ ਦੇ ਮੁੱਖ ਬੰਦ 'ਚ ਲਿਖਿਆ, "ਇਕ ਪਾਸ਼ ਉਹ ਸੀ, ਜੋ ਪੰਜਾਬੀ ਕਵਿਤਾ ਵਿਚ ਇਨਕਲਾਬੀ ਕਵੀ ਜਾਂ ਵਿਦਰੋਹੀ ਸੁਰ ਵਜੋਂ ਉਭਰਿਆ। ਉਸ ਪਾਸ਼ ਦੀਆਂ ਪੁਸਤਕਾਂ ਬਹੁਤ ਪੜ੍ਹੀਆਂ ਗਈਆਂ ਜਿਵੇਂ ਲੋਹ-ਕਥਾ, ਉਡਦੇ ਬਾਜ਼ਾਂ ਮਗਰ, ਸਾਡੇ ਸਮਿਆਂ ਵਿਚ ਆਦਿ ਆਦਿ; ਪਰ ਪਾਸ਼ ਦੀ ਸ਼ਖਸੀਅਤ ਦੇ ਹੋਰ ਵੀ ਬਹੁਤ ਸਾਰੇ ਪਹਿਲੂ ਸਨ। ਉਹਦੇ ਸੁਭਾਅ ਦੀਆਂ ਕਈ ਪਰਤਾਂ ਸਨ। ਉਹ ਹੱਸਦਾ ਵੀ ਸੀ, ਰੋਂਦਾ ਵੀ ਸੀ। ਉਹ ਰੁੱਸਦਾ ਵੀ ਸੀ ਤੇ ਲੜਦਾ ਵੀ ਸੀ। ਉਹ ਸ਼ਰਾਰਤੀ ਵੀ ਸੀ ਤੇ ਸ਼ਰੀਫ ਵੀ। ਉਹ ਇਸ਼ਕ ਨੂੰ ਮਹਾਨ ਮੰਨਦਾ ਸੀ ਤੇ ਪਿਆਰ ਨੂੰ ਵੱਡੀ ਮਾਨਤਾ ਦਿੰਦਾ ਸੀ। ਉਸ ਨੇ ਜੇਲ੍ਹਾਂ ਵੀ ਕੱਟੀਆਂ ਅਤੇ ਜਹਾਜਾਂ 'ਤੇ ਝੂਟੇ ਵੀ ਲਏ। ਉਸ ਨੇ ਕਵਿਤਾਵਾਂ 'ਚ ਬੱਕਰੇ ਬੁਲਾਏ ਤੇ ਬੜੀ ਵਾਰ ਜ਼ਿੰਦਗੀ 'ਚ ਵੀ। ਗੱਲ ਕੀ, ਉਹ ਗੁਣਾਂ ਤੇ ਔਗੁਣਾਂ, ਧੁੱਪਾਂ ਤੇ ਛਾਂਵਾਂ, ਤਰਸੇਵਿਆਂ ਤੇ ਰਜੇਵਿਆਂ ਦਾ ਸੁਮੇਲ ਸੀ। ਇਕ ਆਮ ਮਨੁੱਖ ਵਾਲੇ ਸਾਰੇ ਹੀ ਅੰਸ਼ ਸਨ ਪਾਸ਼ ਵਿਚ।"

ਸ਼ਮਸ਼ੇਰ ਇਹ ਵੀ ਲਿਖਦੈ, "ਪਾਸ਼ ਦੇ ਪਿੰਡ, ਉਸ ਦੇ ਚੁਬਾਰੇ ਵਿਚ ਢੇਰ ਸਾਰੀਆਂ ਹਿੰਦੀ, ਪੰਜਾਬੀ, ਅੰਗਰੇਜ਼ੀ ਦੀਆਂ ਕਿਤਾਬਾਂ ਸਨ। ਸੈਂਕੜੇ ਹੀ ਰਸਾਲੇ ਉਗੜ-ਦੁਗੜ ਪਏ ਰਹਿੰਦੇ ਸਨ। ਢਿਚਕੂੰ-ਢਿਚਕੂੰ ਕਰਦਾ ਇਕ ਮੇਜ਼ ਸੀ। ਚੀਅ-ਚੀਅ ਕਰਦੀ ਇਕ ਕੁਰਸੀ। ਉਥੇ ਇਕ ਹੋਰ ਛੋਟੀ ਜਿਹੀ ਚੀਜ਼ ਸੀ, ਬੜੀ ਕਮਾਲ ਦੀ ਚੀਜ਼! ਉਹ ਸੀ ਐਸ਼-ਟਰੇਅ। ਕੱਚੇ ਘੜੇ ਦੇ ਚੱਪਣ ਨੂੰ ਉਸ ਨੇ ਐਸ਼-ਟਰੇਅ ਵਜੋਂ ਮੇਜ 'ਤੇ ਸਜਾ ਕੇ ਰੱਖਿਆ ਹੁੰਦਾ ਸੀ। ਆਉਂਦੇ-ਜਾਂਦੇ ਸੱਜਣ ਬੀੜੀਆਂ ਸਿਗਰਟਾਂ ਦੇ ਟੋਟੇ ਉਸ ਚੱਪਣ ਵਿਚ ਬੁਝਾ ਦਿੰਦੇ ਸਨ। ਗੇਰੂ-ਰੰਗੇ ਉਸ ਚੱਪਣ 'ਤੇ ਗੁਲਾਈ ਵਿਚ ਕਾਲੀ ਸਿਆਹੀ ਨਾਲ ਮੋਟੇ ਅੱਖਰਾਂ 'ਚ ਇਕ ਫਿਕਰਾ ਲਿਖਿਆ ਹੁੰਦਾ ਸੀ, "ਸਵਾਹ ਮੇਰੇ ਸਿਰ ਵਿਚ ਪਾਓ ਜੀ...।"

19 ਜੁਲਾਈ 1974 ਦੀ ਤਾਰੀਖ ਪਾ ਕੇ ਸ਼ਮਸ਼ੇਰ ਨੂੰ ਲਿਖੀ ਇਕ ਚਿੱਠੀ ਵਿਚ ਪਾਸ਼ ਲਿਖਦੈ, "ਤੇਰੀਆਂ ਕਹਾਣੀਆਂ 'ਉਖੜੇ ਪੈਰ' ਜਾਂ ਜੋ ਵੀ ਤੂੰ ਨਾਂ ਰੱਖਣਾ ਚਾਹੇਂ ਅਤੇ 'ਟਿਮੀ ਨਹੀਂ ਆਈ' ਛੇਤੀ ਛਪਣੀਆਂ ਚਾਹੀਦੀਆਂ ਹਨ, ਭਾਵੇਂ ਕਿਤੇ ਵੀ ਛਪਣ। ਮੇਰੇ ਵਿਚ ਇਨ੍ਹਾਂ ਨੂੰ ਛਪੀਆਂ ਹੋਈਆਂ ਦੇਖਣ ਦੀ ਤੀਬਰ ਲਾਲਸਾ ਹੈ ਤੇ ਵਾਰ ਵਾਰ ਪੜ੍ਹਨ ਦੀ। ਕੇਡੀ ਚੰਗੀ ਗੱਲ ਹੈ ਕਿ ਤੂੰ ਨਿੱਗਰ ਜੀਵਨ ਵਿਚੋਂ ਸਾਧਾਰਨ ਘਟਨਾਵਾਂ ਲੈ ਕੇ ਲਿਖਣ ਲੱਗ ਪਿਆਂ ਏਂ। ਨਕਲੀ ਅਤੇ ਦੰਭ ਭਰੇ




ਜੀਵਨ ਦੀਆਂ ਵਿਸ਼ੇਸ਼ ਘਟਨਾਵਾਂ ਉਤੇ ਲਿਖੇ ਜਾ ਰਹੇ ਸਾਹਿਤ ਨਾਲੋਂ ਇਹ ਉੱਕਾ ਹੀ ਵੱਖਰੀ ਗੱਲ ਹੈ ਤੇ ਵਧੀਆ ਵੀ।"

ਸ਼ਮਸ਼ੇਰ ਤੇ ਗੁਰਚਰਨ ਚਾਹਲ ਭੀਖੀ 'ਕਹਾਣੀਕਾਰ ਯਾਰ' ਸਨ। ਪਾਸ਼ ਦੋਹਾਂ ਦੀਆਂ ਕਹਾਣੀਆਂ 'ਤੇ ਫਿਦਾ ਸੀ। ਉਨ੍ਹੀਂ ਦਿਨੀਂ ਉਸ ਨੇ ਗੁਰਚਰਨ ਚਾਹਲ ਨੂੰ ਵੀ ਚਿੱਠੀ ਲਿਖੀ, "ਚਿਰਾਂ ਤੋਂ ਤੈਨੂੰ ਲਿਖੂੰ ਲਿਖੂੰ ਕਰਦਾ ਸੀ। ਤੂੰ ਮੈਨੂੰ ਜਿਬ੍ਹਾ ਕਰ ਛੱਡਿਆ ਈ। ਯਾਰ, ਮੁਰਗਾਬੀ-ਅੰਬਰੀ ਅੰਡਾ ਤੇ ਗਿਠਮੁਠੀਏ ਪੜ੍ਹਨਾ ਸਾਡੀ ਤਕਦੀਰ ਕਿੱਦਾਂ ਬਣ ਗਈ? ਅਸੀਂ ਤਾਂ ਏਨੇ ਚੰਗੇ ਭਾਗ ਲਿਖਾ ਕੇ ਨਹੀਂ ਸਾਂ ਜੰਮੇ। ਕੰਬਖਤ, ਕਹਾਣੀਆਂ ਵਿਚ ਥੋੜ੍ਹਾ ਰਲਾ ਪਾ ਲਿਆ ਕਰ-ਇਹ ਪਾਠਕਾਂ ਲਈ ਵੀ ਫਾਇਦੇਮੰਦ ਰਹੇਗਾ-ਤੇਰੇ ਲਈ ਵੀ। ਤੇਰੀਆਂ ਕਹਾਣੀਆਂ ਬਿਨਾ ਪਾਣੀਓਂ ਪੀਤੀ ਵਧੀਆ ਦੇਸੀ ਸ਼ਰਾਬ ਵਰਗੀਆਂ ਹੁੰਦੀਆਂ ਹਨ, ਜੋ ਅੰਦਰ ਵਾਢ ਕਰਦੀਆਂ ਜਾਂਦੀਆਂ ਹਨ। ਮੇਰਾ ਭਾਵ ਸਮਝ ਗਿਐਂ ਨਾ? ਏਦਾਂ ਕਰੀਏ ਕਿਸੇ ਦਿਨ ਸ਼ਮਸ਼ੇਰ ਕੋਲ ਇਕੱਠੇ ਹੋਈਏ। ਸਾਰੀ ਰਾਤ ਗੱਲਾਂ ਕਰਾਂਗੇ। ਤੇਰੇ ਕੋਲ ਕਿਸੇ ਨਾਈ, ਮੋਚੀ, ਝੀਰ, ਜੱਟ, ਤਰਖਾਣ, ਵਿਧਵਾ, ਕਵਾਰੀ ਜਾਂ ਨਵ-ਮੁਕਲਾਈ ਦਾ ਪਿਆਰਾ ਜਿਹਾ ਖਤ ਪਿਆ ਹੋਵੇ ਤਾਂ ਸ਼ਮਸ਼ੇਰ ਨੂੰ ਘੱਲ ਦੇਈਂ। ਉਹ ਸੰਕਲਪ ਦਾ 'ਖਤ' ਅੰਕ ਕੱਢ ਰਿਹੈ।"

ਇਹੋ ਜਿਹਾ ਸੀ ਪਾਸ਼ ਦਾ ਕਹਾਣੀਆਂ ਤੇ ਖਤਾਂ ਨਾਲ ਇਸ਼ਕ!

ਪੱਤਰਕਾਰੀ 'ਤੇ ਵਿਅੰਗ ਕਸਦਾ ਸ਼ਮਸ਼ੇਰ ਨੂੰ ਲਿਖਿਆ ਇਕ ਖਤ, ਪੱਤਰਕਾਰਾ, ਅਹਿ ਇੱਕ ਖਬਰ ਲੁਆ ਦੇਈਂ ਅਖਬਾਰ ਵਿਚ,



*ਸ਼ਮਸ਼ੇਰ ਸੰਧੂ*

"ਬੀਤੀ ਰਾਤ ਹਮੇਸ਼ਾ ਵਾਂਗ ਤਾਰੇ ਨਿਕਲੇ ਸਨ। ਲੋਕ ਸੁੱਤੇ ਰਹੇ। ਕੁੱਤੇ ਭੌਂਕਦੇ ਰਹੇ। ਬੱਚੇ ਤ੍ਰਭਕ ਤ੍ਰਭਕ ਉਠਦੇ ਅਤੇ ਮੁੜ ਸੌਂ ਜਾਂਦੇ ਸਨ। ਸਾਡੇ ਪੱਤਰ ਪ੍ਰੇਰਕ ਵੱਲੋਂ ਇਕੱਤਰ ਕੀਤੀ ਸੂਚਨਾ ਅਨੁਸਾਰ ਚੌਕੀਦਾਰਾਂ ਦੇ ਅਵੇਸਲੇਪਣ ਦੇ ਬਾਵਜੂਦ ਸੂਰਜ ਫਿਰ ਆਪਣੇ ਸਮੇਂ 'ਤੇ ਨਿਕਲ ਆਇਆ। ਲੋਕਾਂ 'ਚ ਇਸ ਬਾਰੇ ਕੋਈ ਸਨਸਨੀ ਨਹੀਂ ਫੈਲੀ ਹੋਈ ਤੇ ਸਰਕਾਰ ਇਸ ਸਬੰਧੀ ਕੁਝ ਨਾ ਕਰੇ।"

ਪਾਸ਼ ਵਲੋਂ ਸ਼ਮਸ਼ੇਰ ਨੂੰ ਲਿਖੀਆਂ ਚਿੱਠੀਆਂ ਦੇ ਕੁਝ ਅੰਸ਼ ਹੋਰ ਪੜ੍ਹੋ, "ਪਿਆਰੇ ਸ਼ੰਮੀ,...ਮਾਹਿਰ ਜੀ (ਪ੍ਰੋ. ਮੋਹਨ ਸਿੰਘ) ਦੇ ਵਿਛੜਨ ਦਾ ਦੁੱਖ ਤਾਂ ਨਹੀਂ ਹੈ। ਪਰ ਮੈਨੂੰ ਸ਼ਿਵ ਕੁਮਾਰ ਦੇ ਅਕਾਲ ਚਲਾਣੇ ਨਾਲੋਂ ਮਾਹਿਰ ਜੀ ਵਾਰੀ ਵੱਧ ਮਹਿਸੂਸ ਜਿਹਾ ਹੋਇਐ ਜਿਵੇਂ ਪੰਜਾਬ ਵਿਚ ਕੋਈ ਲਗਭਗ ਵਾਰਿਸ ਸ਼ਾਹ ਜਿੰਨਾ ਪ੍ਰਵਾਨਤ ਬੰਦਾ ਹੋ ਕੇ ਤੁਰ ਗਿਆ ਹੋਵੇ। ਮੋਹਨ ਸਿੰਘ ਨੂੰ ਕਵਿਤਾ ਦਾ ਬੋਧ ਤਾਂ ਹੈ ਸੀ-ਲਿਖੀ ਹੋਵੇ ਭਾਵੇਂ ਨਾ। ਇਨਾਮਾਂ ਵਾਂਗ ਹੀ ਹੁਣ ਆਮ-ਖਾਸ ਝਾਕ ਜਿਹੀ ਜਾਗਦੀ ਹੈ ਕਿ ਕਿਸੇ ਦਿਨ ਅੰਮ੍ਰਿਤਾ ਪ੍ਰੀਤਮ...ਜਾਂ ਘੱਟੋ-ਘੱਟ ਅਮਿਤੋਜ ਭਾ ਜੀ ਹੀ ਤੁਰ ਜਾਣ। ਅਜੀਬ ਸ਼ੁਗਲ ਜਿਹਾ ਬਣਿਆ ਰਹੇਗਾ।"

"ਭਾਵੇਂ ਮੈਂ ਵਿਹਲਾ ਨਹੀਂ ਫਿਰ ਵੀ ਦੋ ਦਿਨ ਲਈ ਕੀ ਆਪਾਂ ਮਦਾਰੇ ਨਹੀਂ ਮਿਲ ਸਕਦੇ? ਦਰਿਆ ਕੰਢੇ ਬੈਠ ਕੇ ਗੱਲਾਂ ਕਰਾਂਗੇ, ਚੁਗਲੀਆਂ ਵੀ। ਤੂੰ ਤਾਰੀਖ ਨਿਯਤ ਕਰ। ਮੈਂ ਦਰਿਆ ਟੱਪ ਕੇ ਪਰਲੇ ਪਾਰ ਆ ਜਾਊਂਗਾ।"

"ਮੈਨੂੰ ਵਿੱਗ ਜਲਦੀ ਮੰਗਵਾ ਦਿਓ। ਵਾਲ ਤੇਜ਼ੀ ਨਾਲ ਝੜ ਰਹੇ ਨੇ। ਵਿੱਗ ਬਾਰੇ ਪੱਪੂ ਨੂੰ ਯਾਦ ਕਰਾਉਂਦੇ ਰਹੋ।"

"ਤੂੰ ਨਵੀਂ ਕਹਾਣੀ ਲਿਖੀ ਹੈ। ਮੇਰੇ ਲਈ ਖੁਸ਼ਖਬਰੀ ਹੈ, ਪਰ ਮੈਂ ਗੱਜਵੱਜ ਕੇ ਐਲਾਨ ਕਰਦਾ ਹਾਂ ਕਿ ਪਿਛਲੇ ਕਈ ਮਹੀਨਿਆਂ ਤੋਂ ਕੁਝ ਨਹੀਂ ਲਿਖਿਆ।"

"ਜੇ ਤੂੰ ਭੁਰਿਆ-ਖੁਰਿਆ ਮਹਿਸੂਸ ਕਰਦਾ ਏਂ ਤਾਂ ਏਥੇ ਬਚਿਆ ਕੌਣ ਏ? ਬੱਸ ਪਰਦੇ ਹੀ ਹੁੰਦੇ ਹਨ। ਇਹ ਸਾਲੀ ਗਿਆਨਤਾ ਹੈ ਈ ਬੜੀ ਮਾਰੂ ਸ਼ੈਅ!"

"ਤੇਰੇ ਪਿੰਡ ਬਿਜਲੀ ਆ ਗਈ। ਇਸ ਗੱਲ ਦੀ ਵਧਾਈ। ਚਲ ਮਦਾਰਪੁਰੇ ਵੀ ਲਾਟੂ ਜਗਦੇ ਦਿਸਣਗੇ ਟਿੱਬਿਆਂ 'ਚ।"

"ਅਕਸ ਵਿਚ ਜੱਗੇ ਜੱਟ ਦੇ ਜਾਂਘੀਏ ਵਾਲੀ ਕਵਿਤਾ ਵਿਚ ਤੂੰ ਜੋ ਦਰੁਸਤੀ ਕੀਤੀ ਸੀ, ਉਸ ਦੀ ਆਖਰੀ ਸਤਰ ਮੈਨੂੰ ਯਾਦ ਨਹੀਂ ਰਹੀ ਸੀ। ਇਸ ਲਈ ਮੈਂ ਕਿਹਾ ਚਲੋ ਕਿਤਾਬ ਛਾਪਣ ਵੇਲੇ ਠੀਕ ਕਰ ਲਵਾਂਗੇ। ਹੁਣ, ਦਰਅਸਲ ਅਮਰਜੀਤ ਡਾਢਾ ਖਹਿੜੇ ਪਿਆ ਹੋਇਆ ਸੀ, ਅਕਸ ਵਾਸਤੇ। ਉਹਦਾ ਘਰ ਵੀ ਪੂਰਾ ਕਰਨਾ ਸੀ।"

"ਵੈਸੇ ਯਾਰ, ਕਿੱਡੀ ਬਦਕਿਸਮਤੀ ਹੁੰਦੀ ਹੈ ਕਿ ਬੰਦੇ ਨੂੰ ਕਿੰਨਾ ਕੁਝ ਬਲੀ ਚੜ੍ਹਾ ਕੇ ਮਿਲਦਾ ਕੀ ਹੈ, ਇਕ ਨਾਵਲ, ਕਵਿਤਾ ਜਾਂ ਕਹਾਣੀ। ਵੱਸ 'ਚ ਹੋਵੇ ਤਾਂ ਸਭ ਨਾਵਲਾਂ, ਕਵਿਤਾਵਾਂ, ਕਹਾਣੀਆਂ ਨੂੰ ਬਲੀ ਚੜ੍ਹਾ ਦਿਆਂ ਜਾਂ ਆਪ ਇਨ੍ਹਾਂ ਦੀ ਬਲੀ...ਉਫ!"

ਅੱਛਾ, ਰੱਬ ਰਾਖਾ-ਪਾਸ਼

---

ਦੇਸ਼ ਵਿਦੇਸ਼ ਦੀਆਂ ਸੈਂਕੜੇ ਕਿਤਾਬਾਂ ਪੜ੍ਹਨ ਵਾਲਾ ਗੰਭੀਰ ਪਾਠਕ ਗੁਰਦਿਆਲ ਬੱਲ, ਜੋ ਸ਼ਮਸ਼ੇਰ ਸੰਧੂ ਨਾਲ ਸਾਲਾਂ ਬੱਧੀ 'ਪੰਜਾਬੀ ਟ੍ਰਿਬਿਊਨ' ਵਿਚ ਪੱਤਰਕਾਰੀ ਕਰਦਾ ਰਿਹਾ, ਸਵਾਲ ਕਰਦਾ ਹੈ ਕਿ ਪਾਸ਼ ਤੇ ਸ਼ਮਸ਼ੇਰ ਦੀ ਯਾਰੀ ਕਿਸ ਐਕਸਿਜ਼ 'ਤੇ ਪਈ ਹੋਵੇਗੀ? ਪਾਸ਼ ਦੇ ਮੂਲ ਸਰੋਕਾਰ ਰਾਜਸੀ ਤੇ ਸਮਾਜਕ ਸਨ ਜਦੋਂ ਕਿ ਇਨ੍ਹਾਂ ਦੋਹਾਂ ਅਯਾਮਾਂ ਦੀ ਰਤਾ ਮਾਸਾ ਵੀ ਭਿਣਕ ਸ਼ਮਸ਼ੇਰ ਦੇ ਗੀਤਾਂ ਜਾਂ 'ਭੂਆ ਖਤਮ ਕੌਰ' ਵਰਗੀ ਸ਼ਮਸ਼ੇਰ ਦੀ ਜਵਾਨੀ ਵਾਰੇ ਦੀ 'ਸ਼ਾਹਕਾਰ' ਕਹਾਣੀ ਅੰਦਰ ਕਿਧਰੇ ਵੀ ਮਾਲੂਮ ਨਹੀਂ ਹੁੰਦੀ। ਫਿਰ ਆਪ ਹੀ ਜਵਾਬ ਦਿੰਦਾ ਕਹਿੰਦਾ ਹੈ ਕਿ ਪਾਸ਼ ਨੂੰ ਸ਼ਮਸ਼ੇਰ, ਉਸ ਦੀ ਪਿੰਡਾਂ ਪ੍ਰਤੀ ਮੁਹੱਬਤ ਦੀ ਸ਼ਿਦਤ ਕਰਕੇ ਅਤੇ ਜ਼ਿੰਦਗੀ ਦੇ ਅਸੀਮ ਸੁਹੱਪਣ ਨਾਲ ਮੋਹ ਕਰਕੇ ਚੰਗਾ ਲੱਗਦਾ ਸੀ। ਪਾਸ਼ ਨੂੰ ਵੀ ਆਪਣੇ ਪਿੰਡ ਨਾਲ ਅੰਤਾਂ ਦਾ ਮੋਹ ਸੀ। ਉਹਦੇ ਵਿਚੋਂ ਹੀ ਉਸ ਦੀ ਕਿਤਾਬ ਦਾ ਨਾਂ ਨਿਕਲਿਆ, 'ਤਲਵੰਡੀ ਸਲੇਮ ਨੂੰ ਜਾਂਦੀ ਸੜਕ।' ਸ਼ਮਸ਼ੇਰ ਨੂੰ ਵੀ ਆਪਣੇ 'ਚਿੜੀ ਦੇ ਪੌਂਚੇ' ਜਿੱਡੇ ਪਿੰਡ ਮਦਾਰਪੁਰੇ ਨਾਲ ਓਨਾ ਹੀ ਮੋਹ ਹੈ। ਮਦਾਰਪੁਰਾ ਉਹਦੇ ਗੀਤਾਂ ਵਿਚ ਇਕ ਵਾਰ ਨਹੀਂ, ਦਸ ਵੀਹ ਵਾਰ ਨਹੀਂ, ਬਲਕਿ ਸੈਂਕੜੇ ਵਾਰ ਆਇਆ ਤੇ ਹਜ਼ਾਰਾਂ ਲੱਖਾਂ ਵਾਰ ਗਾਇਆ ਗਿਆ।

ਕੀ ਕਿਹਾ ਜਾਵੇ ਇਨਕਲਾਬੀ ਕਵੀ ਪਾਸ਼ ਤੇ ਰੁਮਾਂਟਿਕ ਗੀਤਕਾਰ ਸ਼ਮਸ਼ੇਰ ਦੀ ਯਾਰੀ ਬਾਰੇ?

## ਪਾਸ਼ ਦੀਆਂ ਕੁਝ ਕਵਿਤਾਵਾਂ

### ਉਡਦਿਆਂ ਬਾਜ਼ਾਂ ਮਗਰ

ਉਡ ਗਏ ਨੇ ਬਾਜ਼ ਚੁੰਝਾਂ 'ਚ ਲੈ ਕੇ
ਸਾਡੀ ਚੈਨ ਦਾ ਇਕ ਪਲ
ਬਿਤਾ ਸਕਣ ਦੀ ਖ਼ਾਹਸ਼
ਦੋਸਤੋ ਹੁਣ ਚੱਲਿਆ ਜਾਵੇ
ਉਡਦਿਆਂ ਬਾਜ਼ਾਂ ਮਗਰ...

ਏਥੇ ਤਾਂ ਪਤਾ ਨਹੀਂ ਕਦੋਂ ਆ ਧਮਕਣ
ਲਾਲ-ਪਗੜੀਆਂ ਵਾਲੇ ਆਲੋਚਕ
ਤੇ ਸ਼ੁਰੂ ਕਰ ਦੇਣ
ਕਵਿਤਾ ਦੀ ਦਾਦ ਦੇਣੀ
ਏਸ ਤੋਂ ਪਹਿਲਾਂ ਕਿ ਪਸਰ ਜਾਏ
ਥਾਣੇ ਦੀ ਨਿੱਤ ਫੈਲਦੀ ਇਮਾਰਤ
ਤੁਹਾਡੇ ਪਿੰਡ, ਤੁਹਾਡੇ ਟੱਬਰ ਤੀਕ
ਤੇ ਨੱਥੀ ਹੋ ਜਾਏ
ਸਵੈਮਾਨ ਦਾ ਕੰਬਦਾ ਹੋਇਆ ਵਰਕਾ
ਉਸ ਕਿਰਚ-ਮੂੰਹੇਂ ਮੁਨਸ਼ੀ ਦੇ
ਰੋਜ਼ਨਾਮਚੇ ਵਿਚ ਦੋਸਤੋ
ਹੁਣ ਚੱਲਿਆ ਜਾਵੇ
ਉਡਦਿਆਂ ਬਾਜ਼ਾਂ ਮਗਰ...

ਇਹ ਤਾਂ ਸਾਰੀ ਉਮਰ ਨਹੀਂ ਲੱਥਣਾ
ਭੈਣਾਂ ਦੇ ਵਿਆਹਾਂ ਤੇ ਚੁੱਕਿਆ ਕਰਜ਼ਾ,
ਪੈਲੀਆਂ ਵਿਚ ਛਿੜਕੇ ਲਹੂ ਦਾ
ਹਰ ਕਤਰਾ ਵੀ ਇਕੱਠਾ ਕਰਕੇ
ਏਨਾ ਰੰਗ ਨਹੀਂ ਬਣਨਾ,
ਕਿ ਚਿਤਰ ਲਵਾਂਗੇ , ਇਕ ਸ਼ਾਂਤ
ਮੁਸਕਰਾਉਂਦੇ ਹੋਏ ਜਣੇ ਦਾ ਚਿਹਰਾ
ਅਤੇ ਹੋਰ
ਕਿ ਜ਼ਿੰਦਗੀ ਦੀਆਂ
ਪੂਰੀਆਂ ਰਾਤਾਂ ਵੀ ਗਿਣੀ ਚੱਲੀਏ
ਤਾਰਿਆਂ ਦੀ ਗਿਣਤੀ ਨਹੀਂ ਹੋਣੀ
ਕਿਉਂਕਿ ਹੋ ਨਹੀਂ ਸਕਣਾ ਇਹ ਸਭ
ਫਿਰ ਦੋਸਤੋ, ਹੁਣ ਚਲਿਆ ਜਾਵੇ
ਉਡਦਿਆਂ ਬਾਜ਼ਾਂ ਮਗਰ...

ਜੇ ਤੁਸੀਂ ਮਾਣੀ ਹੋਵੇ
ਗੰਡ 'ਚ ਜਮਦੇ ਤੱਤੇ ਗੁੜ ਦੀ ਮਹਿਕ
ਅਤੇ ਤੱਕਿਆ ਹੋਵੇ
ਸੁਹਾਗੀ ਹੋਈ ਵੱਤਰ ਭੋਂ ਦਾ
ਚੰਨ ਦੀ ਚਾਨਣੀ 'ਚ ਚਮਕਣਾ
ਤਾਂ ਤੁਸੀਂ ਸਭ ਜ਼ਰੂਰ ਕੋਈ ਚਾਰਾ ਕਰੋ
ਹਾਬੜੀ ਹੋਈ ਵੋਟ ਦੀ ਉਸ ਪਰਚੀ ਦਾ
ਜੋ ਲਾਲ੍ਹਾਂ ਸੱਟ ਰਹੀ ਹੈ
ਸਾਡਿਆਂ ਖੂਹਾਂ ਦੀ ਹਰਿਆਵਲ ਤੇ।
ਜਿਨ੍ਹਾਂ ਨੇ ਤੱਕੀਆਂ ਹਨ
ਕੋਠਿਆਂ 'ਤੇ ਸੁੱਕਦੀਆਂ ਸੁਨਹਿਰੀ ਛੱਲੀਆਂ
ਤੇ ਨਹੀਂ ਤੱਕੇ ਮੰਡੀ 'ਚ ਸੁਕਦੇ ਭਾਅ
ਉਹ ਕਦੇ ਨਹੀਂ ਸਮਝ ਸਕਣ ਲੱਗੇ
ਕਿ ਕਿਵੇਂ ਦੁਸ਼ਮਣੀ ਹੈ
ਦਿੱਲੀ ਦੀ ਉਸ ਹੁਕਮਰਾਨ ਔਰਤ ਦੀ
ਉਸ ਪੈਰੋਂ ਨੰਗੀ ਪਿੰਡ ਦੀ ਸੋਹਣੀ ਕੁੜੀ ਨਾਲ।
ਸੁਰੰਗ ਵਰਗੀ ਜ਼ਿੰਦਗੀ 'ਚ ਤੁਰਦੇ ਹੋਏ
ਜਦ ਪਰਤ ਆਉਂਦੀ ਹੈ
ਆਪਣੀ ਆਵਾਜ਼ ਮੁੜ ਆਪਣੇ ਹੀ ਪਾਸ
ਤੇ ਅੱਖਾਂ 'ਚ ਰੜਕਦੇ ਰਹਿੰਦੇ
ਬੁੱਢੇ ਬਲਦ ਦੇ ਉਚੜੇ ਹੋਏ ਕੰਨ੍ਹ ਵਰਗੇ ਸੁਫ਼ਨੇ
ਜਦ ਚਿਮਟ ਜਾਵੇ ਗਲੀਆਂ ਦਾ ਚਿੱਕੜ
ਉਮਰ ਦੇ ਸਭ ਤੋਂ ਹੁਸੀਨ ਵਰ੍ਹਿਆਂ ਤੇ
ਤਾਂ ਕਰਨ ਨੂੰ ਬਸ ਏਹੋ ਬਚਦਾ ਹੈ
ਕਿ ਚੱਲਿਆ ਜਾਵੇ ਉਡਦਿਆਂ ਬਾਜ਼ਾਂ ਮਗਰ...।

---

### ਇੰਜ ਹੀ ਸਹੀ

ਅਸੀਂ ਬਕਰੇ ਬੁਲਾਉਂਦੇ
ਉਨ੍ਹਾਂ ਨੂੰ ਚੰਗੇ ਨਹੀਂ ਲਗਦੇ
ਚਲੋ ਇੰਜ ਹੀ ਸਹੀ
ਉਹ ਤਾਂ ਬਸ ਸ਼ੁਗਲ ਫਰਮਾਉਂਦੇ ਰਹੇ
ਵੈਣ ਸੁਣਦੇ ਆਏ, ਦਾਦ ਦਿੰਦੇ ਰਹੇ...।

ਜ਼ਿੰਦਗੀ ਜੇ ਕਵਿਤਾ ਜਹੀ ਹੁੰਦੀ
ਅਸੀਂ ਖਾਮੋਸ਼ ਹੀ ਰਹਿੰਦੇ
ਸੁਫਨੇ ਜੇ ਪੱਥਰ ਦੇ ਹੁੰਦੇ
ਗੀਟਿਆਂ ਸੰਗ ਹੀ ਪਰਚ ਛੱਡਦੇ
ਪਾਣੀ ਨਾਲ ਜੇ ਢਿੱਡ ਭਰ ਸਕਦਾ
ਤਾਂ ਪੀ ਕੇ ਸੌਂ ਰਹਿੰਦੇ
ਚਾਂਦਨੀ ਜੇ ਓੜ੍ਹੀ ਜਾ ਸਕਦੀ
ਸਿਊਂ ਕੇ ਪਾ ਲੈਂਦੇ...।

ਏਥੇ ਪਰ ਕੁੱਝ ਨਹੀਂ ਦਿਸਦਾ
ਅਮਨ ਦੀਆਂ ਘੁੱਗੀਆਂ ਵਰਗਾ
ਗੀਤਾਂ ਦੇ ਦਰਖਤ ਨਹੀਂ ਲੱਭਦੇ
ਜਿਨ੍ਹਾਂ ਸੰਗ ਪੀਂਘ ਪਾ ਲਈਏ...।

ਅਸੀਂ ਤਾਂ ਖੋਹਣੀ ਹੈ
ਆਪਣੀ ਚੋਰੀ ਹੋਈ ਰਾਤਾਂ ਦੀ ਨੀਂਦ
ਅਸੀਂ ਟੋਹਣਾ ਹੈ ਜ਼ੋਰ
ਖੂਨ-ਲਿਬੜੇ ਹੱਥਾਂ ਦਾ
ਉਨ੍ਹਾਂ ਨੂੰ ਭਲੇ ਲੱਗਣ ਲਈ
ਅਸੀਂ ਹੁਣ ਵੈਣ ਨਹੀਂ ਪਾਉਂਣੇ...।

---

### ਜੇਲ੍ਹ

ਉਨ੍ਹਾਂ ਨੂੰ ਰਿਹਾ ਇਕ ਭੁਲੇਖਾ
ਕਿ ਜਿੰਦਰੇ 'ਚ ਡੱਕ ਦੇਣਗੇ
ਗੁਸਤਾਖ ਪਲਾਂ ਦੀ ਬੇ-ਜਿਸਮ ਹੋਂਦ
ਕੰਧਾਂ ਉਸਾਰ ਦੇਣਗੇ ਸੜਕਾਂ ਦੀ ਹਿੱਕ 'ਤੇ
ਰੋਸ਼ਨੀ ਦੇ ਕਈ ਵਰ੍ਹੇ ਬੱਦਲਾਂ ਦੇ
ਨਾਲ ਨਾਲ ਤੁਰੇ
ਰੁੱਤ ਮਗਰੋਂ ਰੁੱਤ ਨੂੰ ਕੋਈ ਰੋਕ ਨਾ ਸਕਿਆ
ਸਿਰਫ ਛੱਤਾਂ 'ਤੇ ਝੂਲਦਾ ਰਿਹਾ
ਝੋਰਾ ਉਨ੍ਹਾਂ ਪਲਾਂ ਦਾ
'ਜਿਨ੍ਹਾਂ ਤੀਰਾਂ ਦੀਆਂ ਨੋਕਾਂ 'ਤੇ ਪਲਣਾ ਸੀ।'

# ਜਲ੍ਹਿਆਂਵਾਲੇ ਬਾਗ ਦਾ ਸਾਕਾ ਅਤੇ ਸ਼ਹੀਦ ਊਧਮ ਸਿੰਘ

ਪੰਜਾਬ ਵਿਚ 13 ਅਪਰੈਲ 1919 ਨੂੰ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਸ਼ਹਿਰ ਦੇ ਜਲ੍ਹਿਆਂਵਾਲੇ ਬਾਗ ਵਾਲਾ ਖੂਨੀ ਸਾਕਾ ਹਿੰਦੋਸਤਾਨ ਵਿਚ ਬੇਦਰਦੀ ਨਾਲ ਸਦੀਆਂ ਤੋਂ ਕੀਤੀ ਜਾਂਦੀ ਲੁੱਟ-ਖਸੁੱਟ ਨੂੰ ਹੋਰ ਅੱਗੇ ਜਾਰੀ ਰੱਖਣ ਅਤੇ ਲੋਕਾਂ ਦੇ ਦਿਲਾਂ 'ਤੇ ਡੂੰਘੀ ਮਾਰੂ ਛਾਪ ਛੱਡਣ ਲਈ ਕੀਤਾ ਗਿਆ। ਇਹ ਦਰਦਨਾਕ, ਗਿਣਿਆ-ਮਿਥਿਆ ਡਰਾਉਣਾ ਕਾਂਡ ਸੀ, ਜਿਸ ਵਿਚ ਹਰ ਮਜ਼ਹਬ ਦੇ ਬਜੁਰਗਾਂ ਤੋਂ ਲੈ ਕੇ ਨਵਜੰਮੇ ਬੱਚਿਆਂ ਦਾ ਘਾਣ ਕੀਤਾ ਗਿਆ। ਪੰਜਾਬੀ-ਹਿੰਦੋਸਤਾਨੀ ਕੀ, ਦੁਨੀਆਂ ਭਰ ਦੇ ਬੁਧੀਜੀਵੀਆਂ ਅਤੇ ਕੌਮੀ ਅਖਬਾਰਾਂ ਨੇ ਇਸ ਨੂੰ ਬ੍ਰਿਟਿਸ਼ ਸਰਕਾਰ ਦਾ ਵਹਿਸ਼ੀ ਕਾਰਨਾਮਾ ਦੱਸਿਆ ਅਤੇ ਇਸ ਦੀ ਪੁਰਜ਼ੋਰ ਨਿਖੇਧੀ ਕੀਤੀ।




ਕਿਰਪਾਲ ਸਿੰਘ ਸੰਧੂ
ਫੋਨ: 559-259-4844

ਬਹੁ-ਰੁੱਤਾ ਮੌਸਮ ਖੇਤੀ ਅਨੁਕੂਲ ਹੋਣ ਕਰਕੇ ਪੰਜਾਬ ਖੇਤੀ ਪ੍ਰਧਾਨ ਸੂਬੇ ਵਜੋਂ ਜਾਣਿਆ ਜਾਂਦਾ ਹੈ। ਇਸ ਨਾਲ ਮੌਸਮੀ ਤਿਉਹਾਰ ਵੀ ਜੁੜੇ ਹੋਏ ਹਨ। ਇਨ੍ਹਾਂ ਵਿਚੋਂ ਇਕ ਹੈ, ਵਿਸਾਖ ਮਹੀਨੇ ਦੀ ਪਹਿਲੀ ਤਾਰੀਖ ਵਾਲਾ ਦਿਨ ਜੋ ਵਿਸਾਖੀ ਕਹਿ ਕੇ ਮਨਾਇਆ ਜਾਂਦਾ ਹੈ। ਇਸ ਦੀ ਖਾਸ ਮਹੱਤਤਾ ਇਹ ਵੀ ਹੈ ਕਿ ਜਿਥੇ ਛਾਂਦਾਰ, ਫਲਦਾਰ ਤੇ ਵੇਲ-ਬੂਟਿਆਂ ਨੂੰ ਨਵੀਆਂ ਪੱਤੀਆਂ ਤੇ ਫੁੱਲ, ਫਿਰ ਫਲੀਆਂ ਦੀਆਂ ਡੋਡੀਆਂ ਵਿਚ ਤਬਦੀਲ ਹੋਣ ਲੱਗਦੇ ਹਨ, ਉਥੇ ਮੁੱਖ ਫਸਲ ਕਣਕ, ਜੌਂ, ਛੋਲੇ ਤੇ ਦਾਲਾਂ ਪੱਕ ਕੇ ਤਿਆਰ ਹੋਈਆਂ ਦੀ ਸਾਂਭ ਸੰਭਾਲ ਕਰ ਪੰਜਾਬੀ ਮੇਲਿਆਂ ਦੀ ਸ਼ਕਲ ਵਿਚ ਇਸ ਦਿਨ ਖੁਸ਼ੀ ਮਨਾਉਂਦੇ ਹਨ।

ਮਨੂਵਾਦ ਦੇ ਫਲਸਫੇ ਅਨੁਸਾਰ ਜਾਤ ਪਾਤ, ਛੂਤ-ਛਾਤ ਤੋਂ ਜਨਮੀ ਅਮੀਰੀ-ਗਰੀਬੀ ਨੇ ਹਿੰਦੋਸਤਾਨ ਦੀ ਘੁੱਗ ਵਸਦੀ ਜਨਤਾ ਨੂੰ ਬਰਬਾਦੀ ਦੇ ਕੰਢੇ ਖੜ੍ਹਾ ਕਰ ਦਿਤਾ। ਇਸ ਕੋਹੜ ਤੋਂ ਨਿਜਾਤ ਦਿਵਾਉਣ ਲਈ ਸਮੇਂ-ਸਮੇਂ ਸੂਫੀ, ਸੰਤ ਅਤੇ ਕਵੀ ਅਵਾਜ਼ ਬੁਲੰਦ ਕਰਦੇ ਰਹੇ। ਪੰਦਰਵੀਂ ਸਦੀ ਵਿਚ ਬਾਬੇ ਨਾਨਕ ਨੇ ਪੈਦਲ ਚਲ ਕੇ ਸਾਰੇ ਭਾਰਤ ਤੱਕ ਪਹੁੰਚ ਕਰਕੇ ਲੋਕਾਈ ਨੂੰ ਇਸ ਕੋਹੜ ਅਤੇ ਅੰਧਵਿਸ਼ਵਾਸ ਵਿਚੋਂ ਬਾਹਰ ਕੱਢਣ ਲਈ ਬਾਦਲੀਲ ਪ੍ਰਚਾਰ ਕੀਤਾ। ਅਗਾਂਹ ਇਸ ਕਾਰਜ ਨੂੰ ਸਿਰੇ ਤਕ ਪਹੁੰਚਾਉਣ ਲਈ ਆਪਣਾ ਜਾਂਨਸ਼ੀਨ ਗੁਰੂ ਦੇ ਰੂਪ ਵਿਚ ਥਾਪਿਆ। ਇਹ ਸਿਲਸਿਲਾ ਚਲਦਾ ਰਿਹਾ। ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਨੇ 1699 ਦੀ 13 ਅਪਰੈਲ ਨੂੰ ਵਿਸਾਖੀ ਵਾਲੇ ਦਿਨ ਸਾਰੇ ਭਾਰਤ ਵਿਚੋਂ ਸੱਦਾ-ਪੱਤਰ ਭੇਜ ਕੇ ਭਾਰੀ ਇਕੱਠ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਕਰ ਕੇ ਖਾਲਸਾ ਪੰਥ ਦੀ ਸਾਜਨਾ ਕੀਤੀ ਜੋ ਜਾਤ-ਪਾਤ, ਛੂਆ-ਛਾਤ ਤੇ ਊਚ-ਨੀਚ ਵਰਗੀਆਂ ਬਿਮਾਰੀਆਂ ਤੋਂ ਰਹਿਤ ਸੀ। ਇਸ ਪਿੱਛੇ ਮੰਤਵ ਇਹ ਸੀ ਕਿ ਸਮੇਂ ਦੇ ਹਾਕਮਾਂ ਤੋਂ ਹੱਕ ਹਾਸਲ ਕਰਨ ਅਤੇ ਬੇਇਨਸਾਫੀ ਖਿਲਾਫ ਜੇ ਜੰਗ ਵੀ ਲੜਨੀ ਪਵੇ ਤਾਂ ਲੜੀ ਜਾਵੇ। ਇਨ੍ਹਾਂ ਅਸੂਲਾਂ 'ਤੇ ਪਹਿਰਾ ਦਿੰਦਿਆਂ ਜੇ ਸੀਸ ਕੁਰਬਾਨੀ ਦੀ ਪੇਸ਼ ਕਰਨਾ ਪਵੇ, ਉਹ ਵੀ ਖਿੜੇ ਮੱਥੇ ਭੇਟ ਕੀਤਾ ਜਾਵੇ। ਇਤਿਹਾਸ ਗਵਾਹ ਹੈ ਕਿ ਇਸ ਦੇ ਦੂਰ-ਰਸ ਨਤੀਜੇ ਨਿਕਲੇ ਤੇ ਇਨ੍ਹਾਂ ਨੇ ਹਿੰਦੋਸਤਾਨ ਦੀ ਕਿਸਮਤ ਪਲਟ ਕੇ ਰੱਖ ਦਿੱਤੀ।

ਜਲ੍ਹਿਆਂਵਾਲੇ ਬਾਗ ਦੇ ਇਤਿਹਾਸਕ ਪਿਛੋਕੜ ਦਾ ਜ਼ਿਕਰ ਜ਼ਰੂਰੀ ਹੈ। ਦੋਆਬੇ ਦੇ ਮਸ਼ਹੂਰ ਕਸਬੇ ਮਾਹਿਲਪੁਰ ਦੇ ਨਜ਼ਦੀਕ ਛੋਟਾ ਪਿੰਡ ਹੈ, ਜੱਲ੍ਹਾ। ਬੈਂਸ ਗੋਤ ਵਾਲੇ ਪਰਿਵਾਰ ਦਾ ਹੋਣਹਾਰ, ਤਾਕਤਵਰ ਅਤੇ ਧਾਰਮਿਕ ਬਿਰਤੀ ਵਾਲਾ ਨੌਜਵਾਨ ਸ. ਹਿੰਮਤ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਭਰਤੀ ਹੋ ਗਿਆ। ਆਪਣੀ ਸੂਝ-ਬੂਝ ਤੇ ਬਹਾਦਰੀ ਸਦਕਾ ਉਹ ਜਲਦੀ ਹੀ ਫੌਜੀ ਟੁਕੜੀ ਦਾ ਸਰਦਾਰ ਬਣਾ ਦਿੱਤਾ ਗਿਆ। ਉਸ ਨੇ ਸ੍ਰੀ ਹਰਿਮੰਦਰ ਸਾਹਿਬ ਸੀਸ ਨਿਵਾ ਕੇ ਲੰਗਰ ਛਕ ਕੇ ਆਰਾਮ ਕਰਨ ਲਈ ਸ੍ਰੀ ਦਰਬਾਰ ਸਾਹਿਬ ਨਜ਼ਦੀਕ ਜਮੀਨ ਦੇ ਛੋਟੇ ਜਿਹੇ ਟੁਕੜੇ 'ਤੇ ਬਾਗ ਅਤੇ ਬੂਟਿਆਂ ਨੂੰ ਪਾਣੀ ਦੇਣ ਲਈ ਖੂਹ ਲਵਾਇਆ। ਇਹ ਬਾਗ ਪਿੰਡ ਜੱਲ੍ਹਾ ਦੇ ਨਾਂ 'ਤੇ ਜਲ੍ਹਿਆਂਵਾਲੇ ਬਾਗ ਨਾਲ ਮਸ਼ਹੂਰ ਹੋਇਆ।

ਕਸਬਾ ਆਦਮਪੁਰ ਦੇ ਲਹਿੰਦੇ ਪਾਸੇ ਕੋਈ ਚਾਰ ਮੀਲ ਦੀ ਦੂਰੀ 'ਤੇ ਕਸਬਾ ਅਲਾਵਲਪੁਰ ਹੈ। ਇਹ ਦੋਵੇਂ ਕਸਬੇ ਕਿਸੇ ਵੇਲੇ ਦੋ ਸਕੇ ਪਠਾਣ ਭਰਾਵਾਂ-ਆਦਮ ਖਾਂ ਤੇ ਅਲਾਵਲ ਖਾਨ ਨੇ ਵਸਾਏ ਸਨ। ਹਿੰਦੂ ਆਬਾਦੀ, ਮੁਸਲਿਮ ਆਬਾਦੀ ਨਾਲੋਂ ਘੱਟ ਸੀ। ਅਲਾਵਲ ਖਾਂ ਨੇ ਅਲਾਵਲਪੁਰ ਵਿਚ ਕਿਲ੍ਹਾ ਵੀ ਬਣਾਇਆ, ਜਿਸ ਵਿਚ ਉਸ ਨੇ ਰਿਹਾਇਸ਼ ਰੱਖੀ। ਅਲਾਵਲਪੁਰ ਅਤੇ ਆਲੇ ਦੁਆਲੇ ਦੇ ਪਿੰਡਾਂ ਵਿਚ ਮੁਸਲਿਮ ਆਬਾਦੀ ਆਪਣੇ ਤਿਉਹਾਰ ਤਾਜੀਏ ਅਲਾਵਲਪੁਰ ਵਿਚ ਮਨਾਉਂਦੀ ਸੀ। ਇਕ ਵਾਰ ਜਦੋਂ ਜਲੂਸ ਕੱਢਿਆ ਜਾ ਰਿਹਾ ਸੀ, ਕੁਦਰਤੀ ਸਾਨ੍ਹ ਅੱਗੇ ਆ ਗਿਆ। ਇਸ ਨੂੰ ਬਦਸ਼ਗਨੀ ਮੰਨਦਿਆਂ ਮੁਸਲਮਾਨ ਨੌਜਵਾਨ ਮੁੰਡਿਆਂ ਨੇ ਬਰਛੇ ਮਾਰ-ਮਾਰ ਸਾਨ੍ਹ ਮਾਰ ਦਿੱਤਾ। ਹਿੰਦੂ ਆਬਾਦੀ ਕਮਜ਼ੋਰ ਸੀ, ਉਹ ਨਾ ਬੋਲੀ। ਹਿੰਦੂਆਂ ਦੇ ਸ਼ਮਸ਼ਾਨਘਾਟ ਦੇ ਇਕ ਸਿਰੇ 'ਤੇ ਖੂਹ ਲਵਾ ਦਿੱਤਾ। ਕੁਟੀਆ ਵਿਚ ਕੋਈ ਸਾਧੂ ਪੰਡਿਤ ਰਹਿੰਦਾ ਸੀ। ਉਹ ਗਊ ਦੇ ਜਾਏ ਦਾ ਦੁੱਖ ਜਰ ਨਾ ਸਕਿਆ। ਉਹ ਚੁਪ-ਚਾਪ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ, ਲਾਹੌਰ ਜਾ ਹਾਜ਼ਰ ਹੋਇਆ। ਮਹਾਰਾਜਾ ਰਣਜੀਤ ਸਿੰਘ ਨੇ ਦੁਆਬੇ ਨਾਲ ਤਾਅਲੁਕ ਰਖਦੇ ਸ. ਹਿੰਮਤ ਸਿੰਘ ਨੂੰ ਬੁਲਾਇਆ ਅਤੇ ਹੁਕਮ ਦਿੱਤਾ ਕਿ ਫੌਜੀ ਟੁਕੜੀ ਲੈ ਕੇ ਅਲਾਵਲਪੁਰ ਜਾਉ ਤੇ ਉਸ ਪਠਾਣ ਨੂੰ ਸਬਕ ਸਿਖਾਉ। ਸ. ਹਿੰਮਤ ਸਿੰਘ ਫੌਜੀ ਟੁਕੜੀ ਲੈ ਕੇ ਅਲਾਵਲਪੁਰ ਆਇਆ ਅਤੇ ਪਹਿਲੀ ਲੜਾਈ ਵਿਚ ਹੀ ਦੋਵੇਂ ਪਠਾਣ ਭਰਾਵਾਂ ਨੂੰ ਬੰਦੀ ਬਣਾ ਲਿਆ ਤੇ ਹੁਕਮ ਦਿੱਤਾ ਕਿ ਜੇ ਉਹ ਦੋਵੇਂ ਇਲਾਕਾ ਛੱਡ ਦੇਣ ਤਾਂ ਉਨ੍ਹਾਂ ਦੀ ਜਾਨ ਬਖਸ਼ੀ ਜਾ ਸਕਦੀ ਹੈ। ਦੋਹਾਂ ਭਰਾਵਾਂ ਨੇ ਜਲੰਧਰ ਸ਼ਹਿਰ ਵਾਲੇ ਪਾਸੇ ਪੋਗੜੀ ਨਾਂ ਦਾ ਨਗਰ ਵਸਾ ਲਿਆ। ਸ. ਹਿੰਮਤ ਸਿੰਘ ਨੇ ਮਹਾਰਾਜੇ ਦੇ ਦਰਬਾਰ ਆਪਣਾ ਫੌਜੀ ਭੇਜਿਆ- ਬਾਦਸ਼ਾਹ ਸਲਾਮਤ! ਹੁਕਮ ਦੀ ਤਾਮੀਲ ਹੋ ਗਈ ਹੈ, ਹੁਣ ਮੇਰੇ ਲਈ ਕੀ ਹੁਕਮ ਹੈ? ਮਹਾਰਾਜਾ ਰਣਜੀਤ ਸਿੰਘ ਨੇ ਕਿਹਾ ਕਿ ਹਿੰਮਤ ਸਿੰਘ, ਉਥੇ ਅਲਾਵਲਪੁਰ ਹੀ ਰਹੋ ਅਤੇ ਦੁਆਬੇ ਵਿਚ ਅਮਨ ਕਾਨੂੰਨ ਦੀ ਤੁਹਾਡੀ ਜ਼ਿੰਮੇਵਾਰੀ ਹੈ। ਸ. ਹਿੰਮਤ ਸਿੰਘ ਪਰਿਵਾਰ ਸਮੇਤ ਅਲਾਵਲਪੁਰ ਵਾਲੇ ਕਿਲ੍ਹਾਨੁਮਾ ਘਰ ਵਿਚ ਰਹਿਣ



ਜੱਲ੍ਹਿਆਂਵਾਲੇ ਬਾਗ ਦੇ ਸ਼ਹੀਦਾਂ ਦੀ ਯਾਦ ਵਿਚ ਬਣਾਇਆ ਗਿਆ ਮੀਨਾਰ

ਲੱਗ ਪਿਆ ਤੇ ਆਲੇ ਦੁਆਲੇ ਦੀ ਕਾਫੀ ਜਮੀਨ ਆਪਣੇ ਕਬਜ਼ੇ ਵਿਚ ਕਰ ਲਈ। ਪੁਸ਼ਤ-ਦਰ-ਪੁਸ਼ਤ ਇਹ ਪਰਿਵਾਰ ਧਨਾਢ ਜਗੀਰਦਾਰ ਪਰਿਵਾਰ ਹੋ ਨਿਬੜਿਆ। ਅਲਾਵਲਪੁਰ ਵਿਚ ਛੋਟੀ ਇੱਟ ਵਾਲੀ ਵੱਡੀ ਸਮਾਧ ਸ. ਹਿੰਮਤ ਸਿੰਘ ਦੀ ਬਣੀ ਹੋਈ ਹੈ। ਅੰਗਰੇਜ਼ ਆਉਣ 'ਤੇ ਇਹ ਪਰਿਵਾਰ ਅੰਗਰੇਜ਼ ਭਗਤ ਬਣ ਗਿਆ। ਇਸ ਪਰਿਵਾਰ ਵਿਚੋਂ ਆਨਰੇਰੀ ਮੈਜਿਸਟਰੇਟ ਵੀ ਰਹੇ ਅਤੇ ਕਿਸੇ ਵੇਲੇ ਪੰਜਾਬ ਦਾ ਆਈ. ਜੀ. ਸੰਤ ਪ੍ਰਕਾਸ਼ ਸਿੰਘ ਵੀ ਇਸੇ ਪਰਿਵਾਰ ਵਿਚੋਂ ਸੀ।

ਸਾਮਰਾਜੀ ਬ੍ਰਿਟਿਸ਼ ਸਰਕਾਰ ਲੰਮੇ ਸਮੇਂ ਤੋਂ ਸਿੱਧੇ ਅਤੇ ਅਸਿੱਧੇ ਤੌਰ 'ਤੇ ਹਿੰਦੋਸਤਾਨ 'ਤੇ ਰਾਜ ਕਰਦੀ ਰਹੀ ਹੈ। 32-33 ਕਰੋੜ ਹਿੰਦੋਸਤਾਨੀਆਂ ਨੂੰ ਲੁੱਟ-ਪੁੱਟ ਕੇ ਕੰਗਾਲ ਕਰ ਭੁਖਮਰੀ ਤੇ ਬਿਮਾਰੀਆਂ ਨਾਲ ਮਰਨ ਲਈ ਮਜਬੂਰ ਕਰਨ ਦੇ ਨਾਲ ਆਪਣੇ ਰਾਜ ਨੂੰ ਹੋਰ ਮਜ਼ਬੂਤ ਕਰਨ ਲਈ ਇਕ ਹੋਰ ਕਾਨੂੰਨ ਰੌਲਟ ਐਕਟ ਦਾ ਸਹਾਰਾ ਲਿਆ। ਇਹ ਕਾਨੂੰਨ ਸਰਕਾਰ ਨੂੰ ਸਿੱਧਾ ਦੇਸ਼ ਭਗਤਾਂ ਨੂੰ ਪੈਰਾਂ ਹੇਠਾਂ ਦਰੜਨ ਦਾ ਹੱਕ ਦਿੰਦਾ ਸੀ। ਪੰਜਾਬ ਦੇ ਲੋਕ ਪਹਿਲਾਂ ਹੀ ਜਮੀਨ ਸੁਧਾਰ ਕਹੇ ਜਾਣ ਵਾਲੇ ਕਾਨੂੰਨ ਖਿਲਾਫ ਸਰਕਾਰ ਨਾਲ ਨਾਰਾਜ਼ ਸਨ। ਰੌਲਟ ਐਕਟ ਨੇ ਅੱਗ 'ਤੇ ਤੇਲ ਦਾ ਕੰਮ ਕੀਤਾ। ਇਸ ਕਾਨੂੰਨ ਖਿਲਾਫ ਸਾਰੇ ਹਿੰਦੋਸਤਾਨ 'ਚ ਮੁਜਾਹਰੇ ਸ਼ੁਰੂ ਹੋ ਗਏ। ਪੰਜਾਬ ਵਿਚ ਇਨ੍ਹਾਂ ਮੁਜਾਹਰਿਆਂ ਦੀ ਅਗਵਾਈ ਡਾ. ਸਤਪਾਲ ਤੇ ਡਾ. ਸੈਫੂਦੀਨ ਕਿਚਲੂ ਕਰ ਰਹੇ ਸਨ।

9 ਅਪਰੈਲ 1919 ਦੇ ਦਿਨ ਅੰਮ੍ਰਿਤਸਰ ਵਿਚ ਰਾਮ ਨੌਮੀ ਵਾਲਾ ਤਿਉਹਾਰ ਹਿੰਦੂ, ਮੁਸਲਮਾਨ ਅਤੇ ਸਿੱਖਾਂ ਨੇ ਏਕਤਾ ਦਾ ਸਬੂਤ ਦਿੰਦਿਆਂ ਰਲ-ਮਿਲ ਕੇ ਮਨਾਇਆ। ਇਸ ਧਾਰਮਿਕ ਜਲੂਸ ਵਿਚ ਆਜ਼ਾਦੀ ਨਾਲ ਜੁੜੇ ਦੇਸ਼ ਭਗਤਾਂ ਨੇ 'ਬ੍ਰਿਟਿਸ਼ ਸਰਕਾਰ ਵਾਪਸ ਜਾਉ' ਦੇ ਨਾਅਰੇ ਵੀ ਲਾਏ। ਅੰਗਰੇਜ਼ ਸਰਕਾਰ ਹਿੰਦੂ, ਮੁਸਲਮ ਤੇ ਸਿੱਖਾਂ ਦੇ ਭਰਾਤਰੀ ਭਾਵ ਇਕੱਠ ਨੂੰ ਦੇਖ ਬਰਦਾਸ਼ਤ ਨਾ ਕਰ ਸਕੀ ਅਤੇ ਚਾਲ ਚੱਲੀ। ਸਰ ਮਾਈਕਲ ਓਡਵਾਇਰ ਨੇ ਰੌਲਟ ਬਿਲ 'ਤੇ ਵਿਚਾਰ ਚਰਚਾ ਲਈ ਡਾ. ਸਤਪਾਲ ਤੇ ਡਾ. ਸੈਫੂਦੀਨ ਕਿਚਲੂ ਨੂੰ ਆਪਣੇ ਨਿਵਾਸ ਸਥਾਨ 'ਤੇ ਬੁਲਾ ਕੇ ਗ੍ਰਿਫਤਾਰ ਕਰ ਲਿਆ। ਇਹ ਖਬਰ ਬਹੁਤ ਜਲਦੀ ਪੰਜਾਬ ਵਿਚ ਫੈਲ ਗਈ। ਲੋਕ ਆਪੋ-ਆਪਣੇ ਕਾਰੋਬਾਰ ਬੰਦ ਕਰ ਕੇ ਆਪ-ਮੁਹਾਰੇ ਸੜਕਾਂ 'ਤੇ ਆ ਗਏ। ਇਸ ਦਾ ਅਸਰ ਅੰਮ੍ਰਿਤਸਰ ਸ਼ਹਿਰ ਵਿਚ ਕੁਝ ਵੱਧ ਦੇਖਣ ਨੂੰ ਮਿਲਿਆ।

ਸਰਕਾਰ ਨੇ ਜਨ ਸਮੂਹ ਨੂੰ ਦਬਾਉਣ ਲਈ 10 ਅਪਰੈਲ ਵਾਲੇ ਦਿਨ ਕੁਝ ਛੋਟੇ ਸ਼ਹਿਰਾਂ ਵਿਚ ਦਫਾ 144 ਅਤੇ ਅੰਮ੍ਰਿਤਸਰ ਸ਼ਹਿਰ ਵਿਚ ਕਰਫਿਊ ਲਾ ਦਿੱਤਾ। ਅੰਮ੍ਰਿਤਸਰ ਸ਼ਹਿਰ ਦੇ ਲੋਕ ਪੁਰ-ਅਮਨ ਇਕੱਠੇ ਹੋ ਕੇ ਡੀ. ਸੀ. ਦੇ ਦਫਤਰ ਰੋਸ ਪੱਤਰ ਦੇਣ ਜਾ ਰਹੇ ਸਨ ਕਿ ਪੁਲਿਸ ਨੇ ਗੋਲੀ ਚਲਾ ਦਿਤੀ। ਦੋ-ਤਿੰਨ ਨੌਜਵਾਨ ਮਾਰੇ ਗਏ। 11 ਅਪਰੈਲ ਨੂੰ ਅੰਮ੍ਰਿਤਸਰ ਵਿਚ ਫੌਜ ਨੇ ਫਲੈਗ ਮਾਰਚ ਕੀਤਾ ਅਤੇ ਪਾਣੀ ਦੀ ਸਪਲਾਈ ਬੰਦ ਕਰ ਦਿੱਤੀ। ਲੋਕ ਮ੍ਰਿਤਕਾਂ ਦੀਆਂ ਲਾਸ਼ਾਂ ਚੁੱਕ ਕੇ ਜਲੂਸ ਦੀ ਸ਼ਕਲ ਵਿਚ ਸ਼ਮਸ਼ਾਨਘਾਟ ਵੱਲ ਜਾ ਰਹੇ ਸਨ। ਜਦੋਂ ਇਹ ਜਲੂਸ ਭੰਡਾਰੀ ਪੁਲ ਪਾਰ ਕਰਨ ਲੱਗਾ ਤਾਂ ਫੌਜ ਨੇ ਗੋਲੀ ਚਲਾ ਕੇ 18-20 ਨੌਜਵਾਨ ਹੋਰ ਮਾਰ ਦਿੱਤੇ। ਫੌਜ ਦੇ ਇਸ ਜਬਰ ਖਿਲਾਫ ਸ਼ਾਂਤਮਈ ਲੋਕਾਂ ਦੇ ਸਬਰ ਦਾ ਬੰਨ੍ਹ ਟੁੱਟ ਗਿਆ ਅਤੇ ਲੋਕ ਗੁੱਸੇ ਨਾਲ ਭੜਕ ਪਏ। ਉਨ੍ਹਾਂ ਨੇ ਜਿਥੇ ਸਰਕਾਰੀ ਜਾਇਦਾਦ ਦਾ ਨੁਕਸਾਨ ਕੀਤਾ, ਉਥੇ ਇਕਾ-ਦੁਕਾ ਅੰਗਰੇਜ਼ ਜੋ ਸਾਹਮਣੇ ਆਇਆ, ਉਸ ਦੀ ਕੁੱਟਮਾਰ ਕੀਤੀ।

ਸਰਕਾਰ ਦੀ ਸਖਤੀ ਦੇ ਬਾਵਜੂਦ ਦੋ ਦਲੇਰ ਮੁੰਡਿਆਂ ਨੇ ਅੰਮ੍ਰਿਤਸਰ ਸ਼ਹਿਰ ਵਿਚ ਮੁਨਾਦੀ ਕੀਤੀ ਕਿ 13 ਅਪਰੈਲ ਵਿਸਾਖੀ ਵਾਲੇ ਦਿਨ ਸ਼ਾਮ ਦੇ ਚਾਰ ਵਜੇ ਜਲ੍ਹਿਆਂਵਾਲੇ ਬਾਗ ਵਿਚ ਅੱਜਕੱਲ੍ਹ ਦੇ ਹਾਲਾਤ 'ਤੇ ਨਜ਼ਰ ਮਾਰਨ ਲਈ ਆਪਣੇ ਮਹਿਬੂਬ ਨੇਤਾਵਾਂ ਦੇ ਭਾਸ਼ਣ ਸੁਣੋ। ਇਹ ਖਬਰ ਜਨਰਲ ਡਾਇਰ ਨੂੰ ਵੀ ਮਿਲੀ। ਉਸ ਨੇ ਸਰ ਮਾਈਕਲ ਓਡਵਾਇਰ ਤੋਂ ਮਨਜ਼ੂਰੀ ਲਈ। ਆਪਣੀ ਨਿਗਰਾਨੀ ਹੇਠ ਗੋਰਖਾ ਰੈਜੀਮੈਂਟ ਦੇ ਫੌਜੀ ਜਵਾਨਾਂ ਨੂੰ ਹਥਿਆਰਾਂ ਨਾਲ ਲੈਸ ਕਰਕੇ ਜਲ੍ਹਿਆਂਵਾਲੇ ਬਾਗ ਵਲ ਜਾਂਦੀ ਤੰਗ ਗਲੀ ਵਿਚੋਂ ਦੀ ਬਾਗ ਵਿਚ ਪਹੁੰਚ ਗਿਆ ਅਤੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਦਸ ਮਿੰਟਾਂ ਵਿਚ ਫੌਜ ਨੇ 1650 ਰਾਊਂਡ



ਸ਼ਹੀਦ ਊਧਮ ਸਿੰਘ ਦਾ ਇਕ ਚਿੱਤਰ

ਚਲਾਏ ਜਿਸ ਨਾਲ ਚਾਰ ਸੌ ਦੇ ਕਰੀਬ ਲੋਕ ਸ਼ਹੀਦ ਹੋਏ ਅਤੇ 1200 ਜ਼ਖਮੀ ਹੋ ਗਏ। ਸ਼ਹੀਦਾਂ ਵਿਚ 42 ਬੱਚੇ ਵੀ ਸਨ। ਚੰਦ ਮਿੰਟਾਂ ਅੰਦਰ ਬਾਗ ਵਿਚ ਖੂਨ ਨਾਲ ਲਥਪਥ ਲਾਸ਼ਾਂ ਹੀ ਲਾਸ਼ਾਂ ਸਨ। ਹਰ ਪਾਸੇ ਜ਼ਖਮੀਆਂ ਦੀਆਂ ਚੀਕਾਂ ਸਨ। ਕਈ ਜ਼ਖਮਾਂ ਦੀ ਤਾਬ ਨਾ ਝਲਦੇ ਦਮ ਤੋੜ ਰਹੇ ਸਨ। ਕਈਆਂ ਨੇ ਜਾਨ ਬਚਾਉਣ ਲਈ ਖੂਹ 'ਚ ਛਾਲਾਂ ਮਾਰ ਦਿਤੀਆਂ। ਸਰਕਾਰ ਦੀ ਇਸ ਕਰਤੂਤ ਖਿਲਾਫ ਸਾਰੇ ਹਿੰਦੋਸਤਾਨ ਵਿਚ ਰੋਸ ਵਜੋਂ ਕਾਰੋਬਾਰ, ਸਕੂਲ ਅਤੇ ਕਾਲਜ ਬੰਦ ਰਹੇ।

ਜਨਰਲ ਡਾਇਰ ਦੇ ਵਰਤਾਏ ਇਸ ਗੋਲੀਕਾਂਡ ਨੂੰ ਪੂਰੇ ਸੌ ਸਾਲ ਹੋ ਗਏ ਹਨ। ਇਸ ਖੂਨੀ ਸਾਕੇ ਦੀ ਹਿੰਦੋਸਤਾਨ ਵਿਚ ਹਾਹਾਕਾਰ ਮਚੀ। ਦੁਨੀਆਂ ਭਰ ਦੇ ਬੁਧੀਜੀਵੀਆਂ ਅਤੇ ਆਜ਼ਾਦੀ ਪਸੰਦ ਲੋਕ ਜਿਵੇਂ ਮਿਸ ਐਗਨਸ ਸਮੈਡਲੀ ਤੇ ਮਾਰਗਰੇਟ ਸਾਗਰ ਨਾਮੀ ਵਕੀਲਾਂ ਦੇ ਨਾਲ-ਨਾਲ ਵਿਦੇਸ਼ੀ ਅਖਬਾਰਾਂ ਨੇ ਬ੍ਰਿਟਿਸ਼ ਸਰਕਾਰ ਦੇ ਇਸ ਵਹਿਸ਼ੀ ਕਾਰਨਾਮੇ ਵਿਰੁਧ ਆਪਣੇ ਐਡੀਟੋਰੀਅਲ ਨੋਟ ਤੇ ਲੇਖ ਲਿਖੇ। ਉਂਜ, ਇਸ ਕਾਂਡ ਦਾ ਬਦਲਾ ਸੁਨਾਮ ਦੇ ਨੌਜਵਾਨ ਊਧਮ ਸਿੰਘ ਨੇ ਲੰਡਨ ਜਾ ਕੇ ਲਿਆ ਅਤੇ ਮਾਈਕਲ ਓਡਵਾਇਰ ਨੂੰ ਮਾਰ-ਮੁਕਾਇਆ।

ਇਤਿਹਾਸ ਗਵਾਹ ਹੈ ਕਿ ਜਿਨ੍ਹਾਂ ਮੁਲਕਾਂ ਨੇ ਦੇਸ਼ ਦੀ ਆਜ਼ਾਦੀ ਲਈ ਘੋਲ ਲੜੇ, ਕੁਰਬਾਨੀਆਂ ਕੀਤੀਆਂ, ਉਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਨੇ ਆਪਣਾ ਫਰਜ਼ ਸਮਝਦਿਆਂ ਇਨ੍ਹਾਂ ਯਾਦਗਾਰਾਂ ਨੂੰ ਵਤਨ ਦੀ ਕੀਮਤੀ ਨਿਸ਼ਾਨੀ ਸਮਝਦਿਆਂ ਪਹਿਲ ਦੇ ਆਧਾਰ 'ਤੇ ਉਸੇ ਸ਼ਕਲ ਵਿਚ ਸੰਭਾਲ ਕੇ ਰੱਖਣ ਦਾ ਪੂਰਾ ਯਤਨ ਕੀਤਾ; ਕਿਉਂ ਜੋ ਇਹ ਨਿਸ਼ਾਨੀਆਂ ਕੌਮ ਦਾ ਸਰਮਾਇਆ ਅਤੇ ਆਉਣ ਵਾਲੀ ਨਸਲ ਲਈ ਰਾਹ ਦਸੇਰਾ ਹੁੰਦੀਆਂ ਹਨ। ਬੜੇ ਅਫਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਹਿੰਦੋਸਤਾਨ ਅਜਿਹਾ ਮੁਲਕ ਹੈ, ਜਿਸ ਵਿਚ ਅਣਗਿਣਤ ਕੁਰਬਾਨੀਆਂ ਕਰਕੇ ਆਜ਼ਾਦ ਕਰਵਾਏ ਧਾਰਮਿਕ ਸਥਾਨ ਹੋਣ ਜਾਂ ਦੇਸ਼ ਦੀ ਆਜ਼ਾਦੀ ਨਾਲ ਜੁੜੀਆਂ ਅਨੇਕਾਂ ਕੀਮਤੀ ਨਿਸ਼ਾਨੀਆਂ ਯਾਦਗਾਰਾਂ ਹੋਣ, ਉਨ੍ਹਾਂ ਨੂੰ ਨਵੀਂ ਦਿਖ ਦੇਣ ਦੇ ਨਾਂ ਹੇਠ ਧਾਰਮਿਕ ਸੰਸਥਾਵਾਂ ਜਾਂ ਸਰਕਾਰੀ ਮਸ਼ੀਨਰੀ ਵਲੋਂ ਉਸ ਦੀ ਮੁੱਢਲੀ ਪਛਾਣ ਮਿਟਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

ਸ਼ਹੀਦ ਊਧਮ ਸਿੰਘ ਦਾ ਜਨਮ 26 ਦਸੰਬਰ 1899 ਨੂੰ ਕਸਬਾ ਸੁਨਾਮ ਵਿਚ ਮਾਤਾ ਨਰੈਣੀ ਅਤੇ ਪਿਤਾ ਚੂਹੜ ਰਾਮ ਦੇ ਘਰ ਹੋਇਆ। ਉਸ ਦਾ ਇਕ ਛੋਟਾ ਭਰਾ ਵੀ ਸੀ। ਊਧਮ ਸਿੰਘ ਦੀ ਉਮਰ ਛੋਟੀ ਸੀ ਤਾਂ ਪਹਿਲਾਂ ਮਾਂ, ਫਿਰ ਕੁਝ ਸਾਲ ਬਾਅਦ ਪਿਤਾ ਵੀ ਅਕਾਲ ਚਲਾਣਾ ਕਰ ਗਏ। ਇਨ੍ਹਾਂ ਯਤੀਮ ਬੱਚਿਆਂ ਨੂੰ ਅੰਮ੍ਰਿਤਸਰ ਦੇ ਯਤੀਮ ਘਰ ਪਹੁੰਚਾ ਦਿੱਤਾ ਗਿਆ। ਜਦੋਂ ਜਲ੍ਹਿਆਂਵਾਲੇ ਬਾਗ ਦਾ ਖੂਨੀ ਸਾਕਾ ਵਾਪਰਿਆ, ਊਧਮ ਸਿੰਘ ਨੇ ਪੰਜਾਬੀਆਂ ਦੇ ਸਾਂਝੇ ਡੁੱਲ੍ਹੇ ਖੂਨ ਨਾਲ ਗੜੁੱਚ ਹੋਈ ਮਿੱਟੀ ਹੱਥ ਵਿਚ ਲੈ ਕੇ ਸਹੁੰ ਚੁੱਕੀ ਕਿ ਇਸ ਗੋਲੀਕਾਂਡ ਦਾ ਬਦਲਾ ਜ਼ਰੂਰ ਲਵਾਂਗਾ।

ਊਧਮ ਸਿੰਘ ਨੇ 1918 ਵਿਚ ਮੈਟ੍ਰਿਕ ਪਾਸ ਕਰ ਲਈ। 1921 ਵਿਚ ਉਹ ਅਫਰੀਕਾ ਚਲਾ ਗਿਆ। ਉਥੇ ਰੇਲਵੇ ਵਰਕਸ਼ਾਪ ਵਿਚ ਮਿਸਤਰੀ ਵਜੋਂ ਕੰਮ ਕੀਤਾ। ਫਿਰ ਮੈਕਸੀਕੋ ਰਾਹੀਂ ਕੈਲੀਫੋਰਨੀਆ ਪਹੁੰਚ ਗਿਆ। ਇਥੇ ਕੁਝ ਚਿਰ ਕੰਮ ਕੀਤਾ ਅਤੇ ਫਿਰ ਨਿਊ ਯਾਰਕ ਵੀ ਰਿਹਾ। 1923 ਨੂੰ ਵਾਪਸ ਹਿੰਦੋਸਤਾਨ ਆ ਗਿਆ। ਊਧਮ ਸਿੰਘ ਨੇ ਅੰਮ੍ਰਿਤਸਰ ਜਾ ਕੇ ਮਕਾਨ ਕਿਰਾਏ 'ਤੇ ਲੈ ਲਿਆ ਅਤੇ ਮੁਹੰਮਦ ਸਿੰਘ ਆਜ਼ਾਦ ਦੇ ਨਾਂ ਹੇਠ ਦੁਕਾਨ ਵਿਚ ਕਾਰਿੰਦੇ ਵਜੋਂ ਕੰਮ ਕਰਨ ਲੱਗਾ। ਉਨ੍ਹੀਂ ਦਿਨੀਂ ਵਿਚ ਗਦਰੀ ਦੇਸ਼ ਭਗਤਾਂ ਦਾ ਦੁਕਾਨ 'ਤੇ ਆਉਣਾ ਜਾਣਾ ਲੱਗਾ ਰਹਿੰਦਾ ਸੀ। ਉਸ ਵੇਲੇ ਬੱਬਰ ਅਕਾਲੀ ਲਹਿਰ ਜ਼ੋਰਾਂ 'ਤੇ ਸੀ। ਇਸ ਤਰ੍ਹਾਂ ਉਨ੍ਹਾਂ ਨਾਲ ਵੀ ਰਾਬਤਾ ਕਾਇਮ ਹੋ ਗਿਆ।

ਊਧਮ ਸਿੰਘ 1924 ਵਿਚ ਅਫਰੀਕਾ ਤੋਂ ਹੁੰਦਾ ਹੋਇਆ ਫਿਰ ਅਮਰੀਕਾ ਪਹੁੰਚ ਗਿਆ। ਕੁਝ ਸਮਾਂ ਨਿਊ ਯਾਰਕ ਅਤੇ ਸ਼ਿਕਾਗੋ ਵੀ ਰਿਹਾ। ਫਿਰ ਫਰਾਂਸ, ਜਰਮਨੀ, ਸਵਿਟਜ਼ਰਲੈਂਡ, ਪੋਲੈਂਡ, ਲਿਬੀਆ, ਹੰਗਰੀ ਤੇ ਇਟਲੀ ਵੀ ਰਿਹਾ। ਊਧਮ ਸਿੰਘ ਵਿਚ ਇਹ ਖੂਬੀ ਸੀ ਕਿ ਉਹ ਜਿਸ ਵੀ ਮੁਲਕ ਵਿਚ ਜਾਂਦਾ, ਉਥੋਂ ਦਾ ਪਹਿਰਾਵਾ, ਬੋਲੀ ਤੇ ਸਭਿਅਤਾ ਮੁਤਾਬਕ ਆਪਣੇ ਆਪ ਨੂੰ ਢਾਲ ਲੈਂਦਾ ਅਤੇ ਛੇਤੀ ਹੀ ਦੋਸਤ-ਮਿੱਤਰ ਵੀ ਬਣਾ ਲੈਂਦਾ। 1926 ਵਿਚ ਊਧਮ ਸਿੰਘ ਵਾਪਸ ਹਿੰਦੋਸਤਾਨ ਆ ਗਿਆ ਅਤੇ ਅੰਮ੍ਰਿਤਸਰ ਵਿਚ ਕਟੜਾ ਸ਼ੇਰ ਸਿੰਘ ਦੇ ਇਲਾਕੇ ਵਿਚ ਰਹਿਣ ਲੱਗ ਪਿਆ। ਉਸ ਦੀਆਂ ਹਰਕਤਾਂ 'ਤੇ ਸ਼ੱਕ ਹੋਣ ਕਾਰਨ ਪੁਲਿਸ ਊਧਮ ਸਿੰਘ 'ਤੇ ਨਿਗਰਾਨੀ ਰੱਖਣ ਲੱਗ ਪਈ। 30 ਅਗਸਤ 1928 ਨੂੰ ਥਾਣੇਦਾਰ ਅਲੀਸ਼ਾਹ ਨੇ ਊਧਮ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਪਹਿਲੀ ਅਕਤੂਬਰ 1927 ਨੂੰ ਊਧਮ ਸਿੰਘ ਨੂੰ ਪੰਜ ਸਾਲ ਦੀ ਕੈਦ ਹੋ ਗਈ।

ਊਧਮ ਸਿੰਘ 23 ਅਕਤੂਬਰ 1931 ਨੂੰ ਰਿਹਾ ਹੋਣ ਪਿਛੋਂ ਪਹਿਲਾਂ ਉਹ ਹੁਸੈਨੀਵਾਲਾ ਗਿਆ। ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸ਼ਰਧਾਂਜਲੀ ਭੇਟ ਕਰਕੇ ਆਪਣੇ ਪਿੰਡ ਸੁਨਾਮ ਆ ਗਿਆ। ਉਥੇ ਕੋਈ ਜਾਣ-ਪਛਾਣ ਵਾਲਾ ਨਾ ਹੋਣ ਕਰਕੇ ਫਿਰ ਅੰਮ੍ਰਿਤਸਰ ਆ ਗਿਆ। 1937 ਵਿਚ ਊਧਮ ਸਿੰਘ ਕਈ ਦੇਸ਼ਾਂ ਤੋਂ ਹੁੰਦਾ ਹੋਇਆ ਇੰਗਲੈਂਡ ਪਹੁੰਚ ਗਿਆ। 1940 ਵਿਚ ਦੂਜਾ ਸੰਸਾਰ ਯੁੱਧ ਸ਼ੁਰੂ ਹੋ ਗਿਆ। ਊਧਮ ਸਿੰਘ ਇੰਗਲੈਂਡ ਸਮੁੰਦਰੀ ਜਹਾਜ਼ਾਂ ਤੋਂ ਫੌਜੀਆਂ ਲਈ ਭੇਜੀਆਂ ਜਾ ਰਹੀਆਂ ਸਬਜ਼ੀ ਤੇ ਫਲਾਂ ਦੀਆਂ ਟੋਕਰੀਆਂ ਚੁੱਕ ਕੇ ਮਜ਼ਦੂਰੀ ਕਰਦਾ ਰਿਹਾ, ਫਿਰ ਕੱਪੜਾ ਵੇਚਣ ਦਾ ਕੰਮ ਵੀ ਕੀਤਾ।

13 ਮਾਰਚ 1940 ਨੂੰ ਬੁੱਧਵਾਰ ਵਾਲੀ ਸ਼ਾਮ ਨੂੰ ਲੰਡਨ ਦੇ ਕੈਕਸਟਨ ਹਾਲ ਵਿਚ ਮੀਟਿੰਗ ਰੱਖੀ ਗਈ ਸੀ ਜੋ ਤਿੰਨ ਵਜੇ ਸ਼ੁਰੂ ਹੋਣੀ ਸੀ। ਮੀਟਿੰਗ ਦਾ ਮੁੱਖ ਉਦੇਸ਼ ਅਫਗਾਨਿਸਤਾਨ ਦੀ ਬਗਾਵਤ ਬਾਰੇ ਸੰਸਾਰ ਯੁੱਧ ਬਾਰੇ ਹਿੰਦੋਸਤਾਨ ਦੇ ਸੂਬਾ ਪੰਜਾਬ ਦੇ ਵਸਨੀਕਾਂ ਬਾਰੇ ਸਰ ਮਾਈਕਲ ਓਡਵਾਇਰ ਅਤੇ ਜਨਰਲ ਡਾਇਰ ਨੇ ਵੀ ਚਾਨਣਾ ਪਾਉਣਾ ਸੀ। ਊਧਮ ਸਿੰਘ ਸੂਟ ਅਤੇ ਅੰਗਰੇਜ਼ੀ ਹੈਟ ਪਾ ਕੇ ਪੂਰਾ ਅੰਗਰੇਜ਼ ਨਾਗਰਿਕ ਲੱਗ ਰਿਹਾ ਸੀ। ਉਸ ਕੋਲ ਛੇ ਗੋਲੀਆਂ ਵਾਲਾ ਅਮਰੀਕਨ ਪਿਸਤੌਲ ਸੀ ਅਤੇ ਹੁਣ ਉਹ ਸਹੀ ਸਮਾਂ ਉਡੀਕਦਾ ਕੁਰਸੀ 'ਤੇ ਬੈਠ ਗਿਆ। ਜਦੋਂ ਸਾਰੇ ਬੁਲਾਰੇ ਆਪਣਾ ਭਾਸ਼ਣ ਦੇ ਕੇ ਬੈਠ ਗਏ, ਮਾਈਕਲ ਓਡਵਾਇਰ ਦੀ ਵਾਰੀ ਆਈ। ਊਧਮ ਸਿੰਘ ਨੇ ਉਸ ਨੂੰ ਪਿਸਤੌਲ ਨਾਲ ਗੋਲੀਆਂ ਚਲਾ ਕੇ ਮਾਰ ਮੁਕਾਇਆ। ਪੁਲਿਸ ਨੇ ਊਧਮ ਸਿੰਘ ਨੂੰ ਗ੍ਰਿਫਤਾਰ ਕਰ ਲਿਆ।

ਪਹਿਲੀ ਅਪਰੈਲ 1940 ਨੂੰ ਮੁਕੱਦਮਾ ਸ਼ੁਰੂ ਹੋਇਆ ਅਤੇ 31 ਜੁਲਾਈ 1940 ਨੂੰ ਊਧਮ ਸਿੰਘ ਨੂੰ ਫਾਂਸੀ ਦੇਣ ਦਾ ਹੁਕਮ ਸੁਣਾਇਆ ਗਿਆ। ਇਉਂ ਊਧਮ ਸਿੰਘ, ਪੰਜਾਬ ਦਾ ਅਣਖੀ ਯੋਧਾ, ਭਾਰਤ ਦਾ ਮਹਾਨ ਸਪੂਤ ਆਪਣੇ ਕੀਮਤੀ ਸਾਹਾਂ ਦਾ ਖਜਾਨਾ ਹਿੰਦੋਸਤਾਨ ਦੀ ਆਜ਼ਾਦੀ ਤੋਂ ਵਾਰ ਕੇ ਸ਼ਹਾਦਤ ਦਾ ਜਾਮ ਪੀ ਗਿਆ।

###

ਕਹਾਣੀ

# ਪੁੰਨ

*ਲਹਿੰਦੇ ਪੰਜਾਬ ਦੇ ਸਿਰਕੱਢ ਲੇਖਕ ਅਹਿਮਦ ਨਦੀਮ ਕਾਸਮੀ (20 ਨਵੰਬਰ 1916-10 ਜੁਲਾਈ 2006) ਦੀਆਂ ਰਚਨਾਵਾਂ ਦੇ ਕਿਰਦਾਰ ਧੜਕਦੇ ਦਿਲਾਂ ਵਾਲੇ ਹੁੰਦੇ ਅਤੇ ਇਨ੍ਹਾਂ ਅੰਦਰਲਾ ਮਾਹੌਲ ਇਉਂ ਜਾਪਦਾ ਹੈ ਜਿਵੇਂ ਸਾਣ 'ਤੇ ਚੜ੍ਹਿਆ ਹੋਵੇ। 'ਪੁੰਨ' ਕਹਾਣੀ ਵਿਚ ਕਿਰਦਾਰਾਂ ਦਾ ਵਿਰਲਾਪ ਸਿਖਰਾਂ ਛੋਹ ਰਿਹਾ ਹੈ। ਲੇਖਕ ਨਾਲੋ-ਨਾਲ ਸਮਾਜੀ ਟਕੋਰਾਂ ਵੀ ਕਰੀ ਜਾਂਦਾ ਹੈ। ਸਮਾਜ ਵਿਚਲਾ ਪਾੜਾ ਇੰਜ ਉਜਾਗਰ ਹੁੰਦਾ ਜਾਂਦਾ ਹੈ, ਜਿਵੇਂ ਦਿਨ ਚੜ੍ਹਨ ਵੇਲੇ ਸੂਰਜ ਦੀਆਂ ਕਿਰਨਾਂ ਫੈਲਦੀਆਂ ਹਨ। -ਸੰਪਾਦਕ*

**ਅਹਿਮਦ ਨਦੀਮ ਕਾਸਮੀ**



ਇਧਰ ਮਸੀਤ ਵਿਚ ਸਵੇਰ ਦੀ ਨਮਾਜ਼ ਖਤਮ ਹੋਈ, ਉਧਰ ਢੋਲ ਵੱਜਣ ਲੱਗ ਪਿਆ। ਅਜ਼ਾਨ ਸੁਣ ਜਿਹੜੇ ਲੋਕ ਮੰਜਿਆਂ 'ਤੇ ਪਾਸੇ ਪਰਤਣ ਲੱਗੇ ਸਨ, ਢੋਲ ਸੁਣਦਿਆਂ ਹੀ ਤੜਫ ਕੇ ਉਠੇ ਤੇ ਗਲੀਆਂ ਵਿਚ ਨਸ ਤੁਰੇ।

ਹੇ ਅੱਲਾ! ਸੁੱਖ ਹੋਵੇ। ਆਖਦਿਆਂ ਔਰਤਾਂ ਨੇ ਮੰਜੀਆਂ ਤੋਂ ਪੈਰ ਲਮਕਾ ਲਏ।

ਢੋਲ ਲਗਾਤਾਰ ਵੱਜ ਰਿਹਾ ਸੀ ਤੇ ਫਿਜ਼ਾ ਇੰਜ ਗੂੰਜ ਰਹੀ ਸੀ ਜਿਵੇਂ ਢੋਲ ਦੀ ਥਾਂ ਫਿਜ਼ਾ ਆਪ ਵੱਜ ਰਹੀ ਹੋਵੇ। ਇਕ ਲਗਾਤਾਰ 'ਹੁੱਮ-ਹੁੱਮ-ਹੁੱਮ' ਦੀ ਆਵਾਜ਼ ਸਾਰੇ ਪਿੰਡ ਨੂੰ ਚੁਫੇਰਿਓਂ ਘੇਰਾ ਘੱਤਣ ਲਈ ਸਵੇਰ ਦੀ ਲੋਅ ਨਾਲ ਪੈਰ ਮਿਲਾ ਅਗਾਂਹ ਵਧੀ ਆ ਰਹੀ ਸੀ।

ਹਾਇ ਕੀਹਦਾ ਘਰ ਉੱਜੜ ਗਿਐ ਸਵੇਰੇ ਸਵੇਰੇ? ਔਰਤਾਂ ਨੇ ਗਲੀਆਂ ਵਿਚ ਆ ਪੁੱਛਿਆ।

ਪਤਾ ਲੱਗਾ, ਚੁੰਗਾ ਝਿਓਰ ਖੂਹ ਵਿਚ ਡਿਗ ਪਿਐ। ਮਾਂ ਪੁੱਤਰ ਦੋਵੇਂ ਪਾਣੀ ਖਿਚ ਰਹੇ ਸਨ ਕਿ ਭਰਿਆ ਬੋਕਾ ਹੱਥੋਂ ਛੁੱਟ ਗਿਆ। ਚੁੰਗੇ ਦੀ ਲੱਤ ਲੱਜ ਵਿਚ ਅਜਿਹੀ ਉਲਝੀ ਕਿ ਉਹ ਮਾਂ ਦੀਆਂ ਅੱਖਾਂ ਸਾਹਵੇਂ ਧੜੰਮ ਖੂਹ ਵਿਚ ਡਿਗ ਪਿਆ, ਚੀਕ ਮਾਰਨ ਦਾ ਸਮਾਂ ਵੀ ਨਾ ਮਿਲਿਆ।

ਹਾਇ ਵਿਚਾਰੀ ਕਰਮਾਂ ਮਾਰੀ ਕਰਮਾਂ ਲੁੱਟੀ ਗਈ। ਔਰਤਾਂ ਨੇ ਉਚੀ ਉਚੀ ਆਹਾਂ ਭਰੀਆਂ ਤੇ ਕੋਠਿਆਂ 'ਤੇ ਚੜ੍ਹ ਗਈਆਂ। ਆਦਮੀ ਖੂਹ ਵੱਲ ਨੱਸ ਉਠੇ। ਢੋਲ ਰੁਕ ਗਿਆ। ਸਵੇਰ ਦਾ ਸਾਂਵਲਾ ਚਿਹਰਾ ਪੀਲਾ ਪੈਣ ਲੱਗਾ।

ਕਰਮਾਂ ਦਾ ਪਤੀ ਹਰ ਸਵੇਰੇ ਪਿੰਡ ਦੇ ਪਿਛਾੜੀ ਮੀਲਾਂ ਲੰਮੀ ਢਲਵਾਣ ਵਲ ਨਿਕਲ ਜਾਂਦਾ ਜਿਥੇ ਉਹ ਦੁਪਹਿਰ ਤੀਕ ਝਾੜੀਆਂ ਪੁੱਟਦਾ ਰਹਿੰਦਾ। ਇਹ ਸਰਕਾਰੀ ਰੱਖ ਸੀ। ਇਸ ਲਈ ਉਥੇ ਕੁਹਾੜੀ ਲੈ ਕੇ ਜਾਣ ਦੀ ਮਨਾਹੀ ਸੀ। ਦੁਪਹਿਰੇ ਜਦੋਂ ਪਰਤਦਾ, ਉਹਦੇ ਸਿਰ 'ਤੇ ਝਾੜੀਆਂ ਦਾ ਏਡਾ ਖਿਲਾਰ ਹੁੰਦਾ ਜਿਵੇਂ ਕੋਈ ਸੰਘਣਾ ਜੰਗਲ ਤੁਰਿਆ ਆ ਰਿਹਾ ਹੋਵੇ।

ਕਰਮਾਂ ਇਨ੍ਹਾਂ ਝਾੜੀਆਂ ਨਾਲ ਤੰਦੂਰ ਤਪਾਉਂਦੀ ਤੇ ਸਾਰੇ ਮਹੱਲੇ ਦੀਆਂ ਰੋਟੀਆਂ ਪਕਾਉਂਦੀ। ਭੱਠੀ ਤਪਾ ਬੱਚਿਆਂ ਦੀਆਂ ਪੋਟਲੀਆਂ ਵਿਚ ਬੰਨ੍ਹੇ ਮੱਕੀ ਤੇ ਛੋਲਿਆਂ ਦੇ ਦਾਣੇ ਭੁੰਨਦੀ। ਆਟੇ ਅਤੇ ਦਾਣਿਆਂ ਵਿਚੋਂ ਚੁੰਗ ਕਢਦੀ ਤੇ ਇੰਜ ਆਦਮੀ, ਤੀਵੀਂ ਤੇ ਬੱਚੇ ਦਾ ਗੁਜ਼ਾਰਾ ਚਲਦਾ।

ਪਤੀ ਦੇ ਪਰਤਣ ਅਤੇ ਤੰਦੂਰ ਠੰਢਾ ਕਰਨ ਪਿਛੋਂ ਦੋਵੇਂ ਦੋ ਖੋਤਿਆਂ 'ਤੇ ਖਾਂਦੇ ਪੀਂਦੇ ਘਰਾਂ ਦੇ ਘੜੇ ਲੱਦ ਖੂਹ 'ਤੇ ਪਾਣੀ ਭਰਦੇ। ਖੂਹ ਦੀ ਮੌਣ 'ਤੇ ਚੌਹੀਂ ਪਾਸੀਂ ਰੱਖੇ ਟਾਹਲੀ ਤੇ ਤੂਤ ਦੇ ਖੁੰਢਾਂ 'ਤੇ ਪਏ ਲੱਜਾਂ ਦੇ ਲੰਮੇ ਲੰਮੇ ਨਿਸ਼ਾਨਾਂ ਵਿਚੋਂ ਸਭ ਤੋਂ ਡੂੰਘਾ ਉਨ੍ਹਾਂ ਦੇ ਬੋਕੇ ਦੀ ਲੱਜ ਦਾ ਹੀ ਸੀ। ਪਿੰਡ ਵਿਚ ਸਭ ਤੋਂ ਵੱਧ ਪਾਣੀ ਉਹੀ ਭਰਦੇ ਸਨ। ਹਰ ਫੇਰੇ ਵਿਚ ਛੇ ਘੜੇ ਖੋਤੇ ਚੁਕਦੇ, ਦੋ ਕਰਮਾਂ ਦੇ ਸਿਰ 'ਤੇ ਹੁੰਦੇ ਤੇ ਇਕ ਉਹਦਾ ਮੀਆਂ ਵੀ ਸਿਰ ਜਾਂ ਮੋਢੇ 'ਤੇ ਟਿਕਾ ਲੈਂਦਾ। ਹਰ ਰੋਜ਼ ਦੋ ਫੇਰਿਆਂ ਵਿਚ ਅਠਾਰਾਂ ਘੜੇ ਭਰ ਉਹ ਹਰ ਮਹੀਨੇ ਅਠਾਰਾਂ ਦੂਣੀ ਛੱਤੀ ਆਨੇ ਕਮਾ ਲੈਂਦੇ- ਸ਼ਾਇਦ ਇਸੇ ਲਈ ਉਨ੍ਹਾਂ ਨੂੰ ਆਪਣੇ ਪੁੱਤਰ ਚੁੰਗੇ ਨੂੰ ਪੜ੍ਹਾਉਣ ਦਾ ਸ਼ੌਕ ਕੁੱਦਿਆ।

ਉਹ ਕਹਿੰਦੇ, ਅਸੀਂ ਬਾਬਰ ਦੇ ਜ਼ਮਾਨੇ ਤੋਂ ਪਾਣੀ ਭਰਦੇ ਆ ਰਹੇ ਹਾਂ ਤੇ ਹੁਣ ਥੱਕ ਗਏ ਹਾਂ। ਹੁਣ ਸਾਡਾ ਚੁੰਗਾ ਮਾਸਟਰ ਬਣੂ ਅਤੇ ਅਗਲੀ ਨਸਲ ਤੀਕ ਅਸੀਂ ਏਨੇ ਜੋਗੇ ਹੋ ਜਾਵਾਂਗੇ ਕਿ ਦੂਜੇ ਲੋਕ ਸਾਡਾ ਪਾਣੀ ਭਰਨ।

ਚੁੰਗਾ ਹੁਣ ਛੇਵੀਂ ਜਮਾਤ ਵਿਚ ਹੋ ਗਿਆ ਸੀ। ਘੜਿਆਂ ਦਾ ਹਿਸਾਬ ਜੋੜ ਲੈਂਦਾ ਸੀ। ਹਰ ਰਾਤ ਸੌਣ ਤੋਂ ਪਹਿਲਾਂ ਮਾਂ ਬਾਪ ਨੂੰ ਕਿਤਾਬਾਂ ਵਿਚ ਲਿਖੀਆਂ ਗੱਲਾਂ ਸੁਣਾਉਂਦਾ ਤੇ ਉਹ ਨਾ ਸਮਝਦਿਆਂ ਵੀ ਖੁਸ਼ ਹੁੰਦੇ ਰਹਿੰਦੇ ਕਿ ਉਨ੍ਹਾਂ ਦਾ ਪੁੱਤਰ ਇਹ ਗੱਲਾਂ ਸਮਝਦਾ ਹੈ।

ਫਿਰ ਇਕ ਦਿਨ ਕਰਮਾਂ ਦਾ ਪਤੀ ਸਰਕਾਰੀ ਰੱਖ ਵਿਚ ਕਿੱਕਰ 'ਤੇ ਚੜ੍ਹ ਇਕ ਝਾੜੀ ਨੂੰ ਝਟਕੇ ਮਾਰ ਮਾਰ ਪੁੱਟਣ ਦੀ ਕੋਸ਼ਿਸ਼ ਕਰ ਰਿਹਾ ਸੀ ਤੇ ਅਚਾਨਕ ਉਹਦੇ ਅੰਦਾਜ਼ੇ ਤੋਂ ਪਹਿਲਾਂ ਹੀ ਝਾੜੀ ਪੁੱਟੀ ਗਈ। ਨਾਲ ਉਹਦੇ ਆਪਣੇ ਪੈਰ ਵੀ ਪੁੱਟੇ ਗਏ, ਤੇ ਉਹ ਕਿੱਕਰ ਤੋਂ ਚੱਟਾਨ 'ਤੇ ਇੰਜ ਡਿੱਗਾ ਕਿ ਆਸੇ ਪਾਸੇ ਉਹਦੇ ਖੂਨ ਦਾ ਛਿੜਕਾਅ ਹੋ ਗਿਆ।

ਵਿਧਵਾ ਹੋ ਕੇ ਵੀ ਕਰਮਾਂ ਨੇ ਚੁੰਗੇ ਨੂੰ ਸਕੂਲੋਂ ਨਾ ਹਟਾਇਆ। ਤੰਦੂਰ ਉਸ ਨੇ ਹਮੇਸ਼ਾ ਲਈ ਠੰਢਾ ਕਰ ਦਿੱਤਾ। ਭੱਠੀ ਤਪਾਣ ਲਈ ਉਹ ਆਪ ਹੀ ਕਿਸਾਨਾਂ ਦੇ ਘਰੋਂ ਖੁਰਲੀਆਂ ਵਿਚੋਂ ਬਚੇ ਖੁਚੇ ਟਾਂਡੇ ਡਕਰੇ ਲੈ ਆਉਂਦੀ। ਫਿਰ ਮਾਂ-ਪੁੱਤ ਖੂਹ 'ਤੇ ਜਾ ਕੇ ਖਾਂਦੇ ਪੀਂਦੇ ਘਰਾਂ ਦਾ ਪਾਣੀ ਭਰਦੇ। ਭੀੜ ਤੋਂ ਬਚਣ ਲਈ ਉਹ ਮੂੰਹ ਹਨੇਰੇ ਹੀ ਪਾਣੀ ਭਰਨ ਲਗ ਪੈਂਦੇ ਤੇ ਸੂਰਜ ਚੜ੍ਹਨ ਤੀਕ ਕੰਮ ਨਿਬੇੜ ਲੈਂਦੇ। ਫਿਰ ਚੁੰਗਾ ਸਕੂਲ ਚਲਾ ਜਾਂਦਾ ਤੇ ਮਾਂ ਬਾਲਣ ਲੈਣ।

ਹਾਲੀਂ ਕਰਮਾਂ ਦੇ ਪਤੀ ਦੀ ਮੌਤ ਨੂੰ ਤਿੰਨ ਮਹੀਨੇ ਵੀ ਨਹੀਂ ਸਨ ਹੋਏ, ਤੇ ਹਾਲੀਂ ਉਹ ਆਪਣੇ ਚੁੰਗੇ ਨੂੰ ਬੋਕਾ ਸੁੱਟਣ ਤੇ ਖਿਚਣ ਵੇਲੇ ਲੱਜ ਤੋਂ ਪਾਸੇ ਹਟ ਕੇ ਖਲੋਣ ਦੀ ਜਾਚ ਵੀ ਨਹੀਂ ਸੀ ਸਿਖਾ ਸਕੀ ਕਿ ਚੁੰਗੇ ਨੂੰ ਬਿਜਲੀ ਵਾਂਗ ਨੱਸਦੀ ਲੱਜ ਨੇ ਲਪੇਟ ਵਿਚ ਲੈ ਮੌਣ ਨਾਲ ਪਟਕਾ ਮਾਰਿਆ ਤੇ ਕਰਮਾਂ ਬੇਹੋਸ਼ ਹੋ ਥਾਂਏਂ ਡਿਗ ਪਈ। ਉਹਨੇ ਆਪਣੇ ਪੁੱਤ ਨੂੰ ਧੜੰਮ ਖੂਹ ਵਿਚ ਡਿਗਦਿਆਂ ਤੱਕ ਵੀ ਨਾ ਸੁਣਿਆ। ਦੋ ਹੋਰ ਝਿਓਰ ਵੀ ਉਥੇ ਪਾਣੀ ਭਰ ਰਹੇ ਸਨ। ਉਨ੍ਹਾਂ ਵਿਚੋਂ ਇਕ ਕਰਮਾਂ ਦੇ ਕੋਲ ਹੀ ਬਹਿ ਗਿਆ ਕਿ ਕਿਤੇ ਜੋਸ਼ ਵਿਚ ਆ ਖੂਹ ਵਿਚ ਹੀ ਨਾ ਡੁੱਬ ਮਰੇ। ਦੂਜਾ ਪਿੰਡ ਵਲ ਨਸਿਆ ਤੇ ਗਲੀ ਗਲੀ ਹਾਦਸੇ ਬਾਰੇ ਹੋਕਾ ਦੇਣ ਲੱਗਾ। ਫਿਰ ਮਸੀਤ 'ਚ ਪੁੱਜ ਢੋਲ ਚੁਕਿਆ ਤੇ ਉਥੇ ਹੀ ਦੇਹਲੀ 'ਤੇ ਬੈਠ ਪਾਗਲਾਂ ਵਾਂਗ ਕੁੱਟਣ ਲੱਗ ਪਿਆ।

ਖੂਹ ਪਹਾੜੀ 'ਤੇ ਵਸੇ ਪਿੰਡ ਦੇ ਪੈਰਾਂ ਵਿਚ ਸੀ। ਜਦੋਂ ਲੋਕ ਖੂਹ ਵਲ ਨੱਸੇ ਤਾਂ ਜਿਵੇਂ ਰਾਹ ਭੁੱਲ ਗਏ। ਉਹ ਵਾਹੋ ਦਾਹੀ ਖੇਤਾਂ ਵਿਚੋਂ ਦੀ ਗੋਡੇ ਗੋਡੇ ਫਸਲਾਂ ਮਿਧਦੇ, ਵੱਟਾਂ ਟਪਦੇ ਖੂਹ ਵਲ ਨੱਸ ਉਠੇ। ਕੋਠਿਆਂ 'ਤੇ ਬੈਠੀਆਂ ਤੀਵੀਆਂ ਖੂਹ ਕੋਲੋਂ ਤਕਿਆਂ ਇੰਜ ਜਾਪਦੀਆਂ ਸਨ, ਜਿਵੇਂ ਕਾਲੀਆਂ ਗੰਢੜੀਆਂ ਦੀਆਂ ਕਤਾਰਾਂ ਹੋਣ। ਬੱਚੇ ਗਲੀਆਂ ਵਿਚੋਂ ਦੀ ਭੱਜੇ ਜਾ ਰਹੇ ਸਨ। ਪੂਰਾ ਪਿੰਡ ਹੀ ਖੂਹ ਵੱਲ ਉਲਰ ਪਿਆ।

ਖੂਹ 'ਤੇ ਸਭ ਤੋਂ ਪਹਿਲਾਂ ਝਿਓਰ, ਘੁਮਿਆਰ, ਮੋਚੀ, ਮਰਾਸੀ, ਨਾਈ ਤੇ ਧੋਬੀ ਪੁੱਜੇ। ਚੁੰਗੇ ਦੀ ਮਾਂ ਕੋਲ ਬੈਠਾ ਝਿਓਰ ਲੋਕਾਂ ਵਲ ਇੰਜ ਤੱਕ ਰਿਹਾ ਸੀ ਜਿਵੇਂ ਉਹਦੀਆਂ ਅੱਖਾਂ ਪਥਰਾ ਗਈਆਂ ਹੋਣ।

ਚੁੰਗੇ, ਉਏ ਚੁੰਗੇ! ਇਕੱਠਿਆਂ ਸਭ ਨੇ ਖੂਹ ਦੀ ਮੌਣ 'ਤੇ ਝੁਕ ਆਖਿਆ।

ਅਵਾਜ਼ ਡੂੰਘੇ ਖੂਹ ਦੀ ਗੋਲਾਈ ਵਿਚ ਚੱਕਰ ਖਾਂਦੀ ਜਿਵੇਂ ਹੇਠਾਂ ਗਈ ਸੀ, ਉਂਜ ਹੀ ਗੂੰਜ ਬਣ ਵਾਪਸ ਆ ਗਈ। ਦੂਰ ਖੂਹ ਦੇ ਹੇਠਾਂ ਥਾਲੀ ਵਾਂਗ ਚਮਕਦਾ ਪਾਣੀ ਉਂਜ ਦਾ ਉਂਜ ਹੀ ਅਹਿਲ ਖੜ੍ਹਾ ਰਿਹਾ।

ਰੱਸੇ ਦੇ ਇਕ ਸਿਰੇ 'ਤੇ ਬੰਨ੍ਹੀ ਮਜ਼ਬੂਤ ਲੱਕੜ 'ਤੇ ਇਕ ਨੌਜਵਾਨ ਗੋਤਾਖੋਰ ਪੈਰ ਲਮਕਾ ਬਹਿ ਗਿਆ। ਤਿੰਨ ਜਣਿਆਂ ਨੇ ਰੱਸੇ ਦਾ ਦੂਜਾ ਸਿਰਾ ਫੜ ਲਿਆ। ਗੋਤਾਖੋਰ ਨੇ ਰੱਬ ਦਾ ਨਾਂ ਲੈ ਖੂਹ ਵਿਚ ਤੱਕਿਆ। ਫਿਰ ਉਹਨੂੰ ਹੌਲੀ ਹੌਲੀ ਹੇਠਾਂ ਉਤਾਰਨ ਲੱਗ ਪਏ।

ਲੋਕਾਂ ਦੀ ਭੀੜ ਪਲ ਪਲ ਵਧਦੀ ਜਾ ਰਹੀ ਸੀ। ਕੁਝ ਝਿਓਰੀਆਂ ਵੈਣ ਪਾਂਦੀਆਂ ਆਈਆਂ ਤੇ ਕਰਮਾਂ ਦੇ ਮੂੰਹ 'ਤੇ ਪਾਣੀ ਦੇ ਛਿੱਟੇ ਮਾਰਨ ਲੱਗੀਆਂ। ਲੋਕ ਬੱਚਿਆਂ ਨੂੰ ਖੂਹ ਦੇ ਨੇੜੇ ਆਉਣ ਤੋਂ ਵਰਜ ਰਹੇ ਸਨ। ਗੋਤਾਖੋਰ ਹੁਣ ਅੱਧ ਤੀਕ ਪੁੱਜ ਗਿਆ ਸੀ।

ਅਚਾਨਕ ਕਰਮਾਂ ਹੋਸ਼ ਵਿਚ ਆਈ। ਅੱਖਾਂ ਖੋਲ੍ਹੀਆਂ, ਪੁਤਲੀਆਂ ਵਿਚ ਜਿਵੇਂ ਕੋਈ ਭਿਆਨਕ ਮੱਚ ਪਈ ਤੇ ਉਹ ਇਕੋ ਝਟਕੇ ਨਾਲ ਉਠ ਖਲੋਤੀ ਪਰ ਔਰਤਾਂ ਨੇ ਉਹਨੂੰ ਜਕੜ ਲਿਆ। ਫਿਰ ਉਹ ਇਕ ਦਮ ਬੱਚਿਆਂ ਵਾਂਗ ਰੋਣ ਲੱਗੀ ਅਤੇ ਦੁਹਥੜੀਂ ਪਿੱਟਣ ਲੱਗੀ, ਹਾਇ ਮੇਰਾ ਚੁੰਗਾ! ਮੇਰਾ ਲਾਲ! ਮੇਰਾ ਚੰਨ ਦਾ ਟੋਟਾ! ਮੇਰਾ ਸੋਨੇ ਦਾ ਦਾਣਾ! ਚੁੰਗੇ! ਵੇ ਚੁੰਗੇ! ਤੈਨੂੰ ਰੱਬ ਦਾ ਵਾਸਤਾ ਈ, ਤੂੰ ਮਰੀਂ ਨਾ, ਇੰਜ ਹਸਦਾ ਹਸਦਾ ਬਾਹਰ ਨਿਕਲ ਆ ਜਿਵੇਂ ਸਕੂਲੋਂ ਆਉਨਾਂ ਏਂ! ਮਰੀਂ ਨਾ ਮੇਰੇ ਪੁੱਤ! ਜੇ ਤੂੰ ਮਰ ਗਿਓਂ ਤਾਂ ਖੁਦਾ ਦੀ ਖੁਦਾਈ 'ਚ ਜੀਂਦਾ ਕੌਣ ਰਹੇਗਾ?

ਕਰਮਾਂ ਰੋਂਦੀ ਤੇ ਵੈਣ ਪਾਉਂਦੀ ਰਹੀ। ਔਰਤਾਂ ਉਹਨੂੰ ਦਿਲਾਸਾ ਦੇਣ ਦੀ ਥਾਂ ਆਪ ਰੋਂਦੀਆਂ ਰਹੀਆਂ। ਖੂਹ ਦੁਆਲੇ ਮੇਲੇ ਵਾਂਗ ਭੀੜ ਜੁੜੀ ਖਲੋਤੀ ਸੀ। ਤੀਹ ਚਾਲੀ ਆਦਮੀ ਖੂਹ ਵਿਚ ਝੁਕ-ਝੁਕ ਇਕ ਦੂਜੇ ਨੂੰ ਝੁਕ ਕੇ ਵੇਖਣ ਤੋਂ ਹੋੜ ਰਹੇ ਸਨ ਅਤੇ ਤਾਕੀਦਾਂ ਕਰ ਰਹੇ ਸਨ ਕਿ ਵੇਖਣਾ, ਕਿਤੇ ਇਕ ਕੰਕਰ ਵੀ ਖੂਹ 'ਚ ਨਾ ਡਿਗੇ। ਜੇ ਡਿਗ ਪਿਆ ਤਾਂ ਗੋਤਾਖੋਰ ਦੇ ਗੋਲੀ ਵਾਂਗ ਲੱਗੂ।

ਫਿਰ ਗੋਤਾਖੋਰ ਦੀ ਅਵਾਜ਼ ਆਈ, ਮੈਂ ਅਪੜ ਗਿਆਂ। ਰੱਸਾ ਜ਼ਰਾ ਢਿਲਾ ਛੱਡ ਦਿਓ, ਮੈਂ ਗੋਤਾ ਮਾਰਾਂ।

ਸਭ ਨੇ ਸਾਹ ਤੀਕ ਰੋਕ ਲਏ। ਕਰਮਾਂ ਵੀ ਚੁੱਪ ਹੋ ਗਈ।

ਇਧਰ ਹਵਾ ਵਿਚ ਇਕ ਟਟਹਿਰੀ 'ਤਿਹਾਈ ਆਂ-ਤਿਹਾਈ ਆਂ' ਪੁਕਾਰਦੀ ਲੰਘ ਗਈ।



ਖੂਹ ਉਤੇ ਝੁਕੀ ਹੋਈ ਟਾਹਲੀ ਨਾਲੋਂ ਇਕ ਪੀਲਾ ਪੱਤਾ ਟੁੱਟਿਆ ਤੇ ਭਮੀਰੀ ਵਾਂਗ ਘੁੰਮਦਾ ਖੂਹ ਵਿਚ ਲਹਿ ਗਿਆ।

ਕੁਝ ਨਹੀਂ ਮਿਲਿਆ। ਮੁੜ ਗੋਤਾ ਮਾਰਦਾਂ, ਜਿਵੇਂ ਪਤਾਲ ਵਿਚੋਂ ਆਵਾਜ਼ ਆਈ।

ਲੋਕ ਘੁਸਰ-ਮੁਸਰ ਕਰਨ ਲੱਗੇ। ਕਰਮਾਂ ਨੇ ਵਹਿਸ਼ਤ ਨਾਲ ਉਨ੍ਹਾਂ ਵਲ ਤਕਿਆ। ਫਿਰ ਆਪਣੇ ਵਾਲ ਪੁੱਟਣ ਲਗ ਪਈ।

ਗੋਤਾਖੋਰ ਮੁੜ ਬੋਲਿਆ, ਪਾਣੀ ਬਹੁਤ ਡੂੰਘੈ। ਮੈਂ ਥੱਲੇ ਤਾਈਂ ਨੀ ਪੁੱਜ ਸਕਿਆ। ਸਾਹ ਟੁੱਟ ਜਾਂਦੈ। ਮੈਨੂੰ ਬਾਹਰ ਖਿੱਚ ਲਵੋ।

ਹਾਇ ਵੇ ਪੁੱਤ! ਜ਼ਰਾ ਏਧਰ ਓਧਰ ਕੰਢੇ ਕੰਢੇ ਚਾ ਵੇਖ। ਕਰਮਾਂ ਖੂਹ ਵਿਚ ਝੁਕ ਚੀਕੀ। ਔਰਤਾਂ ਨੇ ਉਹਨੂੰ ਬਾਹਾਂ ਤੋਂ ਫੜਿਆ ਹੋਇਆ ਸੀ। ਉਹ ਬੋਲਦੀ ਗਈ, ਹਾਲੀਂ ਬਾਹਰ ਨਾ ਨਿਕਲ। ਤੇਰੀ ਮਾਂ ਤੇਰੀਆਂ ਖੁਸ਼ੀਆਂ ਵੇਖ-ਵੇਖ ਨਾ ਰੱਜੇ। ਇਕ ਗੋਤਾ ਹੋਰ ਪੁੱਤਰ! ਉਹ ਲੱਪ ਲੱਪ ਹੰਝੂ ਕੇਰਨ ਲਗੀ।

ਕੁਝ ਪਲ ਚੁੱਪ ਵਰਤੀ ਰਹੀ। ਢੋਲ ਵਜਾਉਣ ਵਾਲਾ ਮੀਰੂ ਝਿਓਰ ਸਿਰ 'ਤੇ ਮੰਜੇ ਚੁੱਕ ਨਸਿਆ ਨਸਿਆ ਆ ਪੁੱਜਾ।

ਨਿਕਲਿਆ? ਉਹਨੇ ਪੁੱਛਿਆ।

ਹਾਲੀਂ ਨਹੀਂ। ਕਿਸੇ ਨੇ ਜਵਾਬ ਦਿੱਤਾ।

ਨਹੀਂ ਮਾਸੀ, ਕੋਈ ਨਾਂ ਨਿਸ਼ਾਨ ਨਹੀਂ। ਪਾਣੀ ਬਹੁਤ ਡੂੰਘਾ ਏ। ਮੇਰੇ ਪੈਰ ਤਾਂ ਹੇਠਾਂ ਲਗਦੇ ਹੀ ਨਹੀਂ। ਮੈਨੂੰ ਬਾਹਰ ਖਿੱਚ ਲਵੋ।

ਕਰਮਾਂ ਦੁਹਥੜੀਂ ਪਿੱਟਣ ਲੱਗੀ ਤੇ ਲੋਕ ਗੋਤਾਖੋਰ ਨੂੰ ਬਾਹਰ ਖਿੱਚਣ ਲੱਗ ਪਏ।

ਫਿਰ ਇਕ ਹੋਰ ਗੋਤਾਖੋਰ ਨੂੰ ਉਤਾਰਿਆ ਗਿਆ। ਇੰਜ ਵਾਰੀ ਵਾਰੀ ਛੇ ਗੋਤਾਖੋਰ ਖੂਹ ਵਿਚ ਉਤਰੇ ਅਤੇ ਇਹ ਕਹਿੰਦਿਆਂ ਬਾਹਰ ਨਿਕਲ ਆਏ ਕਿ ਪਤਾ ਨਹੀਂ ਖੂਹ ਵਿਚ ਇਕ ਦਮ ਇੰਨਾ ਪਾਣੀ ਕਿਥੋਂ ਆ ਗਿਐ, ਥਾਹ ਹੀ ਨਹੀਂ ਮਿਲਦੀ।

ਲੋਕ ਚਾਰ-ਚਾਰ, ਪੰਜ-ਪੰਜ ਦੀਆਂ ਟੋਲੀਆਂ ਵਿਚ ਇਧਰ ਉਧਰ ਖਿੰਡ ਗਏ। ਕਰਮਾਂ ਰੋਂਦੀ ਪਿੱਟਦੀ ਰਹੀ।

ਇਕ ਆਦਮੀ ਗੁਆਂਢੀ ਪਿੰਡ ਦੇ ਮਸ਼ਹੂਰ ਗੋਤਾਖੋਰ ਨੂੰ ਲੈਣ ਨੱਸਿਆ। ਝਿਓਰ ਤੇ ਘੁਮਿਆਰ ਖੂਹ ਤੋਂ ਪਾਸੇ ਹਟ ਟਾਹਲੀ ਨਾਲ ਲਗ ਬਹਿ ਗਏ। ਕਰਮਾਂ ਨੂੰ ਵੀ ਔਰਤਾਂ ਪਾਸੇ ਲੈ ਗਈਆਂ। ਤਾਜ਼ੀ ਧੁੱਪ ਵਿਚ ਖੂਹ ਦਾ ਮੂੰਹ ਆਮ ਨਾਲੋਂ ਬਹੁਤਾ ਫੈਲ ਗਿਆ।

ਕੁਝ ਲੋਕ ਫਿਰਦੇ ਫਿਰਾਂਦੇ ਖੂਹ ਤੋਂ ਦੂਰ ਨਿਕਲ ਗਏ ਤੇ ਫਿਰ ਪਿੰਡ ਦੇ ਰਾਹ ਪੈ ਗਏ। ਬਨੇਰਿਆਂ ਤੋਂ ਔਰਤਾਂ ਦੀ ਗਿਣਤੀ ਵੀ ਘੱਟ ਹੋ ਗਈ।

ਮਲਕ ਰਹਿਮਾਨ ਖਾਨ ਸਾਹਿਬ ਜਦੋਂ ਨਮਾਜ਼ ਤੋਂ ਵਿਹਲੇ ਹੋ ਖੂਹ 'ਤੇ ਪੁੱਜੇ ਤਾਂ ਕਰਮਾਂ ਉਸੇ ਤਰ੍ਹਾਂ ਵੈਣ ਪਾ ਰਹੀ ਸੀ। ਮਲਕ ਸਾਹਿਬ ਦੇ ਹੱਥ ਵਿਚ ਮਾਲਾ ਤੇ ਮੱਥੇ ਉਤੇ ਸਿਜਦੇ ਦੀ ਮਿੱਟੀ ਲੱਗੀ ਹੋਈ ਸੀ। ਆਂਦਿਆਂ ਹੀ ਬੋਲੇ, ਕਰਮਾਂ ਵਿਚਾਰੀ ਨੂੰ ਪਿੱਟਣ ਤੋਂ ਰੋਕੋ। ਰੋਵੇ ਬੇਸ਼ਕ; ਪਰ ਪਿੱਟਣਾ ਜਾਇਜ਼ ਨਹੀਂ ਏ।

ਕਿਸੇ ਨੇ ਉਨ੍ਹਾਂ ਵਲ ਧਿਆਨ ਨਾ ਦਿੱਤਾ। ਮਲਕ ਸਾਹਿਬ ਨੇ ਵੀ ਸ਼ਾਇਦ ਇਹ ਰਾਇ ਐਵੇਂ ਰਸਮੀ ਤੌਰ 'ਤੇ ਦਿੱਤੀ ਸੀ, ਕਿਉਂਕਿ ਉਹ ਵੀ ਕਿਸੇ ਦਾ ਜਵਾਬ ਉਡੀਕੇ ਬਿਨਾ ਖੂਹ ਦੀ ਮੌਣ 'ਤੇ ਆ ਗਏ। ਹੇਠਾਂ ਵੇਖਿਆ। ਫਿਰ ਜਿਵੇਂ ਆਪਣੇ ਆਪ ਨੂੰ ਧੱਕਾ ਮਾਰ ਪਿਛਾਂਹ ਹਟ ਗਏ। ਬੋਲੇ, ਸਾਡੇ ਪਹਾੜੀ ਇਲਾਕੇ ਦੀ ਏਹ ਕੇਡੀ ਬਦਕਿਸਮਤੀ ਹੈ ਕਿ ਇਥੇ ਪਾਣੀ ਬਹੁਤ ਡੂੰਘਾ ਹੈ। ਮੈਦਾਨੀ ਇਲਾਕਿਆਂ ਦੇ ਖੂਹਾਂ ਵਿਚ ਤਾਂ ਗੱਭਰੂ ਸ਼ਰਤਾਂ ਬੰਨ੍ਹ ਬੰਨ੍ਹ ਛਾਲਾਂ ਮਾਰਦੇ ਨੇ। ਸਾਡੇ ਖੂਹ 'ਚ ਕੋਈ ਡਿੱਗ ਪਵੇ ਤਾਂ ਡਰ ਦੇ ਮਾਰਿਆਂ ਅੱਧ ਵਿਚ ਹੀ ਜਾਨ ਨਿਕਲ ਜਾਂਦੀ ਏ।

ਹੌਲੀ ਹੌਲੀ ਮਲਕ ਜੀ! ਕਰਮਾਂ ਵਿਚਾਰੀ ਦਾ ਤਾਂ ਕੁਝ ਖਿਆਲ ਕਰੋ। ਮੀਰੂ ਝਿਓਰ ਬੋਲਿਆ।

ਉਏ ਤੂੰ ਵੀ ਏਥੇ ਹੀ ਏਂ ਮੀਰੂ? ਮਲਕ ਜੀ ਨੇ ਉਹਦੇ ਕੋਲ ਜਾ ਆਖਿਆ, ਨਹੀਂ ਮਿਲਿਆ ਵਿਚਾਰਾ?

ਜੀ ਹਾਲੀਂ ਨਹੀਂ। ਮੀਰੂ ਨੇ ਜਵਾਬ ਦਿੱਤਾ।

ਏਹ ਸਾਡੇ ਪਾਪਾਂ ਦੀ ਸਜ਼ਾ ਏ। ਉਹ ਬੋਲੇ।

ਮੀਰੂ ਹਵਾ ਵਿਚ ਹੀ ਵੇਖਦਾ ਰਹਿ ਗਿਆ।

ਫਿਰ ਮਲਕ ਸਾਹਿਬ ਬੋਲੇ, ਤੇ ਬਈ ਮੀਰੂ! ਉਹ ਰੇਤੇ ਦੇ ਤਿੰਨ ਬੋਰੇ ਜਿਹੜੇ ਤੈਨੂੰ ਲਿਆਉਣ ਲਈ ਕਿਹਾ ਸੀ? ਜੇ ਅਗਲੇ ਜੁਗ ਵਿਚ ਲਿਆਉਣ ਦੀ ਸਲਾਹ ਏ ਤਾਂ ਅਗਲਾ ਜੁਗ ਤਾਂ ਆਉਣਾ ਨਹੀਂ। ਉਦੋਂ ਤੱਕ ਤਾਂ ਕਿਆਮਤ ਆ ਜਾਵੇਗੀ।

ਜੀ ਚੰਗਾ। ਆਖ ਮੀਰੂ ਉਸ ਨੌਜਵਾਨ ਗੋਤਾਖੋਰ ਵਲ ਵਧ ਗਿਆ ਜੋ ਹੁਣੇ ਹੁਣੇ ਪਿੰਡੋਂ ਆਇਆ ਸੀ ਤੇ ਖੂਹ ਵਿਚ ਵੜਨ ਲਈ ਲੰਗੋਟਾ ਕਸ ਰਿਹਾ ਸੀ। ਗੋਤਾਖੋਰਾਂ ਨੂੰ ਖੂਹ ਵਿਚ ਉਤਾਰਨ ਵਾਲੇ ਨੇੜੇ ਆ ਗਏ। ਬਾਕੀ ਲੋਕ ਟੋਲੀਆਂ ਬਣਾ ਗੱਲਾਂ ਕਰਦੇ ਫਿਰਦੇ ਰਹੇ, ਜਿਵੇਂ ਪਲੇਟਫਾਰਮ 'ਤੇ ਘੁੰਮ ਰਹੇ ਹੋਣ ਤੇ ਗੱਡੀ ਲੇਟ ਹੋ ਗਈ ਹੋਵੇ।

ਕਰਮਾਂ ਨਵੇਂ ਗੋਤਾਖੋਰ ਨੂੰ ਅਸੀਸਾਂ ਦੇਣ ਲੱਗੀ ਤੇ ਮਲਕ ਸਾਹਿਬ ਮੀਰੂ ਨੂੰ ਇਹ ਆਖ ਪਿੰਡ ਵਲ ਤੁਰ ਪਏ ਕਿ ਜੇ ਨਿਕਲ ਆਇਆ ਤਾਂ ਕਬਰ ਦਾ ਛੇਤੀ ਇੰਤਜ਼ਾਮ ਕਰਨਾ। ਜੇ ਮੁਰਦੇ ਨੂੰ ਚਾਨਣੇ ਚਾਨਣੇ ਦਬਿਆ ਜਾਵੇ ਤਾਂ ਉਹਦੀ ਕਬਰ 'ਤੇ ਰੌਸ਼ਨੀ ਰਹਿੰਦੀ ਹੈ।

ਮਲਕ ਰਹਿਮਾਨ ਖਾਨ ਪਿੰਡ ਦੀ ਵੱਡੀ ਗਲੀ ਦੇ ਸਿਰੇ ਵਾਲੇ ਮੋੜ 'ਤੇ ਅਪੜ ਗਏ ਸਨ ਜਦੋਂ ਗੋਤਾਖੋਰ ਦੇ ਪੈਰ ਪਾਣੀ ਨਾਲ ਲਗੇ। ਇਹ ਗੋਤਾਖੋਰ ਵੀ ਸਫਲ ਨਾ ਹੋ ਸਕਿਆ। ਉਹਦੇ ਬਾਹਰ ਨਿਕਲਣ ਤੋਂ ਪਹਿਲਾਂ ਹੀ ਗੁਆਂਢੀ ਪਿੰਡ ਦਾ ਨਾਮੀ ਗੋਤਾਖੋਰ ਵੀ ਆ ਪੁੱਜਾ।

ਦੁਪਹਿਰ ਹੋ ਰਹੀ ਸੀ। ਟਾਹਲੀ ਦਾ ਤਣਾ ਜਿਵੇਂ ਟਾਹਲੀਆਂ ਦੀ ਖਿੰਡੀ ਹੋਈ ਥਾਂ ਨੂੰ ਆਪਣੇ ਵਜੂਦ ਵਿਚ ਸਮੇਟ ਰਿਹਾ ਸੀ।

ਕਰਮਾਂ ਨੇ ਨਾਮੀ ਗੋਤਾਖੋਰ ਵਲ ਇੰਜ ਤਕਿਆ ਜਿਵੇਂ ਕਿਸੇ ਮੁਰੀਦ ਨੇ ਪਹੁੰਚੇ ਪੀਰ ਵਲ ਵੇਖਿਆ ਹੋਵੇ, ਫਿਰ ਉਹਨੇ ਪਹਿਲੀ ਵਾਰ ਦੁਆਲੇ ਜੁੜੀਆਂ ਔਰਤਾਂ ਨੂੰ ਸੰਬੋਧਨ ਕੀਤਾ, ਬੜਾ ਔਖਾ ਕੰਮ ਏ ਇਨ੍ਹਾਂ ਦਾ। ਏਹ ਗੋਤਾਖੋਰ ਆਪਣੀਆਂ ਮਾਂਵਾਂ ਤੋਂ ਬੱਤੀ ਧਾਰਾਂ ਬਖਸ਼ਾਈ ਫਿਰਦੇ ਨੇ। ਖੁਦਾ ਇਨ੍ਹਾਂ ਨੂੰ ਸਿਕੰਦਰ ਬਾਦਸ਼ਾਹ ਦੇ ਭਾਗ ਲਾਵੇ। ਖੁਆਜਾ ਖਿਜ਼ਰ ਦੀ ਉਮਰ ਪਾਉਣ ਇਹ। ਇਹ ਮਾਂਵਾਂ ਦੇ ਹਲਾਲੀ ਪੁੱਤ ਨੇ, ਮੇਰੇ ਚੁੰਗੇ ਵਰਗੇ! ਤੇ ਫਿਰ ਜ਼ਾਰ ਜ਼ਾਰ ਰੋਣ ਲੱਗੀ।

ਗੋਤਾਖੋਰ ਛੋਟੇ ਕੱਦ ਵਾਲਾ, ਪਤਲਾ ਜਿਹਾ ਨੌਜਵਾਨ ਸੀ। ਉਹਨੇ ਦੋਹਾਂ ਹੱਥਾਂ ਨਾਲ ਰੱਸੀ ਫੜ, ਖੂਹ ਦੇ ਮਹਿਲ ਦੇ ਨਾਲ ਨਾਲ ਪੈਰ ਟਿਕਾ ਇੰਜ ਤੇਜ਼ੀ ਨਾਲ ਉਤਰਨਾ ਸ਼ੁਰੂ ਕੀਤਾ ਜਿਵੇਂ ਗਲੀ ਵਿਚ ਤੁਰ ਰਿਹਾ ਹੋਵੇ।

ਰੱਸਾ ਢਿੱਲਾ ਛੱਡੋ। ਹੇਠਾਂ ਪੁੱਜ ਬੋਲਿਆ।

ਰੱਸਾ ਢਿੱਲਾ ਛੱਡ ਦਿੱਤਾ ਗਿਆ।

ਖੂਹ ਦੀ ਮੌਣ 'ਤੇ ਸੰਨਾਟਾ ਛਾ ਗਿਆ। ਕਰਮਾਂ ਨੇ ਦੁਆ ਲਈ ਹੱਥ ਉਤਾਂਹ ਚੁਕੇ।

ਬਹੁਤ ਡੂੰਘਾ ਪਾਣੀ ਐ ਭਰਾਵੋ। ਇਕ ਗੋਤਾ ਹੋਰ ਲਾ ਕੇ ਵੇਖਦਾਂ।

ਗੋਤਾਖੋਰ ਨੇ ਲਗਾਤਾਰ ਚਾਰ ਗੋਤੇ ਮਾਰੇ ਤੇ ਜਦੋਂ ਪੰਜਵੇਂ ਗੋਤੇ ਪਿਛੋਂ ਉਹਨੇ 'ਵਾਜ਼ ਦਿੱਤੀ, ਮਿਲ ਗਿਐ ਪਈ ਮੁੰਡਾ, ਤਾਂ ਦੁਆ ਮੰਗ ਰਹੀ ਕਰਮਾਂ ਦੇ ਚਿਹਰੇ 'ਤੇ ਚਮਕ ਆ ਗਈ। ਫਿਰ ਇਹ ਚਮਕ ਬੁਝ ਗਈ ਤੇ ਉਹਦਾ ਚਿਹਰਾ ਭਿਆਨਕ ਹੋ ਗਿਆ।

ਕਿਸੇ ਨੇ ਗੋਤਾਖੋਰ ਤੋਂ ਇਹ ਪੁੱਛਣ ਦੀ ਲੋੜ ਨਾ ਸਮਝੀ ਕਿ ਮੁੰਡਾ ਜੀਂਦਾ ਏ ਜਾਂ ਮਰ ਗਿਆ ਹੈ। ਗੋਤਾਖੋਰ ਨੇ ਵੀ ਇਸ ਬਾਰੇ ਕੁਝ ਆਖਣਾ ਠੀਕ ਨਾ ਸਮਝਿਆ।

ਆਉਣ ਵਾਲੇ ਖਤਰੇ ਨੂੰ ਕਿਆਸ ਕਰਮਾਂ ਇਕ ਦਮ ਚੀਕ ਪਈ, ਕਿਵੇਂ ਐ ਮੇਰਾ ਬੱਚਾ?

ਗੋਤਾਖੋਰ ਨੇ ਕੋਈ ਜਵਾਬ ਨਾ ਦਿੱਤਾ। ਕਰਮਾਂ ਦੀ ਅਵਾਜ਼ ਜਿਵੇਂ ਡੂੰਘੇ ਖੂਹ ਦੀ ਗੁਲਾਈ ਵਿਚ ਹੇਠਾਂ ਗਈ ਸੀ, ਉਂਜ ਹੀ ਗੂੰਜ ਬਣ ਉਤਾਂਹ ਪਰਤ ਆਈ।

ਰੱਸਾ ਖਿਚ ਲਵੋ। ਮੈਂ ਲੱਕੜ 'ਤੇ ਬੈਠਾ ਲਾਸ਼ ਪੱਟਾਂ 'ਤੇ ਰੱਖ ਲਵਾਂਗਾ।

ਰੱਸਾ ਖਿਚਣ ਵਾਲੇ ਤਿੰਨ ਆਦਮੀਆਂ ਨੇ ਪਹਿਲੀ ਵਾਰ ਮੁੜ ਕੇ ਵੇਖਿਆ ਤਾਂ ਉਥੇ ਕੋਈ ਵੀ ਨਹੀਂ ਸੀ। ਜਿਥੇ ਹੁਣੇ ਹੀ ਮੇਲਾ ਲੱਗਾ ਹੋਇਆ ਸੀ, ਉਥੇ ਹੁਣ ਟਾਹਲੀਆਂ ਦੇ ਪੱਤੇ ਉਡ ਰਹੇ ਸਨ। ਜਾਪਦਾ ਸੀ, ਸਾਰੇ ਪਿੰਡ ਦੀ ਆਬਾਦੀ ਚੁੱਪ-ਚਾਪ ਖੂਹ ਵਿਚ ਗਰਕ ਗਈ ਸੀ। ਬਸ ਕੁਝ ਬਚੇ ਸਨ, ਜੋ ਇਕ ਪਾਸੇ ਸਹਿਮੇ ਜਿਹੇ ਖਲੋਤੇ ਦੂਰ ਪਿੰਡ ਦੇ ਬਨੇਰੇ ਨੀਲੇ ਅਸਮਾਨ ਨੂੰ ਕੱਟ ਰਹੇ ਸਨ।

ਲੋਕ ਕਿਥੇ ਚਲੇ ਗਏ? ਮੀਰੂ ਝਿਓਰ ਨੇ ਹੈਰਾਨੀ ਨਾਲ ਪੁੱਛਿਆ।

ਫਿਰ ਇਕ ਆਦਮੀ ਨੇ ਗੋਤਾਖੋਰ ਨੂੰ ਦੱਸਿਆ, ਪਤਾ ਨੀ ਲੋਕ ਇਕਦਮ ਕਿਥੇ ਚਲੇ ਗਏ? ਅਸੀਂ ਕੁਲ ਤਿੰਨ ਆਦਮੀ ਆਂ। ਦੋ ਜਣਿਆਂ ਨੂੰ ਕਿਵੇਂ ਖਿਚਾਂਗੇ?

ਲੋਕ ਸਨ ਹੀ ਕਿਥੇ? ਗੋਤਾਖੋਰ ਬੋਲਿਆ, ਮੈਂ ਤਾਂ ਜਦੋਂ ਆਇਆ ਸਾਂ ਤੁਸੀਂ ਹੀ ਤਿੰਨ ਸਓ, ਜਾਂ ਮਾਸੀ ਕਰਮਾਂ ਤੇ ਕੁਝ ਬੱਚੇ ਸਨ।

ਕਿਸੇ ਨੂੰ ਪਤਾ ਨਹੀਂ ਸੀ ਲੱਗਾ ਕਿ ਲੋਕ ਕਦੋਂ ਪਿੰਡ ਪਰਤ ਆਪਣੇ ਕੰਮ ਧੰਦਿਆਂ 'ਚ ਰੁੱਝ ਗਏ ਸਨ। ਘਰਾਂ ਵਿਚੋਂ ਧੂੰਆਂ ਉਠ ਰਿਹਾ ਸੀ। ਨਾਲ ਵਾਲੀਆਂ ਪਹਾੜੀਆਂ 'ਤੇ ਇੱਜੜ ਚਰ ਰਹੇ ਸਨ। ਦੂਰ ਇਕੋ ਕੋਠੇ ਉਤੇ ਇਕ ਸੁਆਣੀ ਧੋਤੇ ਹੋਏ ਕੱਪੜੇ ਸੁਕਣੇ ਪਾ ਰਹੀ ਸੀ।

ਕਰਮਾਂ ਕੁਝ ਪਲ ਪਿੰਡ ਵਲ ਭਿਆਨਕ ਅੱਖਾਂ ਨਾਲ ਤਕਦੀ ਰਹੀ। ਫਿਰ ਉਹਨੇ ਦੰਦਾਂ ਨਾਲ ਆਪਣਾ ਹੇਠਲਾ ਬੁੱਲ੍ਹ ਟੁਕਿਆ ਤੇ ਰੱਸੇ ਵਾਲਿਆਂ ਕੋਲ ਧਾਹ ਬੋਲੀ, ਲਿਆਓ, ਮੈਂ ਖਿਚਾਂਗੀ।

ਤਿੰਨ ਝਿਓਰਾਂ ਦੀਆਂ ਅੱਖਾਂ ਭਰ ਆਈਆਂ। ਇਕ ਨੇ ਬੱਚਿਆਂ ਨੂੰ ਹਾਕ ਮਾਰੀ। ਉਹ ਨੱਸ ਕੇ

*(ਅਗਲੇ ਸਫੇ 'ਤੇ ਜਾਰੀ)*

# ਨਾਜਰਾ ਲਾ ਸੀਪ ਦੀ ਬਾਜੀ

ਅੰਦਰ-ਖਾਤੇ



ਐਸ. ਅਸ਼ੋਕ ਭੌਰਾ

ਸਕੂਲ ਦੀ ਮੂਹਰਲੀ ਸੜ੍ਹਕ 'ਤੇ ਅਧਿਆਪਕ ਵਿਦਿਆਰਥੀਆਂ ਦਾ ਕਾਫਲਾ ਲੈ ਕੇ ਜਾ ਰਹੇ ਸਨ, ਸ਼ਾਇਦ ਅਨਪੜ੍ਹਤਾ ਵਿਰੁਧ ਜਾਗਰੂਕਤਾ ਰੈਲੀ ਕੱਢੀ ਜਾ ਰਹੀ ਸੀ, ਬੱਚੇ ਨਾਅਰੇ ਲਾ ਰਹੇ ਸਨ, "ਵਿੱਦਿਆ ਮਨੁੱਖ ਦਾ ਤੀਜਾ ਨੇਤਰ ਹੈ, ਵਿੱਦਿਆ ਮਨੁੱਖ ਦਾ ਤੀਜਾ ਨੇਤਰ ਹੈ; ਬੱਚੇ ਪੜ੍ਹਾਓ, ਪੀੜ੍ਹੀ ਬਚਾਓ, ਵਿੱਦਿਆ ਮਨੁੱਖ ਦਾ ਤੀਜਾ ਨੇਤਰਾ ਹੈ।" ਅੱਗੇ ਜਾ ਕੇ ਰੈਲੀ ਨੇ ਪੜਾਅ ਕੀਤਾ। ਸਰਪੰਚ ਨੇ ਬੜਾ ਭਾਸ਼ਣ ਦਿੱਤਾ। ਅਮਲੀ ਸਰਪੰਚ ਨੂੰ ਕਹਿਣ ਲੱਗਾ, "ਮੈਂ ਵੀ ਪੰਜ ਜਮਾਤਾਂ ਪੜ੍ਹਿਆਂ, ਮੈਨੂੰ ਦੋ ਮਿੰਟ ਬੋਲਣ ਦਾ ਟੈਮ ਮਿਲ ਜੂ?"

"ਕੋਈ ਚੰਗੀ ਗੱਲ ਕਰੀਂ ਅਮਲੀਆ," ਕਹਿ ਕੇ ਸਰਪੰਚ ਨੇ ਮਾਈਕ ਅਮਲੀ ਨੂੰ ਫੜਾ ਦਿੱਤਾ।

ਤੇ ਅਮਲੀ ਨੇ ਆਪਣਾ ਭਾਸ਼ਣ ਸ਼ੁਰੂ ਕੀਤਾ, "ਪਿਆਰੇ ਬੱਚਿਓ, ਮੇਰੇ ਨਾਲ ਦੋ ਜਣੇ ਪੜ੍ਹਦੇ ਹੁੰਦੇ ਸੀ। ਸੁਨਿਆਰਿਆਂ ਦਾ ਸਵਰਨਾ, ਤੇ ਵਿਹਲੜਾਂ ਦਾ ਬਖਸ਼ਾ। ਸਵਰਨੇ ਨੇ ਪੂਰੀ ਪੜ੍ਹਾਈ ਕੀਤੀ। ਕਿਤੇ ਨੀਂ ਨੌਕਰੀ ਮਿਲੀ। ਬਖਸ਼ਾ ਮੇਰੇ ਤੋਂ ਵੀ ਪਹਿਲਾਂ ਹੀ ਹਟ ਗਿਆ ਚੌਥੀ 'ਚੋਂ। ਉਹਨੂੰ ਬੁੜ੍ਹੇ ਨੇ ਡੰਗਰ ਹੱਕਣ ਲਾ ਲਿਆ। ਫਿਰ ਉਹ ਮੰਡੀ 'ਚ ਪੱਲੇਦਾਰੀ ਕਰਨ ਲੱਗ ਪਿਆ। ਬਖਸ਼ਾ ਨੇਤਾ ਬਣ ਗਿਆ, ਅੱਜ ਕੱਲ੍ਹ ਸ਼ਹਿਰ ਕੋਠੀ ਆ, ਤਿੰਨ ਗੱਡੀਆਂ ਆ, ਇਕ ਪੈਟਰੌਲ ਪੰਪ ਆ, ਦੋ ਚੌਲਾਂ ਦੀਆਂ ਮਿੱਲਾਂ ਨੇ, ਤੇ ਲਾਲਾ ਵਿਚਾਰਾ ਕਰਿਆਨੇ ਦੀ ਦੁਕਾਨ ਈ ਕਰੀ ਜਾਂਦਾ। ਤੇ ਬੱਚਿਓ ਵਿੱਦਿਆ ਤੀਜਾ ਨੇਤਰ ਨਹੀਂ, ਨਾਅਰਾ ਲਾਓ, ਪੈਸਾ ਤੀਜਾ ਨੇਤਰ ਹੈ, ਪੈਸਾ ਤੀਜਾ ਨੇਤਰ ਹੈ; ਬਖਸ਼ਾ ਅੱਖੋਂ ਕਾਣਾ ਹੈ, ਕੀ ਵਰਤਿਆ ਭਾਣਾ ਹੈ; ਪੈਸਾ ਤੀਜਾ ਨੇਤਰ ਹੈ, ਪੈਸਾ ਤੀਜਾ ਨੇਤਰ ਹੈ।"

ਬੱਚਿਆਂ ਨੇ ਪਿੰਡ ਦੁਆਲੇ ਗੇੜੀ ਤਾਂ ਲਾਈ, ਪਰ ਉਨ੍ਹਾਂ ਅੰਦਰ ਨਾਅਰੇ ਲਾਉਣ ਦਾ ਜੋਸ਼ ਘਟ ਗਿਆ ਸੀ।

---

"ਉਹ ਤੀਲਿਆ ਜਿਹਾ ਦਿਸਿਆ ਨ੍ਹੀਂ ਕਦੀ, ਅੱਜ ਬਰਸਾਤੀ ਡੱਡੂ ਵਾਂਗੂ ਪ੍ਰਗਟ ਹੋ ਗਿਆਂ।" ਜਾਗਰ ਨੇ ਸੱਥ ਵੱਲ ਤੁਰੇ ਆਉਂਦੇ ਨਾਜਰ 'ਤੇ ਤੋੜਾ ਝਾੜਿਆ ਤੇ ਅੱਗੋਂ ਨਾਜਰ ਨੇ ਵੀ ਤਾਣ ਲਈ ਗੁਲੇਲ, ਮਾਰਿਆ ਸਿੱਧਾ ਨਿਸ਼ਾਨਾ ਅੱਖ 'ਚ। ਉਸੇ ਸੁਰ ਵਿਚ ਬੋਲਿਆ, "ਓਹ ਬੈਠਾ ਰਹਿ ਅਰਮਾਨ ਨਾਲ, ਪੌਣੇ ਦੋ ਤੇਰੀਆਂ ਲੱਤਾਂ, ਸੱਜੇ ਹੱਥ ਦੀਆਂ ਦੋ ਉਂਗਲਾਂ ਵੱਡ ਹੋਈਆਂ, ਸਾਲਾ ਹੱਡਾਰੋੜੀ ਦਾ ਕੁੱਤਾ, ਜਦ ਵੀ ਭੌਂਕਦਾ ਵੱਢਣ ਨੂੰ ਪੈਂਦਾ। ਹੁਣ ਸੁਣ ਲਈਆਂ ਮੈਥੋਂ। ਮੇਰੀ ਤਾਂ ਚੱਲ ਇਕ ਅੱਖ ਛੋਟੇ ਹੁੰਦੇ ਦੀ ਬਹਿ ਗੀ, ਖਾਨਦਾਨ ਦਾ ਕੱਦ ਦੇਖ ਸਾਡੇ ਦਾ।"

"ਓ ਤੂੰ ਤਾਂ ਐਵੇਂ ਗੁੱਸਾ ਕਰ ਗਿਆਂ ਨਾਜਰਾ, ਮੈਂ ਤਾਂ ਮਜ਼ਾਕ ਕੀਤਾ ਸੀ, ਤੂੰ ਦਿਲ ਨੂੰ ਈ ਲਾ ਲਿਆ। ਹਾਅ ਦੱਸ ਤੂੰ ਅੱਗੇ ਖਾਨਦਾਨ ਦੀ ਕਦੇ ਗੱਲ ਨਹੀਂ ਕੀਤੀ ਸੀ, ਭਲਾ ਕਿੰਨਾ ਕੁ ਉਚਾ ਤੇਰਾ ਖਾਨਦਾਨ, ਦੱਸੀਂ ਤਾਂ ਕੇਰਾਂ।"


"ਇਹ ਘਰ ਦੀਆਂ ਗੱਲਾਂ ਅਸੀਂ ਕੀਤੀਆਂ ਨਹੀਂ ਸੀ ਕਦੇ, ਲੈ ਅੱਜ ਤੈਨੂੰ ਦੱਸਦਾਂ। ਜਿਹੜਾ ਮੇਰਾ ਬਾਬਾ ਸੀ ਤੁਲਸੀ, ਉਹਦਾ ਸਾਡੀ ਦਾਦੀ ਠਾਕਰੀ ਨਾਲ ਬੜਾ ਪਿਆਰ ਸੀ, ਮਰਦੇ ਤਾਂ ਮਰ ਗਏ ਪਰ ਉਨ੍ਹਾਂ ਦੀਆਂ ਪਿਆਰ ਦੀਆਂ ਕਹਾਣੀਆਂ ਜਿਹੜੀਆਂ ਨਾ, ਉਹ ਸਾਡੇ ਲਈ ਹਾਲੇ ਵੀ ਬਹੁਤ ਵੱਡੇ ਮਾਣ ਵਾਲੀਆਂ ਗੱਲਾਂ ਨੇ।"

"ਉਹ ਤੂੰ ਕੋਈ ਇਕ ਤਾਂ ਦੱਸ, ਐਵੇਂ ਅੱਜ ਪਤਾ ਨ੍ਹੀਂ ਕਿਹੜੀਆਂ ਫੋਕੀਆਂ ਸ਼ੁਰਲੀਆਂ ਛੱਡਣ ਲੱਗ ਪਿਆਂ।"

"ਜਾਗਰਾ ਸੁਣ, ਸਾਡਾ ਬਾਬਾ ਤੁਲਸੀ ਪਹਿਲਾਂ ਮਰ ਗਿਆ। ਸਾਡੀ ਦਾਦੀ ਤਾਂ ਮਰਨ ਨੂੰ ਫਿਰੇ। ਉਦੋਂ ਸਹੁਰਾ ਸਤੀ ਹੋਣ ਦਾ ਰਿਵਾਜ ਨਹੀਂ ਸੀ, ਨਹੀਂ ਤਾਂ ਸਾਡੀ ਦਾਦੀ ਨੇ ਦਾਦੇ ਦੇ ਨਾਲ ਈ ਚਿਖਾ 'ਚ ਛਾਲ ਮਾਰ ਦੇਣੀ ਸੀ।"

"ਉਹ ਤੂੰ ਗੱਲਾਂ ਨਾ ਬਣਾ, ਗੱਲ ਸਿਰੇ ਲਾ।"

"ਸਾਲਾ ਹੁਣ ਕਿੱਦਾਂ ਕਾਹਲਾ ਪਿਆ। ਸੁਣ, ਸਾਡੀ ਦਾਦੀ ਰਹਿਣ ਲੱਗ ਪਈ ਉਦਾਸ, ਦਾਦਾ ਰੱਖਦਾ ਹੁੰਦਾ ਸੀ ਕਬੂਤਰ ਨਸਲੀ। ਦਾਦੀ ਨੂੰ ਖਿਆਲ ਆਇਆ, ਕਿਉਂ ਨਾ ਕਬੂਤਰ ਦੇ ਹੱਥ ਦਾਦੇ ਨੂੰ ਰੁੱਕਾ ਭੇਜ ਦਿਆ ਕਰਾਂ। ਸਾਡੀ ਦਾਦੀ ਨੇ ਮਾਸਟਰ ਬਿਸ਼ਨੇ ਤੋਂ ਪਿਆਰ ਦੇ ਦੋ ਅੱਖਰ ਲਿਖਾਉਣੇ, ਕਬੂਤਰ ਦੀ ਚੁੰਝ 'ਚ ਫਸਾ ਦੇਣੇ, ਪੈਰਾਂ ਨਾਲ ਛਟਾਂਕ ਭੁੱਕੀ ਬੰਨ੍ਹ ਦੇਣੀ। ਲੈ ਬਈ ਜਾਗਰਾ, ਕਬੂਤਰ ਨੇ ਰਾਤ ਨੂੰ ਉਡਣਾ ਤੇ ਰਾਤੋ ਰਾਤ ਸਵਰਗ 'ਚ ਦਾਦੇ ਤੁਲਸੀ ਨੂੰ ਮਿਲ ਕੇ, ਭੁੱਕੀ ਖੁਆ ਦੇਣੀ। ਨਾਲ ਈ ਦਾਦੇ ਨੇ ਧਰਮ ਰਾਜ ਤੋਂ ਰੁੱਕਾ ਲਿਖਾ ਕੇ ਦਾਦੀ ਨੂੰ ਭੇਜ ਦੇਣਾ ਕਿ ਮੈਂ ਰਾਜੀ ਬਾਜੀ ਆਂ, ਚਿੰਤਾ ਨਾ ਕਰ, ਥਾਂ ਸਵਰਗ 'ਚ ਠਾਕਰੀਏ ਤੇਰੇ ਲਈ ਰੱਖੀ ਹੋਈ ਆ।"



"ਉਹ ਸਾਲਿਆ, ਗੱਪ ਦਾ ਵੀ ਕੋਈ ਸਿਰਾ ਹੁੰਦਾ, ਚਾਰ ਬੰਦੇ 'ਕੱਠੇ ਕਰ ਲੈ, ਬਈ ਏਦਾਂ ਹੋ ਸਕਦਾ?"

ਨਾਜਰ ਚਾਰੇ ਖੁਰ ਚੁੱਕ ਕੇ ਬੋਲਿਆ, "ਏਦਾਂ ਹੋ ਸਕਦਾ! ਜਾਗਰਾ ਏਦਾਂ ਕਿਉਂ ਨਹੀਂ ਹੋ ਸਕਦਾ?"

"ਦਸ ਕਿੱਦਾਂ ਹੋ ਸਕਦਾ!"

"ਜੇ ਜਗਮੀਤ ਬਰਾੜ ਅਕਾਲੀ ਦਲ 'ਚ ਜਾ ਸਕਦਾ, ਤਾਂ ਕਬੂਤਰ ਸਾਡੀ ਦਾਦੀ ਦਾ ਰੁੱਕਾ ਵੀ ਦੇ ਕੇ ਆ ਸਕਦਾ।"

ਨਾਲ ਈ ਬੈਠੇ ਮਾਸਟਰ ਭਜਨ ਸਿਹੁੰ ਨੇ ਤਾੜੀ ਮਾਰ 'ਤੀ, "ਬਈ ਜਾਗਰਾ, ਅੱਜ ਲਾਈ ਤੇਰੀ ਸੀਪ ਨਾਜਰ ਨੇ ਪੂਰੀ।"

ਏਨੇ ਨੂੰ ਅਮਲੀ ਕਰਤਾਰੇ ਨੇ ਆ ਕੇ ਬੋਹੜ ਥੱਲ੍ਹੇ ਸਾਫਾ ਵਿਛਾ ਲਿਆ। ਬਹਿੰਦੇ ਸਾਰ ਕਹਿਣ ਲੱਗਾ, "ਨਾਜਰਾ ਚਿੱਤ ਬੜਾ ਉਦਾਸ ਆ।"

"ਤੇਰੇ ਚਿੱਤ ਨੂੰ ਕੀ ਹੋਇਆ, ਢਿੱਲਾ ਮੱਠਾ ਰਹਿਣ ਲੱਗ ਪਿਆਂ, ਭੁੱਕੀ ਨ੍ਹੀਂ ਮਿਲਦੀ, ਕੀ ਹੋਇਆ?"

"ਯਾਰ ਧੰਨਾ ਸਿਹੁੰ ਮਰ ਗਿਆ।" ਮਾਸਟਰ ਭਜਨ ਸਿੰਘ ਤੇ ਨਾਜਰ ਸਿੰਘ-ਦੋਵੇਂ ਉਚੀ ਉਚੀ ਹੱਸ ਪਏ। ਭਜਨ ਸਿਹੁੰ ਕਹਿਣ ਲੱਗਾ, "ਕਰਤਾਰਾ ਦੱਸਦਾ ਤਾਂ ਏਦਾਂ ਸੀ, ਜਿੱਦਾਂ ਕਿਤੇ ਅਮਰੀਕਾ ਆਲੇ ਰਾਸ਼ਟਰਪਤੀ ਨੇ ਮਸੀਕੋ (ਮੈਕਸੀਕੋ) ਵਾਲੇ ਬਾਡਰ 'ਤੇ ਕੰਧ ਬਣਾ ਦਿੱਤੀ ਹੁੰਦੀ ਆ, ਤੇ ਇਹਦੇ ਤਾਏ ਦਾ ਪੁੱਤ ਮਰੀਕਾ (ਅਮਰੀਕਾ) ਵੜਨੇ ਨੂੰ ਮਸੀਕੋ ਫਸਿਆ ਹੋਵੇ।"

"ਤੁਸੀਂ ਤਾਂ ਗੱਲ ਈ ਹੋਰ ਪਾਸੇ ਲੈ ਗਏ, ਮੈਂ ਦੱਸਣਾ ਇਹ ਤੀ ਬਈ ਧੰਨਾ ਸਿਹੁੰ ਮਰਦਾ ਨਾ, ਜੇ ਸਾਲਾ ਇਕ ਥਾਂ ਟਿਕ ਕੇ ਬਹਿਣ ਦਾ ਆਦੀ ਹੁੰਦਾ। ਕੋਈ ਅਸੂਲ ਰੱਖਦਾ।"

"ਕੀ ਕਰ 'ਤਾ ਧੰਨੇ ਨੇ, ਮਰ ਗਿਆ ਤਾਂ ਮਰ ਗਿਆ, ਤੇਰਾ ਫੁੱਫੜ ਲੱਗਦਾ ਸੀ?"

"ਨਾਜਰਾ ਤੇਰੀ ਸਾਲੀ ਮਰਾਸੀਆਂ ਦੀ ਕੁੱਤੀ ਵਾਂਗੂੰ ਵੱਢ ਖਾਣ ਦੀ ਆਦਤ ਨੀਂ ਗਈ। ਗੱਲ ਤਾਂ ਸੁਣ।"

"ਲੈ ਤੂੰ ਦੱਸ ਲਾ।"

"ਜਿਹੜਾ ਜੌੜਿਆਂ ਵਾਲਾ ਬਾਹਰਲੇ ਅੱਡੇ ਡਾਕਟਰ ਆ, ਪਹਿਲਾਂ ਧੰਨਾ ਉਹਦੇ ਕੋਲ ਗਿਆ, ਉਹਨੇ ਮਾੜਾ ਮੋੜਾ ਦੁਆ ਦਾਰੂ ਕੀਤਾ ਤੇ ਦੱਸਿਆ ਕਿ ਬਈ ਧੰਨਿਆ ਤੈਨੂੰ ਟੈਫੈਡ (ਟਾਈਫਾਈਡ) ਆ ਤੇ ਦਵਾਈ ਖਾਣੀ ਪੈਣੀ ਦੋ ਸਾਤੇ।"

"ਫੇ?"

"ਉਹ ਮਾਹਟਰਾ, ਤੂੰ ਵੀ ਅੱਜ ਸਬਰ ਨ੍ਹੀਂ ਕਰਦਾ, ਗੱਲ ਏਦਾਂ ਤੀ, ਬਈ ਧੰਨਾ ਦੋ ਚਾਰ ਰੋਜ਼ ਦਵਾਈ ਖਾਂਦਾ ਰਿਹਾ ਜੌੜਿਆਂ ਵਾਲੇ ਤੋਂ, ਉਹਨੂੰ ਕਿਸੇ ਨੇ ਕਹਿ 'ਤਾ ਬਈ ਤੂੰ ਏਹਤੋਂ ਨ੍ਹੀਂ ਠੀਕ ਹੋਣਾ, ਤੂੰ ਸ਼ਹਿਰ ਆਲੇ ਸ਼ਰਮੇ ਕੋਲ ਚਲਾ ਜਾਹ। ਉਹ ਓਥੇ ਚਲਾ ਗਿਆ। ਮੂਹਰਿਓਂ ਸ਼ਰਮਾ ਬਣਾ ਸੁਆਰ ਕੇ ਕਹਿਣ ਲੱਗਾ, ਬਈ ਧੰਨਿਆ ਤੇਰਾ ਬੁਖਾਰ ਹੋ ਗਿਆ ਔਂਤਰਾ ਤੇ ਟਿਕ ਕੇ ਦੁਆਈ ਖਾ ਹੁਣ, ਫੇਰ ਭੁੱਕੀ ਦਾ ਛੰਨਾ ਪਰ੍ਹੇ ਰੱਖੀਂ।"

ਧੰਨਾ ਸਿਹੁੰ ਅੱਗਿਓਂ ਕਹਿਣ ਲੱਗਾ, "ਟੀਕਾ ਭਾਵੇਂ ਜ਼ਹਿਰ ਦਾ ਲਾ ਦੇ, ਧੰਨੇ ਤੇ ਛੰਨੇ ਦੀ ਯਾਰੀ ਪੱਕੀ ਰਹਿਣ ਦੇ। ਸਹੁਰੀ ਦੇ ਦੋ ਚਾਰ ਦਿਨ ਸ਼ਰਮੇ ਤੋਂ ਦੁਆਈ ਖਾਧੀ ਤੇ ਉਹਨੂੰ ਕਿਤੇ ਠੋਲੂ ਕਿਆਂ ਦਾ ਸਰਪੰਚ ਕਹਿੰਦਾ, ਧੰਨਿਆ ਕੀ ਹੋਇਆ? ਆਂਹਦਾ, ਟੈਫੈਡ ਆ। ਉਹ ਕਹਿੰਦਾ, ਲੈ ਤੂੰ ਜਾਹ ਡਾਕਟਰ ਬਨਵਾਰੀ ਕੋਲ, ਤੇਰਾ ਟੈਫੈਡ ਤਾਂ ਰਾਤੋ ਰਾਤ ਗਿਆ। ਧੰਨਾ ਓਹਦੇ ਕੋਲ ਚਲਾ ਗਿਆ। ਉਹ ਤਾਂ ਸਾਲਾ ਦਿਨੇ ਈ ਪੀਈ ਰੱਖਦਾ ਸੀ, ਗਲਤ ਦੁਆਈ ਦੇ ਦਿੱਤੀ ਕੋਈ, ਓਏ ਹੋਏ! ਲਫਟੈਣ ਵਰਗਾ ਧੰਨਾ ਸੀ, ਤੀਏ ਦਿਨ ਤੁਰ ਗਿਆ।"

"ਓ ਕਰਤਾਰਿਆ, ਨਾ ਓਹਦੀ ਰੰਨ, ਨਾ ਧੰਨ, ਨਾ ਕੋਠਾ, ਨਾ ਕੜੀ, ਜਿਹਦਾ ਕੋਈ ਅਸੂਲ ਨਾ ਹੋਵੇ, ਜਿਹੜਾ ਸਾਲਾ ਥਾਂ ਚੱਲ ਹੋਵੇ, ਉਹਨੇ ਸਾਲੇ ਨੇ ਮਰਨਾ ਈ ਆ।" ਮਾਸਟਰ ਭਜਨ ਸਿਹੁੰ ਨੇ ਕਰਤਾਰੇ 'ਤੇ ਵਿਅੰਗ ਕੱਸਿਆ।

"ਉਹ ਸੁਣ ਓ ਮਾਸਟਰਾ, ਆਪਣੇ ਪਿੱਛੇ ਪਿੱਪਲ ਪਿੱਛੇ ਵੋਟਾਂ ਵਾਲਾ ਕੱਪੜਾ ਤੈਂ ਟੰਗਿਆ?"

"ਹਾਂ ਮੈਂ ਟੰਗਿਆ।"

"ਪਹਿਲਾਂ ਏਹਨੂੰ ਲਾਹ।"

"ਓ ਕਰਤਾਰਿਆ ਤੂੰ ਗੱਲ ਤਾਂ ਧੰਨੇ ਦੀ ਕਰਦਾ ਸੀ, ਵਿਚੇ ਗੱਲ ਬੈਨਰ ਦੀ ਕਰਨ ਲੱਗ ਪਿਆਂ, ਆਂਹਦਾ ਲਾਹ ਕੱਪੜਾ, ਇਹ ਤਾਂ ਆਪਣਾ ਜਗਨਨਾਥ ਆ ਜੋ ਵੋਟਾਂ 'ਚ ਖੜਾ। ਆਪਾਂ ਇਹਦੀ ਅਮਦਾਦ ਕਰਦੇ ਆਂ, ਇਹਦਾ ਕੀ ਰੌਲਾ?"

"ਮਾਸਟਰਾ, ਰੌਲਾ ਨ੍ਹੀਂ, ਧੰਨੇ ਨੇ ਤਾਂ ਸਾਲੇ ਨੇ ਤਿੰਨ ਡਾਕਟਰ ਬਦਲੇ ਤੀ, ਆ ਜਿਹੜਾ ਮਾਸਟਰ ਦਾ ਕੱਪੜਾ ਟੰਗੀ ਫਿਰਦਾਂ ਵੋਟਾਂ ਵਾਲਾ, ਜਿਹਦਾ ਵੱਡਾ ਝੋਲੀ ਚੁੱਕ ਬਣੀ ਫਿਰਦਾਂ ਤੂੰ, ਇਹਨੇ ਸਹੁਰੀ ਦੇ ਰਾਮ ਵਿਲਾਸ ਪਾਸਵਾਨ ਤੱਕ ਨੌਂ ਪਾਰਟੀਆਂ ਬਦਲ ਲਈਆਂ। ਇਹਦਾ ਦੀਨ ਨਾ ਮਜ਼੍ਹਬ, ਨਾ ਇਮਾਨ। ਧੰਨਾ ਸਾਲਾ ਇਹਦੇ ਨਾਲੋਂ ਸੌ ਗੁਣਾ ਚੰਗਾ ਬੰਦਾ ਸੀ। ਧੰਨੇ ਨੇ ਤਾਂ ਵਿਆਹ ਨ੍ਹੀਂ ਕਰਾਇਆ ਤੀ। ਜਗਨ ਨਾਥ ਦੇ ਘਰ ਤੀਜੇ ਥਾਂ ਤੀਵੀਂ ਆਈ ਤੀ। ਪਰੂੰ ਪਰਾਰ ਇਹਨੂੰ ਛੱਡ ਕੇ ਨੱਠ'ਗੀ। ਪਾ ਲਈਂ ਜੋੜ ਕੇ ਵੋਟਾਂ ਏਨ੍ਹਾਂ ਨੂੰ। ਇਹ ਸਾਲਾ ਮੱਝਾਂ ਵੇਚਦਾ ਸੀ ਜਗਨ ਨਾਥ। ਇਹਦੀ ਪੰਜਾਂ ਸਾਲਾਂ ਨੂੰ ਮਿੱਲ ਚੱਲੂ, ਤੇ ਮਾਸਟਰਾ ਤੇਰਾ ਸੈਕਲ ਵੀ ਪੰਜਾਂ ਸਾਲਾਂ ਨੂੰ ਪੁਰਾਣਾ ਹੋ ਜਾਣਾ।"

ਨਾਜਰ ਨੇ ਉਲਰ ਕੇ ਮਾਰੀ ਛਾਲ, "ਮਾਸਟਰਾ ਅੱਗੇ ਤਾਂ ਤੇਰੀ ਮੈਂ ਈ ਸੀਪ ਲਾਉਂਦਾ ਸੀ, ਅੱਜ ਕਰਤਾਰਾ ਵੀ ਲਾ ਗਿਆ।"

"ਲੈ ਬਈ ਭਾਨਾ ਵੀ ਆ ਗਿਆ।"

"ਭਾਨਿਆ ਤੂੰ ਵੋਟ ਕਿਹਨੂੰ ਪਾਉਣੀ?"

ਉਹ ਆਂਹਦਾ, "ਛੜੇ ਦੇ ਟੱਟੂ 'ਤੇ ਤਾਂ ਐਤਕੀਂ ਚੜ੍ਹਨਾ ਨੀਂ, ਦੂਏ ਛੋਕਰੇ ਜਿਹੇ ਦਾ ਕੋਈ ਓਦਾਂ ਨ੍ਹੀਂ ਪਤਾ ਕੀ ਕਰੂ! ਬਾਕੀ 15-16 ਜਣੇ ਇਕ ਦੂਏ ਦਾ ਝੱਗਾ ਖਿੱਚੀ ਜਾਂਦੇ ਆ। ਆਪਾਂ ਤਾਂ ਲਾਲੇ ਹਰਦਿਆਲ ਵਾਲਾ ਫਾਰਮੂਲਾ ਵਰਤਣਾ।"

"ਉਹ ਕਿਹੜਾ, ਸਾਨੂੰ ਵੀ ਦੱਸ?" ਮਾਸਟਰ ਭਜਨ ਸਿਹੁੰ ਨੇ ਪੁੱਛਿਆ।

"ਕਹਿੰਦੇ ਐਤਕੀਂ ਮਸ਼ੀਨਾਂ 'ਚ ਇਕ ਬਟਣ ਲੱਗਿਆ ਆ। ਜੇ ਕਿਸੇ ਦੇ ਸਿਰ ਵਿਚ ਵੀ ਨੀ ਡਾਂਗ ਮਾਰਨੀ ਤਾਂ ਉਹ ਬਟਣ ਦੱਬ ਆਉਣਾ।"

"ਓ ਕਮਲਿਆ ਭਾਨਿਆ, ਸਾਲਿਆ ਉਪਰੋਂ ਸੂਰਜ ਤਪਿਆ, ਥੱਲਿਓਂ ਧਰਤੀ ਨੂੰ ਅੱਗ ਲੱਗੀ ਪਈ ਆ, ਲੋਕ ਓਦਾਂ ਸਤੇ ਪਏ ਆ, ਪਤੰਦਰਾ ਜੇ ਪੰਜ ਘੰਟੇ ਓਹੀ ਬਣਨ ਦੱਬਣ ਜਾਣਾ, ਤਾਂ ਘਰ ਬੈਠ ਜਾ ਰਾਮ ਨਾਲ।"

"ਓ ਭਾਨਿਆ, ਧੋਤੀ ਨਾ ਖੋਲ੍ਹ, ਧੋਤੀ ਨਾ ਖੋਲ੍ਹ, ਓਧਰ ਅੱਗ ਦੀ ਨਾਲ ਸੰਤੀ ਤੁਰੀ ਆਉਂਦੀ ਬੁੜੀ। ਕੁਪੱਤੀ ਆ ਤੇ ਗਲ ਪੈ ਜੂ ਬਈ ਭਾਨਾ ਨੰਗਾ ਹੋਈ ਫਿਰਦਾ।"

"ਸਾਲਿਓ ਕਿੱਦਾਂ ਗਲ ਪੈ ਜੂ, ਥੱਲੇ ਕਛਿਹਰੈ।"

"ਫੇਰ ਤੈਂ ਸਾਨੂੰ ਕਛਿਹਰਾ ਦਿਖਾਉਣਾ?"

"ਆਹੋ।"

ਕਛਿਹਰਾ ਵੇਖ ਕੇ ਸਾਰੇ ਹੱਸ ਹੱਸ ਲੋਟ ਪੋਟ ਹੋ ਗਏ। ਮਾਸਟਰ ਕਹੇ ਬਈ ਅੱਜ ਲਾ ਗਿਆ ਭਾਨਾ ਸਾਰਿਆਂ 'ਤੇ ਸੀਪ ਬਈ। ਸਾਲੇ ਨੇ ਗੋਡਿਆਂ ਤੱਕ ਕਛਿਹਰਾ ਪਾਇਆ, ਦੋ ਝੰਡੀਆਂ ਦਾ ਬਣਾਇਆ, ਪਿੱਛੇ ਚੋਣ ਨਿਸ਼ਾਨ ਹੋਰ, ਮੂਹਰੇ ਹੋਰ।

...ਤੇ ਹੱਸਦਿਆਂ ਸੱਥ ਵਿਛੜ ਗਈ।

# ਪੁੰਨ

*(ਪਿਛਲੇ ਸਫੇ ਦੀ ਬਾਕੀ)*

ਰੱਸੇ ਨੂੰ ਆ ਚਿੰਬੜੇ। ਕਰਮਾਂ ਛਾਤੀ 'ਤੇ ਹੱਥ ਰੱਖ ਇਕ ਪਾਸੇ ਖਲੋਤੀ ਰਹੀ।

ਹੌਲੀ ਹੌਲੀ ਰੱਸਾ ਖਿਚਿਆ ਜਾ ਰਿਹਾ ਸੀ। ਖੂਹ ਦੇ ਆਖਰੀ ਸਿਰੇ 'ਤੇ ਗੋਤਾਖੋਰ ਨੇ ਚੁੰਗੇ ਦੀ ਲਾਸ਼ ਆਪਣੇ ਪੱਟਾਂ ਤੋਂ ਚੁੱਕੀ ਪਰ ਹੁਣ ਉਸ ਨੂੰ ਫੜਨ ਵਾਲਾ ਕੋਈ ਨਹੀਂ ਸੀ। ਸਾਰੇ ਰੱਸਾ ਫੜੀ ਖਲੋਤੇ ਸਨ।

ਫਿਰ ਕਰਮਾਂ ਅਗਾਂਹ ਵਧੀ ਤੇ ਗੋਡਿਆਂ ਭਾਰ ਬੈਠ, ਬਾਹਾਂ ਫੈਲਾ ਬੋਲੀ, ਮੇਰੇ ਇਸ ਫੁੱਲ ਨੂੰ ਮੇਰੀ ਝੋਲੀ ਵਿਚ ਪਾ ਦੇ ਪੁੱਤ।

ਕਰਮਾਂ ਚੁੰਗੇ ਦੀ ਲਾਸ਼ ਨੂੰ ਬਾਹਾਂ ਵਿਚ ਲੈ ਉਠ ਖਲੋਤੀ ਤੇ ਪਿੰਡ ਵਲ ਇਹ ਕਹਿੰਦਿਆਂ ਤੁਰ ਪਈ, ਚੱਲ ਮੇਰੇ ਬੱਚੇ ਸਕੂਲ ਜਾਣ ਲਈ ਦੇਰ ਹੋ ਰਹੀ ਏ।

ਮੀਰੂ ਮੰਜੀ ਚੁੱਕੀ ਨੱਸਿਆ ਆਇਆ ਤੇ ਕਰਮਾਂ ਦਾ ਰਾਹ ਰੋਕ ਖਲੋ ਗਿਆ। ਕਰਮਾਂ ਨੇ ਚੁੰਗੇ ਨੂੰ ਕੱਚ ਦੇ ਸਮਾਨ ਵਾਂਗ ਬੜੇ ਧਿਆਨ ਨਾਲ ਮੰਜੀ 'ਤੇ ਪਾਇਆ ਤੇ ਆਖਣ ਲੱਗੀ, ਤੁਸੀਂ ਤਾਂ ਤਿੰਨ ਹੋ। ਜਨਾਜ਼ਾ ਤਾਂ ਚਾਰ ਚੁਕਦੇ ਨੇ।

ਏਨੇ ਨੂੰ ਮਲਕ ਰਹਿਮਾਨ ਖਾਨ ਆਉਂਦੇ ਦਿਸੇ। ਕੋਲ ਆ ਫਰਮਾਇਆ, ਮੈਂ ਸਮਝਿਆ, ਏਥੇ ਬਹੁਤ ਸਾਰੇ ਲੋਕ ਹੋਣਗੇ ਤੇ ਉਨ੍ਹਾਂ ਨਾਲ ਗੱਲ ਕਰ ਲਵਾਂਗਾ ਪਰ ਏਥੇ ਤਾਂ ਤੁਸੀਂ ਤਿੰਨ ਚਾਰ ਹੀ ਹੋ। ਸਾਰੇ ਚਲੇ ਗਏ ਥੱਕ ਕੇ। ਸਵੇਰ ਦੇ ਆਏ ਹੋਏ ਸਨ ਤੇ ਹੁਣ ਤਾਂ ਤੀਜੇ ਪਹਿਰ ਦੀ ਨਮਾਜ਼ ਦੀ ਅਜ਼ਾਨ ਵੀ ਹੋਣ ਵਾਲੀ ਹੈ।

ਹੁਣ ਮਲਕ ਸਾਹਿਬ ਮੰਜੀ ਦੇ ਨਾਲ ਨਾਲ ਤੁਰ ਰਹੇ ਸਨ। ਉਹ ਬੋਲੇ, ਗੱਲ ਏਹ ਏ ਬਈ ਕਿ ਲਾਸ਼ ਨੂੰ ਦੱਬ ਦੁੱਬ ਕੇ ਤੁਸੀਂ ਮੁੜ ਏਥੇ ਖੂਹ 'ਤੇ ਹੀ ਆ ਜਾਣਾ। ਜਨਾਜ਼ੇ 'ਤੇ ਮੈਂ ਲੋਕਾਂ ਨੂੰ ਵੀ ਖੂਹ 'ਤੇ ਹੀ ਆ ਜਾਣ ਲਈ ਆਖ ਦਿਆਂਗਾ। ਲਾਸ਼ ਤਾਂ ਨਿਕਲ ਆਈ ਏ। ਹੁਣ ਖੂਹ ਨੂੰ ਪਾਕ ਵੀ ਕਰ ਲੈਣਾ ਚਾਹੀਦਾ ਏ। ਦੋ ਸੌ ਬੋਕਾ ਕੱਢਣਾ ਪਵੇਗਾ। ਤੁਸੀਂ ਝਿਓਰ ਲੋਕ ਬੋਕਾ ਵਧੀਆ ਖਿਚਦੇ ਹੋ। ਇਸੇ ਲਈ ਤੁਹਾਨੂੰ ਆਖ ਰਿਹਾ ਹਾਂ, ਨਾਲੇ ਇਹ ਪੁੰਨ ਦਾ ਕੰਮ ਵੀ ਤਾਂ ਹੈ।

## ਬੇਤਨਖਾਹੇ

ਬਦਨ ਸਿੰਘ ਨੇ ਪਟਵਾਰ ਖਾਨੇ ਵਿਚ ਕੰਮ ਕਰਵਾਉਣ ਲਈ ਦੋ ਹਜ਼ਾਰ ਪਟਵਾਰੀ ਦੇ ਕੰਮ ਕਰਨ ਲਈ ਰੱਖੇ ਮੁੰਡੇ ਨੂੰ ਫੜਾਏ ਤੇ ਉਸ ਨੂੰ ਕੰਮ ਦੀ ਬੇਨਤੀ ਕਰ ਪਟਵਾਰ ਖਾਨੇ ਤੋਂ ਬਾਹਰ ਆ ਗਿਆ। ਉਸੇ ਸਮੇਂ ਲੰਬੀ ਜਿਹੀ ਕਾਰ ਆ ਕੇ ਉਥੇ ਰੁਕੀ, ਜਿਸ ਵਿਚੋਂ ਪਟਵਾਰੀ ਉਤਰਿਆ।

"ਸਾਸਰੀ ਕਾਲ ਪਟਵਾਰੀ ਜੀ।" ਉਸ ਨੇ ਪਟਵਾਰੀ ਨੂੰ ਸਤਿ ਸ੍ਰੀ ਅਕਾਲ ਆਖੀ।

"ਸਾਸਰੀ ਕਾਲ, ਹੋਰ ਬਾਬਾ ਕਰ'ਤਾ ਫੇਰ ਕੰਮ?" ਪਟਵਾਰੀ ਨੇ ਪੁੱਛਿਆ।

"ਹਾਂ ਜੀ, ਮੈਂ ਤੁਹਾਡੇ ਕਹੇ ਅਨੁਸਾਰ ਦੋ ਹਜ਼ਾਰ ਦੇ ਚੱਲਿਆਂ ਮੁੰਡੇ ਨੂੰ, ਜੀ ਹੁਣ ਮੇਰਾ ਕੰਮ...।" ਉਹ ਅਧੀਨ ਜਿਹਾ ਹੋ ਕੇ ਬੋਲਿਆ।

"ਹਾਂ-ਹਾਂ ਕਰਵਾ ਦਿਆਂਗਾ।" ਪਟਵਾਰੀ ਉਸ ਦੀ ਗੱਲ ਵਿਚੋਂ ਹੀ ਕੱਟਦਾ ਬੋਲਿਆ ਅਤੇ ਪਟਵਾਰ ਖਾਨੇ ਵਿਚ ਜਾ ਵੜਿਆ।

"ਬਾਬਾ ਗੱਲ ਸੁਣੀਂ।" ਬਦਨ ਸਿੰਘ ਅਜੇ ਦੋ ਕੁ ਕਦਮ ਹੀ ਤੁਰਿਆ ਸੀ ਕਿ ਪਿੱਛੋਂ ਅਵਾਜ਼ ਆਈ। ਉਸ ਨੇ ਪਿੱਛੇ ਮੁੜ ਕੇ ਵੇਖਿਆ ਤਾਂ ਪਟਵਾਰੀ ਪਿੱਛੋਂ ਉਸ ਵੱਲ ਆ ਰਿਹਾ ਸੀ।

"ਜੀ-ਜੀ ਦੱਸੋ?" ਬਦਨ ਸਿੰਘ ਬੋਲਿਆ।

"ਸੁਣ ਬਾਬਾ, ਦੋ-ਚਾਰ ਸੌ ਮੁੰਡੇ ਨੂੰ ਵੀ ਦੇ ਜਾਂਦਾ, ਕੰਮ ਤਾਂ ਉਹਨੇ ਹੀ ਕਰਨੈ, ਨਾਲੇ ਸਰਕਾਰ ਕਿਹੜਾ ਤਨਖਾਹ ਦਿੰਦੀ ਐ ਉਹਨੂੰ।" ਪਟਵਾਰੀ ਉਸ ਦੇ ਕੰਨ ਕੋਲ ਹੋ ਕੇ ਬੋਲਿਆ।

"ਲਓ ਜੀ।" ਬਦਨ ਸਿੰਘ ਸੌ-ਸੌ ਦੇ ਆਖਰੀ ਬਚੇ ਦੋ ਨੋਟ ਖੀਸੇ ਵਿਚੋਂ ਕੱਢ ਕੇ ਪਟਵਾਰੀ ਵੱਲ ਵਧਾਉਂਦਿਆਂ ਬੋਲਿਆ।

ਆਪਣੀ ਜਮੀਨ ਸਬੰਧੀ ਰਿਕਾਰਡ ਵਿਚ ਹੋਈ ਗਲਤੀ ਠੀਕ ਕਰਵਾਉਣ ਲਈ ਫਿਰਦਿਆਂ ਉਸ ਦਾ ਅੱਜ ਬਾਰ੍ਹਵਾਂ ਗੇੜਾ ਸੀ। ਪਟਵਾਰੀ ਨੇ ਆਪੇ ਕੀਤੀ ਗਲਤੀ ਠੀਕ ਕਰਨ ਦੇ ਤਿੰਨ ਹਜ਼ਾਰ ਮੰਗੇ ਸਨ। ਬਦਨ ਸਿੰਘ ਨੇ ਬਿਨਾ ਵੱਢੀ ਕੰਮ ਕਰਵਾਉਣ ਦੀ ਬੜੀ ਕੋਸ਼ਿਸ਼ ਕੀਤੀ ਸੀ। ਕਈ ਅਫਸਰਾਂ ਦੇ ਦਫਤਰਾਂ ਦੇ ਗੇੜੇ ਮਾਰੇ, ਪਰ ਕੰਮ ਨਾ ਹੋਇਆ। ਅਖੀਰ ਪਟਵਾਰੀ ਦੇ ਕਹੇ ਅਨੁਸਾਰ ਪੈਸੇ ਦੇਣੇ ਮੰਨ ਗਿਆ। ਰਿਕਾਰਡ ਦੀ ਗਲਤੀ ਠੀਕ ਕਰਨ ਦਾ ਸੌਦਾ ਵੀ ਪਟਵਾਰੀ ਕੋਲ ਕੰਮ ਕਰਦੇ ਇਸੇ ਮੁੰਡੇ ਨੇ ਦੋ ਹਜ਼ਾਰ ਵਿਚ ਕਰਵਾਇਆ ਸੀ। ਪਟਵਾਰੀ ਨੇ ਉਸ ਨੂੰ ਕਿਹਾ ਕਿ ਉਹ ਪੈਸੇ ਉਸ ਨੂੰ ਨਹੀਂ ਸਗੋਂ ਉਸ ਦੇ ਰੱਖੇ ਮੁੰਡੇ ਨੂੰ ਫੜਾ ਕੇ ਜਾਵੇ। ਹੁਣ ਉਹ ਦੋ ਸੌ ਰੁਪਏ ਪਿੱਛੇ ਪਟਵਾਰੀ ਨੂੰ ਨਾਰਾਜ਼ ਨਹੀਂ ਸੀ ਕਰਨਾ ਚਾਹੁੰਦਾ।

"ਨਹੀਂ ਬਾਬਾ, ਉਸੇ ਨੂੰ ਦੇ, ਮੈਂ ਨਹੀਂ ਫੜਦਾ। ਸਰਕਾਰ ਬੜੀ ਸਖਤ ਐ। ਕੀ ਪਤਾ ਕਦੋਂ ਕੌਣ ਟੰਗ ਦੇਵੇ ਰੰਗੀਨ ਜਿਹੇ ਨੋਟ ਫੜਾ ਕੇ।" ਪਟਵਾਰੀ ਹੱਥ ਜਿਹੇ ਝਾੜਦਾ ਬੋਲਿਆ।

ਬਦਨ ਸਿੰਘ ਫੇਰ ਪਟਵਾਰ ਖਾਨੇ ਜਾ ਵੜਿਆ। ਉਸ ਮੁੰਡੇ ਨੂੰ ਦੋ ਸੌ ਰੁਪਏ ਫੜਾਉਂਦਿਆਂ ਸੋਚਿਆ ਕਿ ਚਲੋ ਚੰਗਾ ਹੀ ਐ, ਜੇ ਸਰਕਾਰ ਇਹਨੂੰ ਤਨਖਾਹ ਨਹੀਂ ਦਿੰਦੀ, ਨਹੀਂ ਤਾਂ ਇਹਨੇ ਵੀ ਦੋ-ਚਾਰ ਹਜ਼ਾਰ ਮੰਗਣਾ ਸੀ। ਖਾਲੀ ਖੀਸਾ ਲੈ ਕੇ ਉਹ ਪੈਦਲ ਹੀ ਛੇ ਕਿਲੋਮੀਟਰ ਦੂਰ ਪਿੰਡ ਵੱਲ ਦੁਖਦੇ ਗੋਡੇ ਘੜੀਸਦਾ ਤੁਰ ਪਿਆ।

*-ਮਨਦੀਪ ਸਿੰਘ ਡਡਿਆਣਾ*
*ਫੋਨ: 91-94177-33038*

---

## ਤਾੜੀਆਂ

ਕਵੀਆਂ ਨੂੰ ਸਰੋਤਿਆਂ ਦੀਆਂ ਤਾੜੀਆਂ ਤੇ ਵਾਹ ਵਾਹ ਬਿਨਾ ਕਵਿਤਾ ਸੁਣਾਉਣ ਦਾ ਮਜ਼ਾ ਹੀ ਨਹੀਂ ਆਉਂਦਾ। ਸੁਣਨ ਵਾਲਾ ਭਾਵੇਂ ਇਕ ਹੀ ਹੋਵੇ, ਉਨ੍ਹਾਂ ਦੀ ਭੜਾਸ ਨਿਕਲ ਜਾਂਦੀ ਹੈ ਤੇ ਦਿਮਾਗ ਨੂੰ ਸ਼ਾਂਤੀ ਮਿਲ ਜਾਂਦੀ ਹੈ, ਨਹੀਂ ਕਵਿਤਾ ਦਿਮਾਗ 'ਚ ਛਾਲਾਂ ਮਾਰਦੀ ਰਹਿੰਦੀ ਹੈ।

ਇਕ ਕਵੀ ਦੀ ਸੁਹਾਗ ਰਾਤ ਸੀ। ਉਸ ਨੇ ਪਹਿਲਾਂ ਹੀ ਸੁਹਾਗ ਰਾਤ ਬਾਰੇ ਕਵਿਤਾ ਲਿਖੀ ਹੋਈ ਸੀ। ਕਮਰੇ ਦਾ ਦਰਵਾਜਾ ਬੰਦ ਕਰਦੇ ਸਾਰ ਹੀ ਉਹ ਪਲੰਘ 'ਤੇ ਸੁੰਗੜ ਦੇ ਬੈਠੀ ਦੁਲਹਨ ਨੂੰ ਸੰਬੋਧਨ ਕਰਕੇ ਆਪਣੀ ਕਵਿਤਾ ਸੁਣਾਉਣ ਲੱਗ ਪਿਆ, ਪਰ ਦੁਲਹਨ ਚੁੱਪ ਕਰ ਕੇ ਨੀਵੀਂ ਪਾਈ ਸੁਣਦੀ ਰਹੀ।

ਕਵੀ ਬੋਲਿਆ, "ਪਿਆਰੀਏ, ਜ਼ਰਾ ਤਾੜੀ ਤਾਂ ਵਜਾ ਦੇਹ।"

*-ਵਾਸਦੇਵ ਸਿੰਘ ਪਰਹਾਰ*
*ਫੋਨ: 206-434-1155*

# ਹਤਾਸ਼ ਹੈ ਪੰਜਾਬ

## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਮਾਂ ਦੀਆਂ ਨਿਆਮਤਾਂ ਦੀ ਗੱਲ ਕਰਦਿਆਂ ਸੱਚ ਹੀ ਕਿਹਾ ਸੀ, "ਮਾਂ ਮਹਾਂਦਾਨੀ, ਮਹਾਨ ਸੁਆਣੀ ਤੇ ਜੀਵਨ-ਦਾਨੀ ਜਿਸ ਦੀ ਮਹਿਮਾ, ਮਹਾਨਤਾ ਅਤੇ ਮੁਲੰਗਪੁਣੇ ਦੀ ਅਕੱਥ ਕਹਾਣੀ ਕਿਸੇ ਨਾ ਜਾਣੀ। ਮਾਂ ਅਨਪੜ੍ਹ ਹੁੰਦਿਆਂ ਵੀ ਮਹਾਂ-ਗਿਆਨੀ। ਦੁਨੀਆਂ ਦਾ ਹਰ ਗਿਆਨ, ਬੱਚੇ ਦੀ ਸੋਚ ਵਿਚ ਧਰ, ਖੁਦ ਭਰਪੂਰ ਰਹਿੰਦੀ।...ਮਾਂ ਨੂੰ ਕਿਸ ਨਾਲ ਤਸ਼ਬੀਹ ਦਿਓਗੇ ਕਿਉਂਕਿ ਮਾਂ ਬਰੋਬਰ ਤਾਂ ਕੁਝ ਵੀ ਬਰ ਨਹੀਂ ਮੇਚਦਾ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਕਿਸੇ ਸਮੇਂ ਪੰਜਾਂ ਦਰਿਆਵਾਂ ਦੀ ਧਰਤੀ ਅਤੇ ਬਹਾਦਰ ਸੂਰਮਿਆਂ ਦੀ ਧਰਤੀ ਕਰ ਕੇ ਜਾਣੇ ਜਾਂਦੇ ਪੰਜਾਬ ਦੇ ਅਜੋਕੇ ਨਿੱਘਰ ਰਹੇ ਹਾਲਾਤ 'ਤੇ ਚਿੰਤਾ ਜਾਹਰ ਕੀਤੀ ਹੈ। ਉਹ ਕਹਿੰਦੇ ਹਨ, "ਪੰਜਾਬ, ਰਾਜਨੀਤਕ, ਧਾਰਮਿਕ, ਸਮਾਜਕ ਅਤੇ ਆਰਥਕ ਪੱਧਰ 'ਤੇ ਅਜਿਹੀ ਰਸਾਤਲ ਵਿਚ ਡਿਗਦਾ ਜਾ ਰਿਹਾ ਹੈ ਕਿ ਜੇ ਇਸ ਨੂੰ ਸੰਭਾਲਣ ਅਤੇ ਇਸ ਦੀ ਆਭਾ ਨੂੰ ਮੁੜ ਸਥਾਪਤ ਕਰਨ ਲਈ ਸੱਭੇ ਧਿਰਾਂ ਨੇ ਨਿੱਜੀ ਮੁਫਾਦ, ਰਾਜਨੀਤਕ ਵੱਖਰੇਵਿਆਂ ਅਤੇ ਧਾਰਮਿਕ ਸੌੜੇਪਣ ਤੋਂ ਉਪਰ ਉਠ ਕੇ ਉਸਾਰੂ ਯੋਗਦਾਨ ਪਾਉਣ ਵਿਚ ਪਹਿਲ-ਕਦਮੀ ਨਾ ਕੀਤੀ ਤਾਂ ਇਤਿਹਾਸ ਸਾਨੂੰ ਕਦੇ ਵੀ ਮੁਆਫ ਨਹੀਂ ਕਰੇਗਾ।" ਡਾ. ਭੰਡਾਲ ਦੀ ਚਿੰਤਾ ਹੈ ਕਿ ਪੰਜਾਬ ਦੇ ਜ਼ਹਿਰੀਲੇ ਪਾਣੀ, ਪ੍ਰਦੂਸ਼ਿਤ ਹਵਾ ਅਤੇ ਧਰਤੀ ਵਿਚ ਕੀਟਨਾਸ਼ਕਾਂ ਦੀ ਬਹੁਤਾਤ ਕਾਰਨ ਜ਼ਹਿਰੀਲੇ ਖਾਣੇ ਨੇ ਪੰਜਾਬੀਆਂ ਨੂੰ ਨਿਪੁੰਸਕ ਅਤੇ ਬਿਮਾਰ ਬਣਾ ਦਿਤਾ ਏ। ਉਹ ਹੋਕਾ ਦਿੰਦੇ ਹਨ, "ਕੋਈ ਤਾਂ ਪੰਜਾਬ ਦੇ ਅੱਥਰੂਆਂ ਨੂੰ ਪੂੰਝੇ, ਹਟਕੋਰਿਆਂ ਨੂੰ ਵਰਾਵੇ, ਹਿਚਕੀਆਂ ਦੀ ਹਾਥ ਪਾਵੇ, ਪੈਰੀਂ ਪਈਆਂ ਜ਼ੰਜੀਰਾਂ ਨੂੰ ਤੋੜੇ, ਬਰਬਾਦੀ ਵੱਲ ਅਹੁਲਦੇ ਕਦਮਾਂ ਨੂੰ ਹੋੜੇ ਅਤੇ ਇਸ ਦੀ ਗੌਰਵਮਈ ਤੇ ਗੈਰਤਮੰਦ ਵਿਰਾਸਤ ਨੂੰ ਵਾਪਸ ਮੋੜ ਲਿਆਵੇ।" -ਸੰਪਾਦਕ***

ਪੰਜਾਬ ਹਤਾਸ਼ ਅਤੇ ਨਿਰਾਸ਼ ਹੈ। ਉਦਾਸ ਅਤੇ ਬੇਆਸ ਹੈ। ਗਮਗੀਨ ਅਤੇ ਸੁਪਨਹੀਣ ਹੈ। ਲਾਚਾਰ ਅਤੇ ਬਿਮਾਰ ਹੈ। ਰਿਹਾੜਦਾ ਅਤੇ ਦਹਾੜਦਾ ਹੈ। ਵਖਤ ਤੇ ਵਕਤ ਵਿਚ ਦਰੜਿਆ, ਆਪਣੀ ਅਉਧ ਦਾ ਪਛਤਾਵਾ। ਕਿਸੇ ਗੈਬੀ ਆਸ ਵੰਨੀਂ ਧਿਆਨ ਧਰੀ ਖੁਦ ਤੋਂ ਹੀ ਬੇਮੁਖ ਹੈ।

ਪੰਜਾਬ ਨੂੰ ਬਹੁਤ ਸਾਰੀਆਂ ਅਲਾਮਤਾਂ ਨੇ ਘੇਰ ਲਿਆ ਏ। ਕੁਝ ਆਪਣਿਆਂ ਨੇ ਦਿਤੀਆਂ ਤੇ ਕੁਝ ਪਰਾਇਆਂ ਦੀ ਚਾਲ ਨੇ ਪੰਜਾਬ ਦੇ ਗਲ ਪਾ ਦਿਤੀਆਂ। ਪੰਜਾਬ ਦਾ ਇਤਿਹਾਸ ਸਦਾ ਹੀ ਤ੍ਰਾਸਦੀਆਂ ਨੂੰ ਹੰਢਾਉਣਾ ਅਤੇ ਇਨ੍ਹਾਂ ਤੋਂ ਉਭਰਨਾ ਰਿਹਾ ਏ; ਪਰ ਜਦ ਕਿਸੇ ਦੀਆਂ ਜੜ੍ਹਾਂ 'ਚ ਅੱਕ ਚੋਇਆ ਜਾਵੇ, ਹਿੱਕ ਵਿਚ ਜ਼ਹਿਰ ਦੀ ਪਿਉਂਦ ਲਾਈ ਜਾਵੇ ਅਤੇ ਦਿੱਖ ਨੂੰ ਵਿਗਾੜਨ ਲਈ ਹਰ ਹਰਬਾ ਵਰਤਿਆ ਜਾਵੇ ਤਾਂ ਚੰਗੇਰੇ ਭਵਿੱਖ ਦੀ ਆਸ ਬੇਵਾ ਹੋ ਜਾਂਦੀ ਹੈ। ਸੁਹੱਪਣ ਨੂੰ ਸਿਉਂਕ, ਸਿਹਤਮੰਦੀ ਨੂੰ ਅਲਾਮਤਾਂ, ਸਦਭਾਵਨਾ ਵਿਚ ਬੇਗਾਨਗੀ ਅਤੇ ਸਮਾਜਕ ਤੰਦਾਂ ਦੀ ਪਾਕੀਜ਼ਗੀ ਤੇ ਪਕਿਆਈ ਨੂੰ ਕਚਿਆਈ ਕਰਨ ਲਈ ਜਦ ਬੇਗਾਨਿਆਂ ਨਾਲ ਆਪਣੇ ਵੀ ਰਲ ਜਾਣ ਤਾਂ ਕੁਝ ਵਧੀਆ ਅਤੇ ਭਵਿਖਮੁਖੀ ਹੋਣ ਦੀ ਆਸ ਵੀ ਮੱਧਮ ਪੈ ਜਾਂਦੀ।

ਪੰਜਾਬ, ਰਾਜਨੀਤਕ, ਧਾਰਮਿਕ, ਸਮਾਜਕ ਅਤੇ ਆਰਥਕ ਪੱਧਰ 'ਤੇ ਅਜਿਹੀ ਰਸਾਤਲ ਵਿਚ ਡਿਗਦਾ ਜਾ ਰਿਹਾ ਹੈ ਕਿ ਜੇ ਇਸ ਨੂੰ ਸੰਭਾਲਣ ਅਤੇ ਇਸ ਦੀ ਆਭਾ ਨੂੰ ਮੁੜ ਸਥਾਪਤ ਕਰਨ ਲਈ ਸੱਭੇ ਧਿਰਾਂ ਨੇ ਨਿੱਜੀ ਮੁਫਾਦ, ਰਾਜਨੀਤਕ ਵੱਖਰੇਵਿਆਂ ਅਤੇ ਧਾਰਮਿਕ ਸੌੜੇਪਣ ਤੋਂ ਉਪਰ ਉਠ ਕੇ ਉਸਾਰੂ ਯੋਗਦਾਨ ਪਾਉਣ ਵਿਚ ਪਹਿਲ-ਕਦਮੀ ਨਾ ਕੀਤੀ ਤਾਂ ਇਤਿਹਾਸ ਸਾਨੂੰ ਕਦੇ ਵੀ ਮੁਆਫ ਨਹੀਂ ਕਰੇਗਾ। ਪੰਜਾਬ ਦੀ ਸਮੁੱਚੀ ਹੋਂਦ 'ਤੇ ਇਕ ਪ੍ਰਸ਼ਨ ਚਿੰਨ ਸਦੀਵੀ ਖੁਣਿਆ ਜਾਵੇਗਾ। ਅਜਿਹੇ ਪ੍ਰਸ਼ਨ ਚਿੰਨ ਨੂੰ ਕਿਆਸਣ, ਸਮਝਣ ਅਤੇ ਇਸ ਤੋਂ ਬਚਣ ਲਈ ਕਾਰਨਾਂ ਦੀ ਤਹਿ ਤੀਕ ਪਹੁੰਚਣਾ ਬਹੁਤ ਜਰੂਰੀ। ਬਹੁਤ ਕੁਝ ਕਿਹਾ ਤੇ ਅਣਕਿਹਾ ਵਾਪਰ ਰਿਹਾ ਹੈ, ਜੋ ਅਚੇਤ ਅਤੇ ਸੁਚੇਤ ਰੂਪ ਵਿਚ ਸਾਡੇ ਸਾਹਮਣੇ ਹੋ ਰਿਹਾ ਹੈ।

ਸੱਚ ਤਾਂ ਇਹ ਹੈ ਕਿ ਜਦ ਰਾਜਨੀਤਕ ਲੋਕ ਸਰਕਾਰੀ ਅਦਾਰਿਆਂ ਨੂੰ ਹੜੱਪਣ ਅਤੇ ਆਪਣੀਆਂ ਸਲਤਨਤਾਂ ਖੜ੍ਹੀਆਂ ਕਰਨ ਲਈ ਰੁਚਿਤ ਹੋਣਗੇ ਤਾਂ ਪੰਜਾਬ ਦੇ ਲੋਕ-ਪੱਖੀ ਹਿੱਤਾਂ 'ਤੇ ਪਹਿਰਾ ਕੌਣ ਦੇਵੇਗਾ? ਅਜਿਹਾ ਪੰਜਾਬ ਦੇ ਹਰ ਖੇਤਰ ਸਿਹਤ, ਸਿਖਿਆ, ਟਰਾਂਸਪੋਰਟ ਆਦਿ ਵਿਚ ਹੋ ਰਿਹਾ ਹੈ। ਕੋਈ ਵੀ ਧਿਰ ਇਸ ਗਲਬੇ ਤੋਂ ਛੁਟਕਾਰਾ ਪਾਉਣ ਦੀ ਚਾਹਵਾਨ ਨਹੀਂ। ਇਸ ਪ੍ਰਤੀ ਕੋਸ਼ਿਸ਼ ਕਰਨਾ ਤਾਂ ਦੂਰ ਦੀ ਗੱਲ, ਪੰਜਾਬ ਦੀ ਤ੍ਰਾਸਦੀ ਅਤੇ ਇਸ ਦੀ ਤਰਸਯੋਗ ਹਾਲਾਤ ਨੂੰ ਹੋਰ ਤਰਸਯੋਗ ਬਣਾਉਣ ਵਿਚ ਸਰਕਾਰੀ ਤੰਤਰ ਬਰਾਬਰ ਦਾ ਭਾਈਵਾਲ। ਮਸਲਿਆਂ ਤੋਂ ਅੱਖਾਂ ਮੀਟ ਕੇ ਅਸੀਂ ਮਸਲੇ ਦਾ ਹੱਲ ਨਹੀਂ ਕਰਦੇ, ਸਗੋਂ ਮਸਲੇ ਹੋਰ ਗੁੰਲਝਦਾਰ ਹੁੰਦੇ ਜਾਂਦੇ ਨੇ।

***ਆਈਲੈਟਸ ਤੋਂ ਲੈ ਕੇ ਵਿਦੇਸ਼ ਜਾਣ, ਇਕ ਸਾਲ ਦੀ ਪੜ੍ਹਾਈ ਦੀ ਫੀਸ ਅਤੇ ਰਹਿਣ ਦਾ ਖਰਚਾ ਅੰਦਾਜ਼ਨ 20 ਕੁ ਲੱਖ ਬਣਦਾ ਹੈ। ਇਸ ਹਿਸਾਬ ਨਾਲ ਲਗਭਗ 15,000 ਕਰੋੜ ਰੁਪਿਆ ਪੰਜਾਬ ਤੋਂ ਹਰ ਸਾਲ ਵਿਦੇਸ਼ਾਂ ਨੂੰ ਕਾਨੂੰਨੀ ਰੂਪ ਵਿਚ ਜਾ ਰਿਹਾ ਹੈ। ਇਸ ਵਿਚ ਪਰਵਾਸੀਆਂ ਵਲੋਂ ਪੰਜਾਬ ਵਿਚ ਵੇਚੀਆਂ ਜਾ ਰਹੀਆਂ ਜਾਇਦਾਦਾਂ ਦੇ ਹਵਾਲੇ ਰਾਹੀਂ ਭੇਜੇ ਪੈਸੇ ਨੂੰ ਜੋੜਿਆ ਜਾਵੇ ਤਾਂ ਇਹ ਰਕਮ ਹੋਰ ਵੀ ਵਧ ਜਾਂਦੀ ਹੈ।***

ਪੰਜਾਬੀਆਂ ਦਾ ਪਰਵਾਸ ਕਰਨ ਦਾ ਰੁਝਾਨ ਤਾਂ ਸਦੀਆਂ ਪੁਰਾਣਾ ਹੈ, ਪਰ ਅਜੋਕੇ ਸਮੇਂ ਵਿਚ ਪੜ੍ਹਾਈ ਦੇ ਬਹਾਨੇ ਪਰਵਾਸ ਕਰਨਾ ਇਕ ਅਜਿਹਾ ਰੁਝਾਨ ਹੈ, ਜਿਸ ਨੇ ਪੰਜਾਬ ਨੂੰ ਬਰਬਾਦੀ ਦੇ ਕੰਢੇ 'ਤੇ ਲਿਆ ਖਲਿਆਰਿਆ ਹੈ। ਪੰਜਾਬ ਵਿਚਲੀ ਬੇਰੁਜ਼ਗਾਰੀ, ਸਿੱਖਿਆ ਨਿੱਜੀਕਰਣ ਕਾਰਨ ਮਹਿੰਗੀ ਹੋਣ, ਮੱਧ-ਪੱਧਰੀ ਤੇ ਰੁਜ਼ਗਾਰਹੀਣ ਸਿਖਿਆ ਅਤੇ ਰੁਜ਼ਗਾਰ ਦੇ ਘੱਟ ਰਹੇ ਮੌਕਿਆਂ ਕਾਰਨ ਪੰਜਾਬ ਦੇ 70-80 ਹਜਾਰ ਵਿਦਿਆਰਥੀ ਹਰ ਸਾਲ ਆਈਲੈਟਸ ਕਰਕੇ ਕੈਨੇਡਾ, ਅਮਰੀਕਾ, ਨਿਊਜ਼ੀਲੈਂਡ, ਆਸਟਰੇਲੀਆ, ਇੰਗਲੈਂਡ ਆਦਿ ਦੇਸ਼ਾਂ ਵਿਚ ਪੜ੍ਹਾਈ ਲਈ ਜਾਣ ਦੇ ਓਹਲੇ ਵਿਚ ਪਰਵਾਸ ਕਰ ਰਹੇ ਹਨ।

ਆਈਲੈਟਸ ਤੋਂ ਲੈ ਕੇ ਵਿਦੇਸ਼ ਜਾਣ, ਇਕ ਸਾਲ ਦੀ ਪੜ੍ਹਾਈ ਦੀ ਫੀਸ ਅਤੇ ਰਹਿਣ ਦਾ ਖਰਚਾ ਅੰਦਾਜ਼ਨ 20 ਕੁ ਲੱਖ ਬਣਦਾ ਹੈ। ਇਸ ਹਿਸਾਬ ਨਾਲ ਲਗਭਗ 15,000 ਕਰੋੜ ਰੁਪਿਆ ਪੰਜਾਬ ਤੋਂ ਹਰ ਸਾਲ ਵਿਦੇਸ਼ਾਂ ਨੂੰ ਕਾਨੂੰਨੀ ਰੂਪ ਵਿਚ ਜਾ ਰਿਹਾ ਹੈ। ਇਸ ਵਿਚ ਪਰਵਾਸੀਆਂ ਵਲੋਂ ਪੰਜਾਬ ਵਿਚ ਵੇਚੀਆਂ ਜਾ ਰਹੀਆਂ ਜਾਇਦਾਦਾਂ ਦੇ ਹਵਾਲੇ ਰਾਹੀਂ ਭੇਜੇ ਪੈਸੇ ਨੂੰ ਜੋੜਿਆ ਜਾਵੇ ਤਾਂ ਇਹ ਰਕਮ ਹੋਰ ਵੀ ਵਧ ਜਾਂਦੀ ਹੈ।

ਇਹ ਰੁਝਾਨ ਪਿਛਲੇ ਕਈ ਸਾਲਾਂ ਤੋਂ ਨਿਰੰਤਰ ਜਾਰੀ ਹੈ। ਜੇ ਪਿਛਲੇ ਦਸ ਕੁ ਸਾਲਾਂ ਦਾ ਹਿਸਾਬ ਲਾਇਆ ਜਾਵੇ ਤਾਂ ਇਹ ਰਾਸ਼ੀ ਇਕ ਲੱਖ ਪੰਜਾਹ ਹਜ਼ਾਰ ਕਰੋੜ ਬਣਦੀ ਹੈ। ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਕਿੰਨਾ ਪੈਸੇ ਪੰਜਾਬ ਵਿਚੋਂ ਵਿਦੇਸ਼ ਜਾ ਚੁਕਾ ਹੈ। ਪੰਜਾਬ ਦੇ ਇਸ ਆਰਥਕ ਅਤੇ ਬੌਧਿਕ ਨੁਕਸਾਨ ਤੋਂ ਇਲਾਵਾ ਉਹ ਨੌਜਵਾਨ ਹੁਣ ਬਾਰਹਲੇ ਦੇਸ਼ਾਂ ਦੀ ਤਰੱਕੀ ਵਿਚ ਯੋਗਦਾਨ ਪਾਉਣਗੇ, ਜਿਨ੍ਹਾਂ ਨੇ 40 ਸਾਲ ਤੀਕ ਪੰਜਾਬ ਦੇ ਵਿਕਾਸ ਵਿਚ ਆਪਣਾ ਯੋਗਦਾਨ ਪਾਉਣਾ ਸੀ। ਇਨ੍ਹਾਂ ਦੇ ਜਾਣ ਨਾਲ ਪੰਜਾਬ ਵਿਚ ਪੈਦਾ ਹੋਏ ਵਸੋਂ ਦੇ ਖਲਾਅ ਨੂੰ ਬਾਹਰਲੇ ਸੂਬਿਆਂ ਤੋਂ ਆਏ ਲੋਕ ਭਰ ਰਹੇ ਹਨ। ਇਸ ਨਾਲ ਪੰਜਾਬ ਅਤੇ ਪੰਜਾਬੀਅਤ ਦਾ ਸਮੁੱਚਾ ਮੁਹਾਂਦਰਾ ਹੀ ਬਦਲ ਰਿਹਾ ਹੈ। ਪੰਜਾਬੀ ਵਿਰਾਸਤ ਅਤੇ ਸਭਿਆਚਾਰਕ ਵਿਗਾੜ ਪੈਦਾ ਹੋ ਰਹੇ ਹਨ।

ਅਜਿਹੀ ਸਥਿਤੀ ਵਿਚ ਪੰਜਾਬ ਦੇ ਅਸਲੀ ਅਤੇ ਮੁਢਲੇ ਸਰੂਪ ਨੂੰ ਸੰਭਾਲੀ ਰੱਖਣਾ ਅਸੰਭਵ ਹੋਵੇਗਾ, ਕਿਉਂਕਿ ਲੋਕ ਹੀ ਆਪਣੇ ਵਿਰਸੇ ਦਾ ਮਾਣ ਹੁੰਦੇ ਅਤੇ ਉਨ੍ਹਾਂ ਲਈ ਆਪਣੇ ਵਿਰਸੇ ਪ੍ਰਤੀ ਫਿਕਰਮੰਦੀ ਅਹਿਮ ਹੁੰਦੀ। ਪੰਜਾਬ ਦੀ ਦਿੱਖ ਵਿਚ ਹੋਏ ਬਦਲਾਅ ਨੂੰ ਵੱਡੇ ਨਗਰਾਂ ਵਿਚ ਵੇਖਿਆ ਵੀ ਜਾ ਸਕਦਾ। ਜੇ ਪੰਜਾਬ ਵਿਚ ਨੌਜਵਾਨਾਂ ਲਈ ਨੌਕਰੀਆਂ ਦੇ ਮੌਕੇ, ਛੋਟੇ ਬਿਜਨਿਸ ਸਥਾਪਤ ਕਰਨ ਲਈ ਰਿਆਇਤਾਂ ਜਾਂ ਸਰਕਾਰੀ ਮਦਦ ਦੇ ਰੂਪ ਵਿਚ ਹੌਸਲਾ ਅਫਜ਼ਾਈ ਮਿਲੇ ਤਾਂ ਇੰਨੇ ਧਨ ਨਾਲ ਉਹ ਪੰਜਾਬ ਵਿਚ ਬਹੁਤ ਕੁਝ ਉਸਾਰੂ ਕਰ, ਪੰਜਾਬ ਦੀ ਉਤਪਤੀ ਵਿਚ ਹਿੱਸਾ ਪਾ ਸਕਦੇ ਹਨ।

ਪੰਜਾਬ ਦੇ ਵਿਦਿਆਰਥੀਆਂ ਦੇ ਬਾਹਰ ਜਾਣ ਦੇ ਰੁਝਾਨ ਨੇ ਧੜਾ-ਧੜ ਖੁੱਲ੍ਹ ਰਹੇ ਨਿੱਜੀ ਵਿਦਿਅਕ ਅਦਾਰਿਆਂ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। ਵਿਦਿਆਰਥੀਆਂ ਦੀ ਘਾਟ ਵਿਚ ਇਹ ਕਾਲਜ ਆਪਣੇ ਖਰਚੇ ਪੂਰੇ ਕਰਨ ਤੋਂ ਅਸਮਰਥ, ਬੰਦ ਹੋਣ ਲੱਗੇ ਹਨ। ਇਹ ਮਾਰੂ ਤਬਦੀਲੀ ਦਾ ਸੂਚਕ ਹੈ। ਪੰਜਾਬ ਤੋਂ ਹੋ ਰਹੇ ਇਸ ਆਰਥਕ, ਬੌਧਿਕ ਅਤੇ ਜਵਾਨੀ ਦੇ ਨਿਕਾਸ ਨੂੰ ਰੋਕਣ ਲਈ ਪੰਜਾਬ ਦੇ ਕਿਸੇ ਵੀ ਲੀਡਰ ਤੋਂ ਆਸ ਰੱਖਣੀ ਬੇਥਵਾ ਹੈ।

ਪੰਜਾਬ ਨੂੰ ਨਸ਼ਿਆਂ ਦੀ ਦਲਦਲ ਵਿਚ ਧੱਕਣ ਅਤੇ ਪੰਜਾਬੀ ਜਵਾਨੀ ਨੂੰ ਖਤਮ ਕਰਨ ਲਈ ਚੱਲੀ ਚਾਲ ਵਿਚ ਪੰਜਾਬੀਆਂ ਦਾ ਘਾਣ ਹੋ ਗਿਆ ਹੈ। ਸਰੀਰਕ ਕੱਦ-ਕਾਠ ਦੇ ਬੌਣੇਪਨ ਕਾਰਨ ਨੌਜਵਾਨ ਸੁਰੱਖਿਆ ਬਲਾਂ ਦੀ ਭਰਤੀ ਵਿਚ ਮਾਪਦੰਡਾਂ 'ਤੇ ਪੂਰੇ ਨਹੀਂ ਉਤਰ ਰਹੇ। ਸਿਖਿਆ ਦਾ ਮਿਆਰ ਡਿੱਗਣ ਕਾਰਨ ਸਿਵਲ ਸਰਵਿਸਿਜ਼ ਵਿਚ ਪੰਜਾਬੀਆਂ ਦੀ ਗਿਣਤੀ ਨਿਗੂਣੀ ਹੈ ਅਤੇ ਪੰਜਾਬ ਦੀ ਅਫਸਰਸ਼ਾਹੀ ਵਿਚ ਦੂਜੇ ਸੂਬਿਆਂ ਦੇ ਅਫਸਰਾਂ ਦੀ ਬਹੁਤਾਤ ਹੈ। ਧਾਰਮਿਕ ਤੇ ਜਾਤੀ ਸੰਕੀਰਨਤਾ ਦੇ ਦੌਰ ਵਿਚ ਕਈ ਵਾਰ ਅਫਸਰਾਂ ਦਾ ਇਸ ਤੋਂ ਨਿਰਲੇਪ ਰਹਿਣਾ ਬਹੁਤ ਔਖਾ ਹੁੰਦਾ। ਇਸ ਕਰਕੇ ਪੰਜਾਬ ਤੋਂ ਬਾਹਰਲੇ ਵਿਦਿਆਰਥੀਆਂ ਦੇ ਪੰਜਾਬ ਦੇ ਅਦਾਰਿਆਂ 'ਚ ਦਾਖਲੇ ਤੇ ਪੰਜਾਬ ਵਿਚ ਨੌਕਰੀ ਪ੍ਰਾਪਤ ਕਰਨ ਲਈ ਬਣਾਏ ਨਿਯਮਾਂ ਬਾਰੇ ਸਿਆਸੀ ਲੋਕਾਂ ਨੂੰ ਓਹਲੇ 'ਚ ਰੱਖਿਆ ਜਾਂਦਾ ਹੈ।

ਪੰਜਾਬ ਦੇ ਜ਼ਹਿਰੀਲੇ ਪਾਣੀ, ਪ੍ਰਦੂਸ਼ਿਤ ਹਵਾ ਅਤੇ ਧਰਤੀ ਵਿਚ ਕੀਟਨਾਸ਼ਕਾਂ ਦੀ ਬਹੁਤਾਤ ਕਾਰਨ ਜ਼ਹਿਰੀਲੇ ਖਾਣੇ ਨੇ ਪੰਜਾਬੀਆਂ ਨੂੰ ਨਿਪੁੰਸਕ ਅਤੇ ਬਿਮਾਰ ਬਣਾ ਦਿਤਾ ਏ। ਇਸੇ ਕਰਕੇ ਪੰਜਾਬ ਵਿਚ ਹਸਪਤਾਲ ਹੀ ਹਸਪਤਾਲ ਹਨ। ਫਰਟੀਲਿਟੀ ਸੈਂਟਰ ਵੀ ਧੜਾਧੜ ਖੁੱਲ੍ਹ ਰਹੇ ਹਨ, ਪਰ ਸਿਤਮ ਦੀ ਗੱਲ ਹੈ ਕਿ ਕੋਈ ਨਹੀਂ ਸੋਚਦਾ ਕਿ ਇਨ੍ਹਾਂ ਫਰਟੀਲਿਟੀ ਸੈਂਟਰਾਂ ਦੀ ਲੋੜ ਕਿਉਂ ਪਈ? ਕਿਧਰੇ ਫਰਟੀਲਿਟੀ ਸੈਂਟਰ ਰਾਹੀਂ ਪੈਦਾ ਹੋਏ ਬੱਚਿਆਂ ਦੇ ਡੀ. ਐਨ. ਏ. ਤਾਂ ਨਹੀਂ ਬਦਲੇ ਜਾ ਰਹੇ? ਕੀ ਇਸ ਨਾਲ ਪੰਜਾਬੀਅਤ ਨੂੰ ਪੜਾਅਵਾਰ ਅਤੇ ਯੋਜਨਾਬੱਧ ਤਰੀਕੇ ਨਾਲ ਖਤਮ ਕਰਨ ਦੀ ਕੋਈ ਤਰਕੀਬ ਤਾਂ ਨਹੀਂ? ਕੀ ਇਸ ਨੂੰ ਨਿਯਮਿਤ ਕਰਨ ਬਾਰੇ ਸਰਕਾਰਾਂ ਸਖਤ ਹਨ? ਕੀ ਇਸ ਪ੍ਰਤੀ ਨਵੇਂ ਬਣੇ ਮਾਪਿਆਂ ਨੂੰ ਸੁਚੇਤ ਕੀਤਾ ਜਾਂਦਾ ਹੈ ਕਿ ਉਹ ਆਪਣੇ ਨਵ-ਜਨਮੇ ਬੱਚੇ ਦੇ ਡੀ. ਐਨ. ਏ. ਦੀ ਪਰਖ ਕਰਵਾ ਲੈਣ? ਬਹੁਤ ਸਾਰੇ ਪ੍ਰਸ਼ਨ ਹਨ ਸੁਚੇਤ ਮਨ 'ਚ।

ਪੰਜਾਬ ਵਿਚ ਨਸ਼ਿਆਂ ਦੀ ਅਲਾਮਤ ਇੰਨਾ ਭਿਆਨਕ ਰੂਪ ਧਾਰ ਕਰ ਗਈ ਹੈ ਕਿ ਹੁਣ ਮਾਪੇ ਆਪਣੇ ਬੱਚਿਆਂ ਦਾ ਸਿਵਾ ਸੇਕਣ ਲਈ ਮਜਬੂਰ ਨੇ। ਮਾਲਵੇ ਨੂੰ ਕੈਂਸਰ ਦੀ ਭਿਆਨਕਤਾ ਨੇ ਨਿਗਲ ਲਿਆ ਏ ਅਤੇ ਕਿਸਾਨਾਂ ਨੂੰ ਕਰਜ਼ੇ ਦਾ ਦੈਂਤ ਹੜੱਪਣ ਲਈ ਕਾਹਲਾ ਏ। ਨਿੱਤ ਹੁੰਦੀਆਂ ਖੁਦਕੁਸ਼ੀਆਂ ਦੀ ਰੁੱਤ ਨੇ ਵੀ ਪੰਜਾਬ ਦੇ ਦਰੀਂ ਹੀ ਦਸਤਕ ਦੇਣੀ ਸੀ। ਇਸ ਮਰਨਹਾਰੀ ਦਸਤਕ ਨੇ ਘਰਾਂ ਨੂੰ ਉਜਾੜ ਅਤੇ ਪਰਿਵਾਰਾਂ ਨੂੰ ਕੰਗਾਲੀ ਦੀ ਕੰਗਾਰ 'ਤੇ ਲਿਆ, ਹਰ ਘਰ ਵਿਚ ਸੱਥਰ ਵਿਛਾਉਣ ਦਾ ਰਾਹ ਪੱਧਰਾ ਕਰ ਦਿਤਾ ਏ। ਕੋਈ ਵੀ ਰਾਜਨੀਤਕ ਜਾਂ ਧਾਰਮਿਕ ਆਗੂ ਇਸ ਦਾ ਸਾਜ਼ਗਾਰ ਹੱਲ ਲੱਭਣ ਲਈ ਪਹਿਲ ਨਹੀਂ ਕਰ ਰਿਹਾ, ਸਗੋਂ ਉਨ੍ਹਾਂ ਦਾ ਅਵੇਸਲਾਪਨ, ਤਬਾਹੀ ਨੂੰ ਤੂਫਾਨੀ ਦੌਰ ਦਾ ਦਰਦ ਬਣਾ ਰਿਹਾ ਏ।

ਪੰਜਾਬ ਦੇ ਜਾਏ ਪਰਵਾਸੀ ਵੀ ਆਪਣੇ ਘਰਾਂ ਨੂੰ ਪਰਤਣ ਤੋਂ ਤ੍ਰਹਿਣ ਲੱਗ ਪਏ ਹਨ। ਬਾਹਰਲੇ ਦੇਸ਼ਾਂ ਵਿਚੋਂ ਕਮਾਈ ਕਰਕੇ, ਪੰਜਾਬ ਵਿਚ ਨਿਵੇਸ਼ ਕਰਨ ਵਾਲੇ ਪੰਜਾਬੀ ਹੁਣ ਆਪਣੀਆਂ ਜਾਇਦਾਦਾਂ ਵੇਚਣ ਲੱਗ ਪਏ ਹਨ। ਇਸ ਕਾਰਨ ਹੀ ਪੰਜਾਬ ਵਿਚ ਜਮੀਨ-ਜਾਇਦਾਦ, ਘਰਾਂ ਅਤੇ ਕੋਠੀਆਂ ਦੇ ਰੇਟ ਬਹੁਤ ਘੱਟ ਗਏ ਹਨ, ਜਿਸ ਕਰਕੇ ਪੰਜਾਬੀਆਂ ਨੂੰ ਇਕ ਹੋਰ ਮਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਿਧਰੇ ਪਰਵਾਸੀਆਂ ਦੀ ਜਾਇਦਾਦ ਨੂੰ ਕੌਡੀਆਂ ਭਾਅ ਵੇਚਣ ਲਈ ਮਜਬੂਰ ਕਰਨ ਹਿੱਤ ਇਹ ਕੋਈ ਚਾਲ ਤਾਂ ਨਹੀਂ? ਪੰਜਾਬ 'ਚ ਫੈਲੇ ਡਰ ਕਾਰਨ ਪੰਜਾਬੀਆਂ ਦੀ ਜਾਇਦਾਦ 'ਤੇ ਬੇਗਾਨਿਆਂ ਨੇ ਸਹਿਜੇ ਹੀ ਕਾਬਜ਼ ਹੋ ਜਾਣਾ। ਫਿਰ ਆਪਣੇ ਗਰਾਂ ਨੂੰ ਪਰਤਣ ਅਤੇ ਮਿੱਟੀ ਨੂੰ ਸਿਜਦਾ ਕਰਨ ਲਈ ਵੀ ਤਰਸ ਜਾਣਗੇ ਪੰਜਾਬੀ। ਇਹ ਤ੍ਰਾਸਦੀ ਸਾਡੇ ਦਰਾਂ 'ਤੇ ਦਸਤਕ ਦੇ ਰਹੀ ਹੈ, ਪਰ ਅਸੀਂ ਹੀ ਘੇਸਲ ਮਾਰ ਕੇ ਇਸ ਨੂੰ ਅਣਗੌਲੀ ਕਰ ਰਹੇ ਹਾਂ। ਅਜਿਹਾ ਵਰਤਾਰਾ ਕਿੰਨਾ ਕੁ ਚਿਰ ਰਹੇਗਾ, ਇਸ ਨੂੰ ਸੋਚਣ ਤੇ ਸਮਝਣ ਲਈ ਸੁੱਚੀ ਸੁਮੱਤ ਦੀ ਲੋੜ ਹੈ।



ਪੰਜਾਬ ਦੀਆਂ ਖਿਲਰੀਆਂ ਜਟੂਰੀਆਂ, ਮੁੱਖ 'ਤੇ ਜੰਮ ਚੁਕੀਆਂ ਘਰਾਲਾਂ ਅਤੇ ਦੀਦਿਆਂ ਵਿਚ ਟੁੱਟੇ ਸੁਪਨਿਆਂ ਦੀ ਚਸਕ ਨੂੰ ਸੁਣਨ ਤੋਂ ਬੇਮੁੱਖ ਨੇ ਪੰਜਾਬੀ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਮਨ ਵਿਚ ਵਸਾ ਕੇ ਪੰਜਾਬ ਦੀ ਨਰੋਈ ਹੋਂਦ ਨੂੰ ਬਚਾਉਣ ਲਈ ਪਹਿਲਕਦਮੀ ਕਰਨ ਦੀ ਲੋੜ ਹੈ, ਜਿਸ ਵਿਚ ਸਾਰੀਆਂ ਧਿਰਾਂ ਦੀ ਸ਼ਮੂਲੀਅਤ, ਸਹਿਯੋਗ, ਸਮਰਪਣ ਅਤੇ ਸਮੁੱਚਤਾ ਦੀ ਅਤਿਅੰਤ ਲੋੜ ਹੈ।

ਕੋਈ ਤਾਂ ਪੰਜਾਬ ਦੇ ਅੱਥਰੂਆਂ ਨੂੰ ਪੂੰਝੇ, ਹਟਕੋਰਿਆਂ ਨੂੰ ਵਰਾਵੇ, ਹਿਚਕੀਆਂ ਦੀ ਹਾਥ ਪਾਵੇ, ਪੈਰੀਂ ਪਈਆਂ ਜ਼ੰਜੀਰਾਂ ਨੂੰ ਤੋੜੇ, ਬਰਬਾਦੀ ਵੱਲ ਅਹੁਲਦੇ ਕਦਮਾਂ ਨੂੰ ਹੋੜੇ ਅਤੇ ਇਸ ਦੀ ਗੌਰਵਮਈ ਤੇ ਗੈਰਤਮੰਦ ਵਿਰਾਸਤ ਨੂੰ ਵਾਪਸ ਮੋੜ ਲਿਆਵੇ।

***ਪੰਜਾਬ ਦੇ ਸਿਰ ਮੰਡਰਾਉਂਦੀ ਮੌਤ ਲਈ ਮਾਪੇ ਵੀ ਜਿੰਮੇਵਾਰ, ਜੋ ਆਪਣੀਆਂ ਜਿੰਮੇਵਾਰੀਆਂ ਤੋਂ ਕੰਨੀ ਕਤਰਾ, ਪੈਸੇ, ਰੁਤਬੇ ਜਾਂ ਸ਼ੁਹਰਤ ਦੀ ਦੌੜ ਵਿਚ ਅਜਿਹੇ ਗੁਆਚੇ ਕਿ ਉਨ੍ਹਾਂ ਨੂੰ ਆਪਣੇ ਬੱਚਿਆਂ ਦੇ ਦੀਦਿਆਂ ਵਿਚ ਸੁੱਚੇ ਸੁਪਨੇ ਧਰਨ ਅਤੇ ਇਸ ਦੀ ਪੂਰਨਤਾ ਲਈ ਉਚੇਚ ਕਰਨਾ ਯਾਦ ਹੀ ਨਹੀਂ ਰਿਹਾ। ਸੁਪਨਹੀਣ ਬੱਚਿਆਂ ਤੋਂ ਕਿਸੇ ਚੰਗੇਰੀ ਅਤੇ ਅਰਥ-ਭਰਪੂਰ ਆਸ ਦਾ ਰੱਖਣਾ ਬੇਥਵਾ ਹੁੰਦਾ। ਅਜਿਹਾ ਪੰਜਾਬ ਦੀ ਨੌਜਵਾਨ ਪੀੜ੍ਹੀ ਨਾਲ ਹੋ ਰਿਹਾ ਹੈ।***

ਪੰਜਾਬ ਮਾਰੂਥਲ ਬਣਨ ਲਈ ਕਾਹਲਾ ਏ, ਕੋਈ ਨਹੀਂ ਇਸ ਬਾਰੇ ਸੋਚਦਾ। ਬਹੁਤ ਨਿਘਰਿਆ ਵਾਤਾਵਰਣ, ਪੰਜਾਬ ਦੇ ਰੁੰਡ-ਮਰੁੰਡ ਹੋਣ ਦਾ ਮੁਹਾਂਦਰਾ। ਵਾਤਾਵਰਣ ਦੇ ਸੰਤੁਲਨ ਲਈ ਬਿਰਖਾਂ, ਪੰਛੀਆਂ ਅਤੇ ਜਾਨਵਰਾਂ ਵਿਚਲਾ ਸੰਤੁਲਨ ਜਰੂਰੀ। ਪੰਜਾਬ ਦੇ ਅੰਮ੍ਰਿਤ ਵਰਗੇ ਪਾਣੀ ਕੁਝ ਤਾਂ ਜ਼ਹਿਰ ਬਣ ਗਏ ਅਤੇ ਕੁਝ ਬਰੇਤੇ। ਅਜਿਹੇ ਹਾਲਾਤ ਰਹੇ ਤਾਂ ਪੰਜਾਹ ਕੁ ਸਾਲ ਤੀਕ ਪੰਜਾਬ ਦਾ ਬਹੁਤਾ ਹਿੱਸਾ ਮਾਰੂਥਲ ਬਣ ਜਾਵੇਗਾ। ਆਬਹੀਣ ਪੰਜਾਬੀ, ਪੰਜਾਬ ਦੇ ਅਰਥਾਂ ਤੋਂ ਮਹਿਰੂਮ ਹੋ, ਆਪਣੀਆਂ ਕਬਰਾਂ ਦੀ ਨਿਸ਼ਾਨਦੇਹੀ ਕਰਨ ਜੋਗੇ ਹੀ ਰਹਿ ਜਾਣਗੇ।

ਲੋੜ ਹੈ, ਲੋਕਾਂ ਨੂੰ ਚੇਤਨ ਹੋ ਕੇ ਚਿੰਤਨ ਕਰਨ ਦੀ ਅਤੇ ਇਸ ਚਿੰਤਨ ਵਿਚੋਂ ਕੁਝ ਉਸਾਰੂ ਅਤੇ ਪ੍ਰਭਾਵੀ ਸਿਰਜਣ ਲਈ ਲਾਮਬੰਦ ਹੋਣ ਦੀ, ਕਿਉਂਕਿ ਜਦ ਲੋਕ ਜਾਗਦੇ ਨੇ ਤਾਂ ਤਕਦੀਰਾਂ ਜਾਗਦੀਆਂ। ਸੁੱਤੀਆਂ ਤਕਦੀਰਾਂ ਨੂੰ ਤਰਜੀਹਾਂ ਦੀ ਨਿਸ਼ਾਨਦੇਹੀ ਕਰਨ ਲਈ ਸਾਰਥਕ ਤਦਬੀਰਾਂ ਘੜ ਕੇ ਹੀ ਜਗਾਇਆ ਜਾ ਸਕਦਾ। ਹੁਣ ਵਾਰੀ ਪੰਜਾਬੀਆਂ ਦੀ ਹੈ। ਹਰ ਭਾਵੀ ਪਿਛੋਂ ਪੰਜਾਬੀ ਜਾਗਦੇ ਰਹੇ ਨੇ ਅਤੇ ਆਸ ਹੈ ਕਿ ਹੁਣ ਵੀ ਜਾਗਣ-ਰੁੱਤ ਦੀ ਸਰਘੀ ਬਣਨਗੇ।

ਪੰਜਾਬ ਦੇ ਸਿਰ ਮੰਡਰਾਉਂਦੀ ਮੌਤ ਲਈ ਮਾਪੇ ਵੀ ਜਿੰਮੇਵਾਰ, ਜੋ ਆਪਣੀਆਂ ਜਿੰਮੇਵਾਰੀਆਂ ਤੋਂ ਕੰਨੀ ਕਤਰਾ, ਪੈਸੇ, ਰੁਤਬੇ ਜਾਂ ਸ਼ੁਹਰਤ ਦੀ ਦੌੜ ਵਿਚ ਅਜਿਹੇ ਗੁਆਚੇ ਕਿ ਉਨ੍ਹਾਂ ਨੂੰ ਆਪਣੇ ਬੱਚਿਆਂ ਦੇ ਦੀਦਿਆਂ ਵਿਚ ਸੁੱਚੇ ਸੁਪਨੇ ਧਰਨ ਅਤੇ ਇਸ ਦੀ ਪੂਰਨਤਾ ਲਈ ਉਚੇਚ ਕਰਨਾ ਯਾਦ ਹੀ ਨਹੀਂ ਰਿਹਾ। ਸੁਪਨਹੀਣ ਬੱਚਿਆਂ ਤੋਂ ਕਿਸੇ ਚੰਗੇਰੀ ਅਤੇ ਅਰਥ-ਭਰਪੂਰ ਆਸ ਦਾ ਰੱਖਣਾ ਬੇਥਵਾ ਹੁੰਦਾ। ਅਜਿਹਾ ਪੰਜਾਬ ਦੀ ਨੌਜਵਾਨ ਪੀੜ੍ਹੀ ਨਾਲ ਹੋ ਰਿਹਾ ਹੈ।


ਪੰਜਾਬੀਓ! ਬੱਚਿਆਂ ਨੂੰ ਸੁਪਨੇ ਤਾਂ ਦਿੰਦੇ, ਕੁਝ ਉਚੇਚ ਕਰਦੇ, ਸੁਪਨੇ ਜਰੂਰ ਪੂਰੇ ਹੋਣੇ ਸੀ। ਫਿਰ ਪੰਜਾਬ ਸ਼ਾਇਦ ਅਜਿਹੀ ਤ੍ਰਾਸਦੀ ਵਿਚ ਨਾ ਜਾਂਦਾ। ਪਹਿਲੀ ਪੀੜ੍ਹੀ ਦੀ ਕਾਮਯਾਬੀ ਵਿਚ ਮਾਪਿਆਂ ਦੇ ਲਏ ਸੁਪਨੇ ਅਤੇ ਉਨ੍ਹਾਂ ਦੀ ਪੂਰਤੀ ਲਈ ਸੇਧ, ਸਿਰੜ ਤੇ ਸਾਧਨਾ ਹੀ ਮੂਲ ਮੰਤਰ ਸੀ। ਅਜਿਹਾ ਮੂਲ ਮੰਤਰ ਹਰ ਸਮੇਂ ਵਿਚ ਵੀ ਕਾਮਯਾਬ ਰਿਹਾ ਹੈ। ਇਸ ਨੂੰ ਹੁਣ ਵੀ ਅਪਨਾ ਲਿਆ ਜਾਵੇ ਤਾਂ ਪੰਜਾਬ ਮੁੜ ਲੀਹਾਂ 'ਤੇ ਆ ਸਕਦਾ ਹੈ।

ਕੋਈ ਤਾਂ ਰੋਂਦੇ ਪੰਜਾਬ ਨੂੰ ਵਰਾਵੇ। ਇਸ ਦੀਆਂ ਚੀਖਾਂ ਨੂੰ ਆਪਣੇ ਅੰਤਰੀਵ ਵਿਚ ਵਸਾਵੇ। ਇਸ ਦੀ ਹੋਣੀ ਨੂੰ ਮੱਥੇ ਤੋਂ ਮਿਟਾਵੇ। ਮਸਤਕ ਲਕੀਰਾਂ ਵਿਚ ਜਿਉਣ ਦਾ ਅਦਬ ਉਕਰਾਵੇ। ਕੋਈ ਤਾਂ ਇਸ ਦੀ ਜਵਾਨੀ ਨੂੰ ਜਜ਼ਬਾ, ਜ਼ਮੀਰ ਅਤੇ ਜ਼ਹਿਨੀਅਤ ਦਾ ਸਬਕ ਪੜ੍ਹਾਵੇ ਤਾਂ ਕਿ ਇਹ ਅਰਥਹੀਣ ਹੋ ਆਪਣੀ ਜ਼ਿੰਦਗੀ ਨੂੰ ਅਜਾਈਂ ਨਾ ਗਵਾਵੇ। ਕੋਈ ਤਾਂ ਪਾਣੀਆਂ ਦੀ ਫਰਿਆਦ ਸੁਣੇ। ਪੌਣ ਵਿਚ ਧੜਕਦੀ ਮਰਨਹਾਰੀ ਹੂਕ ਨੂੰ ਸਾਹ ਤੰਦੀ 'ਤੇ ਉਣੇ। ਖੇਤਾਂ ਵਿਚ ਉਗਦੀਆਂ ਖੁਦਕੁਸ਼ੀਆਂ ਨੂੰ ਜਿਉਣ ਦਾ ਵੱਲ ਸਿਖਾਵੇ। ਖੇਤਾਂ ਵਿਚ ਉਗਲਦੀਆਂ ਜ਼ਹਿਰਾਂ ਨੂੰ ਅੰਮ੍ਰਿਤ ਦਾ ਵਰ ਦੇ ਜਾਵੇ। ਕੋਈ ਤਾਂ ਇਸ ਦੀ ਸਦੀਵਤਾ ਵਿਚੋਂ ਹੀ ਆਪਣੀ ਸਦੀਵੀ ਹੋਂਦ ਦਾ ਕਿਆਸ ਕਰੇ। ਇਸ ਦੀ ਸਿਹਤਯਾਬੀ ਅਤੇ ਸ਼ੁੱਧ-ਸੁਪਨਤਾ ਦੀ ਆਸ ਕਰੇ। ਇਸ ਦੇ ਖਾਲੀ ਠੂਠੇ ਵਿਚ ਜਿਉਣ ਦਾ ਅਦਬ, ਅੰਦਾਜ਼ ਅਤੇ ਅਰਥ-ਭਾਵ ਭਰੇ ਤਾਂ ਕਿ ਇਸ ਦੀ ਇਤਿਹਾਸਕ ਪ੍ਰਮਾਣਤਾ, ਵਕਤ ਦੇ ਸ਼ਰਫ ਦਾ ਵਰਕਾ ਬਣੇ।


# ਗਾਖਲ ਭਰਾਵਾਂ ਵਲੋਂ ਪੰਜਾਬ ਟਾਈਮਜ਼ ਦੇ ਸਟਾਫ, ਲੇਖਕਾਂ, ਪੱਤਰਕਾਰਾਂ ਤੇ ਪਾਠਕਾਂ ਨੂੰ ਅਖਬਾਰ ਦੀ 19ਵੀਂ ਵਰ੍ਹੇਗੰਢ ਦੀ

# ਬਹੁਤ ਬਹੁਤ ਵਧਾਈ


## ਆਸ ਕਰਦੇ ਹਾਂ ਕਿ ਪੰਜਾਬ ਟਾਈਮਜ਼ ਨਿੱਗਰ ਪੱਤਰਕਾਰੀ ਦੀਆਂ ਆਪਣੀਆਂ ਰਵਾਇਤਾਂ 'ਤੇ ਪਹਿਰਾ ਦਿੰਦਾ ਰਹੇਗਾ



ਅਮੋਲਕ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



ਇਕਬਾਲ ਸਿੰਘ ਗਾਖਲ

**A & I Transport Inc.**

A&I WATSONVILLE, CA

123 E Lee Rd Watsonville, CA Ph: 831-763-7805

A&I WATSONVILLE, CA

# ਪੰਜਾਬ ਵਿਚਲਾ ਪੰਜ

**ਸ਼ਬਦ ਝਰੋਖਾ**



ਬਲਜੀਤ ਬਾਸੀ
ਫੋਨ: 734-259-9353

ਅੱਜ ਅਸੀਂ ਉਹ ਸ਼ਬਦ ਫਰੋਲਣ ਲੱਗੇ ਹਾਂ, ਜੋ ਸਾਡੇ ਪਿਆਰੇ ਪੰਜਾਬ ਦੇ ਹੱਡਾਂ ਵਿਚ ਵੜਿਆ ਹੋਇਆ ਹੈ। ਸਭ ਜਾਣਦੇ ਹਨ ਕਿ ਪੰਜਾਬ ਬਣਦਾ ਹੈ, ਪੰਜ+ਆਬ ਤੋਂ, ਅਰਥਾਤ ਪੰਜਾਂ ਪਾਣੀਆਂ (ਦਰਿਆਵਾਂ) ਦਾ ਦੇਸ਼। ਪੰਜ ਅਤੇ ਆਬ-ਦੋਵੇਂ ਫਾਰਸੀ ਸ਼ਬਦ ਹਨ। ਫਾਰਸ ਦੇ ਲੋਕਾਂ ਨੇ ਸਾਡੇ ਦੇਸ਼ ਨੂੰ ਇਹ ਨਾਂ ਦਿੱਤਾ ਭਾਵੇਂ ਕਿ ਇਹ ਇਕ ਤਰ੍ਹਾਂ ਰਾਜਨੀਤਕ ਨਾ ਹੋ ਕੇ ਭੂਗੋਲਕ ਖਿੱਤੇ ਦਾ ਸੂਚਕ ਹੈ। ਇਸ ਤੋਂ ਪਹਿਲਾਂ ਇਸ ਇਲਾਕੇ ਦਾ ਨਾਂ ਪੰਚਨਦ ਵੀ ਪ੍ਰਚਲਿਤ ਰਿਹਾ ਹੈ, ਜਿਸ ਵਿਚ ਵੀ ਇਹੀ ਭਾਵ ਹੈ। ਮਹਾਂਭਾਰਤ ਅਤੇ ਰਾਮਾਇਣ ਵਿਚ ਪੰਚਨਦ ਦਾ ਜ਼ਿਕਰ ਹੈ। ਦੱਖਣੀ ਭਾਰਤ ਵਿਚ ਪੰਚਨਦ ਸ਼ਬਦ ਪੰਜ ਦਰਿਆਵਾਂ ਤੁੰਗਭਦਰਾ, ਵਰਧਾ, ਮਲਪ੍ਰਭਾ, ਘਟਪ੍ਰਭਾ ਅਤੇ ਕ੍ਰਿਸ਼ਨਾ ਰਾਹੀਂ ਸਿੰਜੇ ਇਲਾਕੇ ਨੂੰ ਵੀ ਆਖਦੇ ਹਨ।

ਪੁਰਾਣੇ ਮੁਸਲਿਮ ਲੇਖਕਾਂ ਨੇ ਪੰਜਾਬ ਸ਼ਬਦ ਸਿੰਧ ਦਰਿਆ ਲਈ ਵਰਤਿਆ ਹੈ, ਕਿਉਂਕਿ ਇਸ ਵਿਚ ਪੰਜੇ ਦਰਿਆ ਸਮਾ ਜਾਂਦੇ ਹਨ। ਗਿਆਰਵੀਂ ਸਦੀ ਦੇ ਅਲ ਬਿਰੂਨੀ ਦੀਆਂ ਲਿਖਤਾਂ ਵਿਚ ਪੰਚਨਦ ਸ਼ਬਦ ਮਿਲਦਾ ਹੈ। ਕੋਈ 1300 ਸੰਨ ਵਿਚ ਵਸਾਫ ਨਾਂ ਦੇ ਲੇਖਕ ਨੇ ਪੰਜਾਬ ਸ਼ਬਦ ਵਰਤਿਆ।

ਇਬਨ ਬਤੂਤਾ ਪੰਜਾਬ ਨੂੰ ਬੰਜਾਬ ਕਰਕੇ ਲਿਖਦਾ ਹੈ, "ਰੱਬ ਦੀ ਕਿਰਪਾ ਨਾਲ ਸਾਡਾ ਕਾਫਲਾ ਪੂਰੀ ਤਰ੍ਹਾਂ ਸੁਰੱਖਿਅਤ ਬੰਜਾਬ ਯਾਨਿ ਸਿੰਧ ਦਰਿਆ ਪਹੁੰਚ ਗਿਆ। ਬੰਜ ਦਾ ਮਾਅਨਾ ਹੈ, ਪੰਜ ਅਤੇ ਆਬ ਪਾਣੀ ਹੈ। ਇਸ ਤਰ੍ਹਾਂ ਨਾਂ ਦਾ ਮਤਲਬ ਹੋਇਆ, ਪੰਜ ਪਾਣੀ। ਇਹ ਪੰਜ ਪਾਣੀ ਇਸ ਵੱਡੇ ਦਰਿਆ ਵਿਚ ਵਹਿ ਜਾਂਦੇ ਹਨ ਅਤੇ ਦੇਸ਼ ਨੂੰ ਸਿੰਜਦੇ ਹਨ।"

ਗੁਰਬਾਣੀ 'ਚ ਪੰਜਾਬ ਸ਼ਬਦ ਨਹੀਂ ਆਇਆ। ਸ਼ਾਹ ਮੁਹੰਮਦ ਨੇ ਪੰਜਾਬ ਸ਼ਬਦ ਵਰਤਿਆ ਹੈ, "ਜੰਗ ਹਿੰਦ ਪੰਜਾਬ ਦਾ ਹੋਣ ਲੱਗਾ।"

ਪੰਜ ਸ਼ਬਦ ਸੰਸਕ੍ਰਿਤ ਦੇ ਪੰਚ ਦਾ ਹੀ ਸਜਾਤੀ ਹੈ। ਇਹ ਫਾਰਸੀ ਤੋਂ ਇਲਾਵਾ ਕਈ ਹੋਰ ਹਿੰਦ-ਇਰਾਨੀ ਭਾਸ਼ਾਵਾਂ ਵਿਚ ਵੀ ਮਿਲਦਾ ਹੈ। ਸਪੱਸ਼ਟ ਤੌਰ 'ਤੇ ਪੰਜ ਕਈ ਹੋਰ ਵਿਉਤਪਤ ਸ਼ਬਦਾਂ ਵਿਚ ਵੀ ਝਲਕਦਾ ਹੈ ਜਿਵੇਂ ਪੰਜਾ-ਪੰਜ ਉਂਗਲੀਆਂ ਵਾਲਾ ਹਿੱਸਾ; ਪੰਜੀਰੀ-ਘਿਉ ਵਿਚ ਆਟਾ ਭੁੰਨ ਕੇ ਖੰਡ ਅਤੇ ਜੀਰਕ (ਜੀਰਾ), ਸੌਂਫ ਆਦਿ ਪੰਜ ਪਦਾਰਥ ਮਿਲਾ ਕੇ ਬਣਾਇਆ ਇੱਕ ਖਾਣ ਵਾਲਾ ਪਦਾਰਥ। ਸੰਸਕ੍ਰਿਤ ਨਾਂ 'ਪੰਚ ਜੀਰਕ' ਹੈ। "ਕਰਿ ਪੰਜੀਰੁ ਖਵਾਇਓ ਚੋਰ॥" (ਗੁਰੂ ਅਰਜਨ ਦੇਵ); ਪੰਜ ਕਲਿਆਣੀ-ਪੰਜ ਗੁਣਾਂ ਵਾਲੀ ਮੱਝ, ਜਿਸ ਦੇ ਸਿਰ, ਪੂਛ, ਮੱਥਾ, ਮੂੰਹ ਤੇ ਚਾਰੇ ਖੁਰ ਚਿੱਟੇ ਹੋਣ; ਸੰਸਕ੍ਰਿਤ ਵਿਚ ਅਜਿਹੇ ਗੁਣਾਂ ਵਾਲੇ ਘੋੜੇ ਲਈ ਇਹ ਸ਼ਬਦ ਹੈ; ਪੰਜ ਗ੍ਰੰਥੀ-ਮੁਢਲੇ ਤੌਰ 'ਤੇ ਪੰਜ ਬਾਣੀਆਂ ਵਾਲੀ ਪੋਥੀ, ਹੁਣ ਹੋਰ ਬਾਣੀਆਂ ਵੀ ਹਨ; ਪੰਜਦੁਪੰਜੀ: ਮੱਝ ਆਦਿ ਦਾ ਮੁੱਲ ਪੁਆ ਕੇ ਪਾਲਣ ਵਾਲੇ ਨੂੰ ਪੰਜ ਵਿਚੋਂ ਤਿੰਨ ਹਿੱਸੇ ਅਤੇ ਮਾਲਿਕ ਨੂੰ ਦੋ ਹਿੱਸੇ ਮਿਲਣ ਦਾ ਸਮਝੌਤਾ; ਪੰਜ ਰਤਨੀ-ਮ੍ਰਿਤਕ ਦੇ ਮੂੰਹ ਵਿਚ ਪੰਜ ਪਦਾਰਥ ਪਾਉਣੇ; ਸ਼ਰਾਬ ਲਈ ਵੀ ਇਹ ਸ਼ਬਦ ਵਰਤਿਆ ਜਾਣ ਲੱਗਾ; ਪਾਂਜਾ-ਪੰਜ ਸੰਖਿਆ ਦਾ ਚਿੰਨ੍ਹ; ਪੰਜਕੋਹਾ ਨਾਂ ਦਾ ਫਤਿਹਗੜ੍ਹ ਜ਼ਿਲ੍ਹੇ ਦਾ ਪਿੰਡ; ਕੁਝ ਪਿੰਡਾਂ ਦਾ ਨਾਂ ਪੰਜ ਗਰਾਈਂ ਹੈ।

ਇਕ ਲੇਖਕ ਅਨੁਸਾਰ ਇਥੇ ਗਰਾਂ ਸ਼ਬਦ ਘਰਾਂ ਦਾ ਬਦਲਵਾਂ ਸ਼ਬਦਜੋੜ ਹੈ ਤੇ ਮਤਲਬ ਬਣਦਾ ਹੈ, ਮੁਢਲੇ ਤੌਰ 'ਤੇ ਪੰਜ ਘਰਾਂ ਵਾਲਾ ਪਿੰਡ। ਡੇਰਾ ਬੱਸੀ ਕੋਲ ਲਾਗੇ ਲਾਗੇ ਵਸਦੇ ਪੰਜ ਪਿੰਡਾਂ ਦੇ ਸਮੂਹ ਨੂੰ ਪੰਜ ਗਰਾਈਂ ਕਿਹਾ ਜਾਂਦਾ ਹੈ। ਪੰਜ ਹਜ਼ਾਰੀ-ਮੁਗਲ ਸਮਰਾਟਾਂ ਦਾ ਇਕ ਪਦ, ਜਿਸ ਵਿਚ ਮਨਸਬਦਾਰ ਨੂੰ ਪੰਜ ਹਜ਼ਾਰ ਸਿਪਾਹੀ ਰੱਖਣੇ ਹੁੰਦੇ ਸਨ, ਪੰਜਾਬੀ ਵਿਚ ਪਹਿਲਾਂ ਪੰਜ ਹਜ਼ਾਰ ਦਾ ਸਾਹਿਤ ਅਕਾਦਮੀ ਪੁਰਸਕਾਰ ਲੈਣ ਵਾਲੇ ਲੇਖਕ ਨੂੰ ਪੰਜ ਹਜ਼ਾਰੀ ਕਿਹਾ ਜਾਣ ਲੱਗਾ। ਕੁਝ ਹੋਰ ਸ਼ਬਦ ਹਨ-ਪੰਜ ਇਸ਼ਨਾਨਾ, ਪੰਜ ਕੱਕਾਰ, ਪੰਜ ਭੂਤਕ: ਪੰਜ ਤੱਤਾਂ ਵਾਲਾ ਸਰੀਰ; ਪੰਜ ਐਬ; ਪੰਜ ਸ਼ਸਤਰ ਇਤਿਆਦਿ।

ਪੰਜ ਸ਼ਬਦ ਨਾਲ ਸਬੰਧਤ ਕਈ ਮੁਹਾਵਰੇ, ਉਕਤੀਆਂ ਅਤੇ ਕਹਾਵਤਾਂ ਵੀ ਮਿਲਦੀਆਂ ਹਨ ਜਿਵੇਂ ਤਿੰਨ ਪੰਜ ਕਰਨਾ ਮਤਲਬ ਜੱਕੋ ਤੱਕਾ ਕਰਨਾ; ਦਸਤਪੰਜਾ (ਦਸਤ=ਹਸਤ=ਹੱਥ) ਕਰਨਾ ਅਰਥਾਤ ਕਿਸੇ ਨਾਲ ਸਿੱਧੀ ਟੱਕਰ ਲੈਣੀ; Golden hand shake ਦਾ ਪੰਜਾਬੀ ਅਨੁਵਾਦ 'ਸੋਨ-ਦਸਤ-ਪੰਜਾ' ਕੀਤਾ ਗਿਆ ਹੈ, ਅਰਥਾਤ ਕਰਮਚਾਰੀ ਨੂੰ ਉਦਾਰ ਰੂਪ ਵਿਚ ਮੁਆਵਜ਼ਾ ਦੇ ਕੇ ਆਮ ਤੌਰ 'ਤੇ ਉਸ ਦੇ ਰਿਟਾਇਰ ਹੋਣ ਦੇ ਸਮੇਂ ਤੋਂ ਪਹਿਲਾਂ ਨੌਕਰੀ ਤੋਂ ਰਿਟਾਇਰ ਕਰਨਾ; ਪੰਜੇ ਉਂਗਲਾਂ ਇਕੋ ਜਿਹੀਆਂ ਨਹੀਂ ਹੁੰਦੀਆਂ; ਪੰਜੇ ਉਂਗਲਾਂ ਘਿਉ ਵਿਚ। 'ਪੰਜਾਂ ਵਿਚ ਪਰਮੇਸ਼ਰ' ਉਕਤੀ 'ਪੰਚ ਪਰਮੇਸ਼ਵਰ' ਦਾ ਅਨੁਵਾਦ ਹੈ, ਜਿਸ ਵਿਚ ਪੰਚ ਦਾ ਅਰਥ ਪੰਜ ਨਹੀਂ ਸਗੋਂ ਪੰਚਾਇਤ ਦੇ ਪੰਚ ਜਾਂ ਪਤਵੰਤੇ ਪੁਰਸ਼ ਹਨ। ਪੰਜ ਸ਼ਬਦ ਵਿਚ ਇਹ ਭਾਵ ਨਹੀਂ ਹੈ।

ਭਾਰਤੀ ਸਭਿਅਤਾ ਵਿਚ ਪੰਜ ਅੰਕ ਦੀ ਮਹੱਤਤਾ ਹੈ, ਸ਼ਾਇਦ ਪੰਜ ਨੂੰ ਮੁਢਲੇ ਜਰੂਰੀ ਤੱਤਾਂ ਦੇ ਸੂਚਕ ਵਜੋਂ ਪ੍ਰਤੀਤ ਕੀਤਾ ਗਿਆ ਹੈ। ਇਸ ਲਈ ਕਈ ਸਥਿਤੀਆਂ ਵਿਚ ਪੰਜ ਦੀ ਗਿਣਤੀ ਨੂੰ ਚੁਣਿਆ ਗਿਆ ਹੈ ਜਿਵੇਂ ਪੰਜ ਪਿਆਰੇ, ਪੰਜ ਐਬ, ਪੰਜ ਪੀਰ; ਪੰਜ ਤੱਤ, "ਤੀਹ ਕਰਿ ਰਾਖੇ ਪੰਜ ਕਰਿ ਸਾਥੀ॥" (ਗੁਰੂ ਨਾਨਕ ਦੇਵ)। ਇਥੇ ਪੰਜ ਤੋਂ ਭਾਵ ਪੰਜ ਨਮਾਜ਼ਾਂ ਹੈ। 'ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥' ਪੰਜ ਹੀ ਪਾਂਡਵ ਹਨ, ਪੰਜ ਤੱਤ ਹਨ, ਪੰਜ ਹੀ ਇੰਦਰੀਆਂ।

ਪੰਜ ਦਾ ਸੰਸਕ੍ਰਿਤ ਧਾਤੂ ਹੈ, 'ਪਚ/ਪੰਚ।' ਇਸ ਦਾ ਅਰਥ ਫੈਲਾਉਣਾ, ਪਸਾਰਨਾ; ਸਪੱਸ਼ਟ ਕਰਨਾ ਆਦਿ ਹੈ। ਹੱਥ ਨੂੰ ਫੈਲਾਉਣ 'ਤੇ ਪੰਜ ਉਂਗਲੀਆਂ ਦਿਸਦੀਆਂ ਹਨ, ਜਿਸ ਤੋਂ ਇਸ ਵਿਚ ਪੰਜ ਦਾ ਭਾਵ ਆਉਂਦਾ ਹੈ। ਮੁਢਲੇ ਤੌਰ 'ਤੇ ਇਹ ਧਾਤੂ ਅਨੇਕ ਅਰਥਾਤ ਇੱਕ ਤੋਂ ਵੱਧ ਦਾ ਬੋਧਿਕ ਹੀ ਹੈ, ਪਰ ਇਹ ਪੰਜ ਦੇ ਅਰਥਾਂ ਵਿਚ ਰੂੜ ਹੋ ਗਿਆ। ਅਸੀਂ ਪੰਚ ਸ਼ਬਦ ਨੂੰ ਬਹੁਤਾ ਪੰਚਾਇਤ ਦੇ ਮੈਂਬਰ ਵਜੋਂ ਸਮਝਦੇ ਹਾਂ, ਪਰ ਗੁਰਬਾਣੀ ਵਿਚ ਇਹ ਸ਼ਬਦ ਪ੍ਰਤਿਸ਼ਠਿਤ, ਸਾਧ-ਜਨ ਦੇ ਅਰਥਾਂ ਵਜੋਂ ਉਭਰਦਾ ਹੈ, "ਪੰਚ ਮਿਲੇ ਸੁਖ ਪਾਇਆ॥", "ਪੰਚ ਪਰਵਾਨ ਪੰਚ ਪਰਧਾਨੁ॥" (ਗੁਰੂ ਨਾਨਕ ਦੇਵ)। ਗੁਰਬਾਣੀ ਵਿਚ ਪੰਚ ਸ਼ਬਦ ਪੰਜ ਗੁਣਾਂ ਔਗੁਣਾਂ ਦੇ ਅਰਥਾਂ ਵਜੋਂ ਵੀ ਆਇਆ ਹੈ, "ਪੰਚ ਮਨਾਏ ਪੰਚ ਰੁਸਾਏ ਪੰਚ ਵਸਾਏ ਪੰਚ ਗਵਾਏ॥" (ਗੁਰੂ ਅਰਜਨ ਦੇਵ)

ਕੋਈ ਤਿੰਨ ਹਜ਼ਾਰ ਸਾਲ ਪਹਿਲਾਂ ਭਾਰਤ ਦੇ ਉਤਰ ਵਿਚ ਪਾਂਚਾਲ ਨਾਂ ਦਾ ਇਕ ਮਹਾਂਜਨਪਦ ਸੀ। ਇਤਿਹਾਸਕਾਰਾਂ ਅਨੁਸਾਰ ਇਹ ਪੰਜ ਜਨਪਦਾਂ ਦਾ ਸਮੂਹ ਸੀ। ਸ੍ਰਿਸ਼ਟੀ ਦੇ ਅਰਥਾਂ ਵਾਲੇ ਪਰਪੰਚ ਦਾ ਸ਼ਾਬਦਿਕ ਅਰਥ ਆਮ ਤੌਰ 'ਤੇ 'ਪੰਜ ਤੱਤਾਂ ਦਾ ਅਨੇਕ ਭੇਦਾਂ ਵਿਚ ਵਿਸਤਾਰ' ਵਜੋਂ ਦਿੱਤਾ ਜਾਂਦਾ ਹੈ। ਅਰਥਾਤ ਇਥੇ ਪੰਚ ਦਾ ਅਰਥ ਪੰਜ ਕੀਤਾ ਜਾਂਦਾ ਹੈ। ਜਿਵੇਂ ਪਿੱਛੇ ਦੱਸਿਆ ਗਿਆ ਹੈ, ਪੰਚ ਦਾ ਮੁਢਲਾ ਅਰਥ ਵਿਸਥਾਰਨਾ, ਫੈਲਾਉਣਾ ਹੈ, ਇਸ ਲਈ ਮੇਰੀ ਜਾਚੇ ਇਸ ਅਰਥ ਰਾਹੀਂ ਪਰਪੰਚ ਵੱਧ ਉਘੜਦਾ ਹੈ, 'ਜਹ ਆਪਿ ਰਚਿਓ ਪਰਪੰਚੁ ਅਕਾਰੁ॥' (ਗੁਰੂ ਅਰਜਨ ਦੇਵ)। ਧਰਮ ਦੇ ਪ੍ਰਸੰਗ ਵਿਚ ਅਜਿਹੇ ਸ਼ਬਦ ਦਾ ਅਡੰਬਰ, ਛਲ ਧੋਖਾ ਦੇ ਅਰਥ ਗ੍ਰਹਿਣ ਕਰ ਲੈਣਾ ਸਹਿਜ ਹੈ, ਕਿਉਂਕਿ ਇਹ ਜਗਤ ਮਾਇਆ ਸਮਝੀ ਜਾਂਦੀ ਹੈ। ਇਨ੍ਹਾਂ ਅਰਥਾਂ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਇਹ ਸ਼ਬਦ ਅਨੇਕਾਂ ਵਾਰੀ ਆਇਆ ਹੈ, "ਕਰਿ ਪਰਪੰਚ ਜਗਤ ਕੋ ਡਹਿਕੈ॥" (ਗੁਰੂ ਤੇਗ ਬਹਾਦਰ); "ਝੂਠਾ ਪਰਪੰਚੁ ਜੋਰਿ ਚਲਾਇਆ॥' (ਭਗਤ ਕਬੀਰ)

ਇਸ ਧਾਤੂ ਤੋਂ ਬਣਿਆ ਇਕ ਪ੍ਰਾਚੀਨ ਸ਼ਬਦ ਹੈ, ਪੰਚਾਇਤ। ਪੁਰਾਣੇ ਜ਼ਮਾਨੇ ਵਿਚ ਪੰਚਾਇਤ ਰਾਹੀਂ ਪੇਂਡੂ ਲੋਕ ਆਪਣੇ ਝਗੜੇ ਨਿਪਟਾਉਂਦੇ ਸਨ। ਇਹ ਪੰਚਾਇਤ ਵੀ ਜਾਤੀਗਤ ਹੀ ਹੁੰਦੀ ਸੀ ਤੇ ਇਸ ਵਿਚ ਜਾਤੀ ਦੇ ਸਿਰਕੱਢ ਬੰਦੇ ਹੀ ਲਏ ਜਾਂਦੇ ਸਨ। ਤਦੇ ਕਹਾਵਤ ਬਣੀ, "ਪੰਚਾਂ ਦਾ ਕਿਹਾ ਸਿਰ ਮੱਥੇ, ਪਰਨਾਲਾ ਉਥੇ ਦਾ ਉਥੇ।" ਪੰਚਾਇਤ ਸ਼ਬਦ ਬਣਿਆ ਹੈ, ਸੰਸਕ੍ਰਿਤ ਪੰਚਾਇਤਨਮ ਸ਼ਬਦ ਤੋਂ। ਕਿਸੇ ਦੇਵਤੇ ਦੇ ਆਸ-ਪਾਸ ਚਾਰ ਹੋਰ ਦੇਵਤਿਆਂ ਦੀਆਂ ਮੂਰਤੀਆਂ ਨੂੰ ਪੰਚਾਇਤਨਮ (ਪੰਚ+ਆਇਤਨਮ) ਕਿਹਾ ਜਾਂਦਾ ਸੀ। ਇਸ ਸ਼ਬਦ ਵਿਚ ਆਇਤਨਮ ਦਾ ਅਰਥ ਹੈ-ਸਥਾਨ, ਆਸਣ ਆਦਿ। ਇਸ ਤਰ੍ਹਾਂ ਇਹ ਇਕ ਤਰ੍ਹਾਂ ਦਾ ਪੂਜ-ਸਥਾਨ, ਮੰਦਿਰ ਆਦਿ ਸੀ, ਜੋ ਸਰਵਉਚ ਸ਼ਕਤੀ ਦਾ ਸੂਚਕ ਸੀ।

'ਮਹਾਨ ਕੋਸ਼' ਵਿਚ ਇਸ ਦਾ ਅਰਥ ਪੰਜਾਂ ਦਾ ਸਮੂਹ ਦੱਸਿਆ ਗਿਆ ਹੈ, ਪਰ ਵਾਸਤਵ ਵਿਚ ਪੰਜਾਂ ਦਾ ਸ਼ਕਤੀਸ਼ਾਲੀ ਸਮੂਹ ਹੈ, ਕਿਉਂਕਿ ਇਸ ਵਿਚ ਆਇਤਨਮ ਦਾ ਦਖਲ ਹੈ। ਗੁਰੂ ਗ੍ਰੰਥ ਸਾਹਿਬ ਵਿਚ ਪੰਚਾਇਣ ਸ਼ਬਦ ਪਰਮਾਤਮਾ ਦੇ ਅਰਥਾਂ ਵਿਚ ਆਇਆ ਹੈ, "ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣੁ ਰਤੁ॥" (ਗੁਰੂ ਨਾਨਕ ਦੇਵ)। ਇਥੇ ਪ੍ਰਾਚੀਨ ਭਾਵ ਸਪੱਸ਼ਟ ਝਲਕਦਾ ਹੈ। ਸੱਤਾ ਬਲਵੰਡ ਨੇ ਵੀ ਇਸੇ ਅਰਥ ਵਿਚ ਇਹ ਸ਼ਬਦ ਵਰਤਿਆ ਹੈ, "ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ॥"

ਪੰਚਾਇਤ ਸ਼ਬਦ ਨੂੰ ਬਾਅਦ ਵਿਚ ਲੋਕਾਂ ਦੇ ਝਗੜੇ ਨਿਪਟਾਉਣ ਵਾਲੀ ਦੁਨਿਆਵੀ ਪੰਚਾਇਤ 'ਤੇ ਲਾਗੂ ਕੀਤਾ ਗਿਆ। ਅੱਜ ਪੰਚਾਇਤ ਵਿਚ ਪੰਜ ਮੈਂਬਰਾਂ ਦਾ ਹੋਣਾ ਜ਼ਰੂਰੀ ਨਹੀਂ ਹੈ, ਪਿੰਡ ਦੀ ਵਸੋਂ ਅਨੁਸਾਰ ਇਹ ਵੱਧ ਵੀ ਹੋ ਸਕਦੇ ਹਨ। ਪੰਚ ਦੇ ਅੱਗੇ ਸਰ ਲੱਗ ਕੇ ਸਰਪੰਚ ਬਣਿਆ, ਸਰ ਸਿਰ ਦਾ ਹੀ ਇੱਕ ਰੁਪਾਂਤਰ ਹੈ, ਜੋ ਅੱਗੇ ਸ਼ੀਰਸ਼ ਦਾ ਵਿਉਤਪਤ ਰੂਪ ਹੈ। ਧੱਕੇ ਨਾਲ ਪੰਚ ਦਾ ਫਰਜ਼ ਨਿਭਾਉਣ ਵਾਲਾ ਖੜਪੰਚ ਕਹਾਉਂਦਾ ਹੈ। ਸਰੀਰ ਦਾ ਸਭ ਤੋਂ ਉਤਲਾ ਅੰਗ ਹੋਣ ਕਾਰਨ ਇਸ ਵਿਚ ਸਰਵਉਚਤਾ ਦੇ ਭਾਵ ਹਨ।

ਪੰਚ ਤੋਂ ਬਣਿਆ ਇਕ ਹੋਰ ਸ਼ਬਦ ਹੈ, ਪੰਚਾਂਗ। ਇਹ ਹਿੰਦੂ ਜੰਤਰੀ ਹੈ। ਇਸ ਦੇ ਪੰਜ ਅੰਗ ਹੁੰਦੇ ਹਨ-ਤਿਥੀ (ਸੂਰਜ ਦੀ ਦਸ਼ਾ), ਵਾਰ (ਹਫਤੇ ਦਾ ਦਿਨ), ਨਛੱਤਰ (ਤਾਰਿਆਂ ਦੀ ਦਸ਼ਾ), ਕਰਣ (ਚੰਦਰਮਾ ਦੀ ਦਸ਼ਾ) ਅਤੇ ਯੋਗ (ਮੰਗਲਮਈ ਘੜੀ)। ਕੜਾਹ ਪ੍ਰਸ਼ਾਦ ਨੂੰ ਪੰਚਾਮ੍ਰਿਤੀ (ਪੰਜ ਅੰਮ੍ਰਿਤ) ਕਿਹਾ ਜਾਂਦਾ ਹੈ। ਭਾਈ ਗੁਰਦਾਸ ਲਿਖਦੇ ਹਨ, "ਖਾਂਡ ਘ੍ਰਿਤ ਚੂਨ ਜਲ ਪਾਵਕ ਇਕਤ੍ਰ ਭਏ ਪੰਚ ਮਿਲ ਪ੍ਰਗਟ ਪੰਚਾਮ੍ਰਿਤ ਪ੍ਰਗਾਸ ਹੈ।" ਸਿਮ੍ਰਿਤੀਆਂ ਅਨੁਸਾਰ ਦੁੱਧ, ਦਹੀਂ, ਘੀਓ, ਖੰਡ ਅਤੇ ਸ਼ਹਿਦ। "ਜਿਹ ਮੁਖਿ ਪਾਚਉ ਅੰਮ੍ਰਿਤ ਖਾਏ॥" (ਭਗਤ ਕਬੀਰ)।

ਪੰਚ ਸ਼ਬਦ ਬਾਰੇ ਚਰਚਾ ਜਾਰੀ ਰਹੇਗੀ।

# ਪ੍ਰਧਾਨ ਮੰਤਰੀ ਦਾ ਸਰਦਾਰ ਪਟੇਲ

**ਨਿੱਕ ਸੁੱਕ**



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਪਿਛਲੇ ਦਿਨੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੁਜਰਾਤ ਵਿਚ ਉਸਾਰੇ ਗਏ ਸਰਦਾਰ ਪਟੇਲ ਦੇ ਉਚੇ ਬੁੱਤ ਦੀ ਗੱਲ ਕਰਕੇ ਕਾਂਗਰਸ ਪਾਰਟੀ ਨੂੰ ਨਵੀਂ ਠਿੱਬੀ ਲਾਈ ਹੈ, ਇਹ ਕਹਿ ਕੇ ਕਿ ਕਾਂਗਰਸ ਦਾ ਕੋਈ ਵੱਡਾ ਨੇਤਾ ਉਸ ਨੂੰ ਵੇਖਣ ਨਹੀਂ ਆਇਆ, ਜਦਕਿ ਉਹ ਭਾਰਤ ਦਾ ਕੱਦਾਵਰ ਗ੍ਰਹਿ ਮੰਤਰੀ ਹੋ ਗੁਜ਼ਰਿਆ ਹੈ। ਮੋਦੀ ਭੁੱਲ ਜਾਂਦਾ ਹੈ ਕਿ ਹਰਿਆਣਾ ਰਾਜ ਦਾ ਜੰਮਪਲ ਸਰ ਛੋਟੂ ਰਾਮ ਪਿਛਲੀ ਸਦੀ ਦੇ ਤੀਹਵਿਆਂ ਵਿਚ ਗੋਰੀ ਸਰਕਾਰ ਤੋਂ ਅਜਿਹਾ ਕਾਨੂੰਨ ਪਾਸ ਕਰਵਾ ਗਿਆ ਸੀ, ਜਿਸ ਨੇ ਸ਼ਾਹੂਕਾਰਾਂ ਕੋਲ ਕਰਜ਼ੇ ਬਦਲੇ ਗਹਿਣੇ ਪਈ ਜਮੀਨ ਰਾਤੋ-ਰਾਤ ਉਨ੍ਹਾਂ ਨੂੰ ਮੁਫਤੋ-ਮੁਫਤੀ ਵਾਪਸ ਦਿਵਾ ਦਿੱਤੀ ਸੀ। ਉਸ ਦੀ ਦਲੀਲ ਇਹ ਸੀ ਕਿ ਜਿਹੜੇ ਖੇਤਾਂ ਦੀ ਕਮਾਈ ਖਾਂਦਿਆਂ ਸ਼ਾਹੂਕਾਰਾਂ ਨੂੰ ਵੀਹ ਜਾਂ ਉਸ ਤੋਂ ਵੱਧ ਵਰ੍ਹੇ ਹੋ ਗਏ ਹਨ, ਉਨ੍ਹਾਂ ਨੇ ਉਸ ਭੂਮੀ ਦੇ ਮਾਲਕ ਕਿਸਾਨਾਂ ਦਾ ਲੋੜ ਤੋਂ ਵਧ ਲਹੂ ਚੂਸ ਲਿਆ ਹੈ ਤੇ ਇਹ ਜਮੀਨ ਤੁਰੰਤ ਕਿਸਾਨਾਂ ਦੀ ਹੋ ਜਾਣੀ ਚਾਹੀਦੀ ਹੈ। ਇਸ ਕਾਨੂੰਨ ਨੇ ਸ਼ਾਹੂਕਾਰਾਂ ਦੀ ਨੀਂਦ ਏਨੀ ਹਰਾਮ ਕੀਤੀ ਸੀ ਕਿ ਉਨ੍ਹਾਂ ਵਿਚੋਂ ਕਈ ਸ਼ਾਹੂਕਾਰ ਪਾਗਲ ਹੋ ਕੇ ਅਦਾਲਤਾਂ ਵਿਚ ਧੱਕੇ ਖਾਂਦੇ ਤੁਰ ਗਏ ਸਨ। ਮੇਰਾ ਨਾਨਾ ਉਨ੍ਹਾਂ ਵਿਚੋਂ ਇੱਕ ਸੀ।

ਜਿੱਥੇ ਸਰ ਛੋਟੂ ਰਾਮ ਨੇ ਵਿਦੇਸ਼ੀ ਸਰਕਾਰ ਤੋਂ ਏਨਾ ਵੱਡਾ ਕਾਨੂੰਨ ਪਾਸ ਕਰਵਾ ਲਿਆ ਸੀ, ਸਰਦਾਰ ਪਟੇਲ ਆਪਣੀ ਸਰਕਾਰ ਤੋਂ ਅਜਿਹਾ ਕਾਨੂੰਨ ਪਾਸ ਨਹੀਂ ਸੀ ਕਰਵਾ ਸਕਿਆ ਜੋ ਕਸ਼ਮੀਰ ਦਾ ਸਥਾਈ ਹੱਲ ਬਣ ਸਕਦਾ, ਹਾਲਾਂਕਿ ਇਹ ਕੰਮ ਗ੍ਰਹਿ ਮੰਤਰੀ ਹੋਣ ਦੇ ਨਾਤੇ ਉਸ ਦੇ ਕਾਰਜ-ਖੇਤਰ ਵਿਚ ਆਉਂਦਾ ਸੀ। ਚੋਣਾਂ ਦੀ ਰੁੱਤੇ ਅਜਿਹਾ ਬਿਆਨ ਕਿਸੇ ਹੱਦ ਤੱਕ ਭੁਲਾਇਆ ਜਾ ਸਕਦਾ ਹੈ, ਪਰ ਪ੍ਰਧਾਨ ਮੰਤਰੀ ਮੋਦੀ ਬੁੱਤ ਦੀ ਉਸਾਰੀ ਤੋਂ ਪਹਿਲਾਂ ਵੀ ਇਹੀਓ ਗੱਲ ਕਹਿ ਚੁਕਾ ਹੈ। ਭਾਰਤ ਦੇ ਕਿਸੇ ਇੱਕ ਰਾਜ ਦਾ ਜੰਮਪਲ ਹੁੰਦਿਆਂ ਕਿਸੇ ਵੀ ਨੇਤਾ ਨੂੰ ਕਿਸੇ ਹੋਰ ਰਾਜ ਦੇ ਜੰਮਪਲ ਨੂੰ ਵਾਰ-ਵਾਰ ਅਣਗੌਲਿਆ ਕਰਨਾ ਸ਼ੋਭਾ ਨਹੀਂ ਦਿੰਦਾ। ਚੋਣ ਪ੍ਰਚਾਰ ਲਈ ਮੋਦੀ ਕੋਲ ਹੋਰ ਬੜੇ ਜੁਮਲੇ ਹਨ, ਜਿਨ੍ਹਾਂ ਦੀ ਵਰਤੋਂ ਹਰ ਰੋਜ਼ ਹੁੰਦੀ ਹੈ। ਦੇਖੋ ਕੀ ਹੁੰਦਾ ਹੈ। 23 ਮਈ ਦੂਰ ਨਹੀਂ।

**ਬੁਲ੍ਹੇ ਸ਼ਾਹ ਅਸੀਂ ਮਰਨਾ ਨਾਹੀਂ:** ਚੋਣਾਂ ਦੇ ਰੌਲੇ-ਰੱਪੇ ਤੇ ਢੋਲ-ਢਮੱਕੇ ਦੇ ਦੌਰ ਵਿਚ ਸੂਫੀ ਸ਼ਾਇਰਾਂ ਦੇ ਬੋਲ ਰੂਹ ਨੂੰ ਰੁਸ਼ਨਾਉਣ ਦਾ ਕੰਮ ਦਿੰਦੇ ਹਨ। ਇਸ ਪ੍ਰਸੰਗ ਵਿਚ ਬਾਬਾ ਬੁੱਲ੍ਹੇ ਸ਼ਾਹ ਦੇ ਅਲਬੇਲੇ ਬੋਲ ਸਭ ਤੋਂ ਸਥਾਈ ਤੇ ਦਿਲਕਸ਼ ਹਨ। ਸ਼ਬਦ ਮਾਲਾ ਹਕੀਕੀ ਹੋਵੇ ਜਾਂ ਮਿਜਾਜ਼ੀ, ਧੁਰ ਅੰਦਰ ਤੱਕ ਅਸਰ ਕਰਨ ਵਾਲੀ ਹੈ। ਬਾਬਾ ਬੁੱਲ੍ਹੇ ਸ਼ਾਹ ਦੀਆਂ ਅੱਧੀ ਦਰਜਨ ਅਣਗੌਲੀਆਂ ਕਾਫੀਆਂ ਧਿਆਨ ਮੰਗਦੀਆਂ ਹਨ।



ਬਾਬਾ ਬੁਲ੍ਹੇ ਸ਼ਾਹ

ਉਨ੍ਹਾਂ ਤੱਕ ਪਹੁੰਚਣ ਦਾ ਇੱਕ ਮਾਰਗ ਵੀ ਹੈ। 'ਕੇਹੇ ਲਾਰੇ ਦੇਨਾ ਏ' ਵਿਚੋਂ ਲੰਘ ਕੇ 'ਆਪੇ ਲਾਈਆਂ ਕੁੰਡੀਆਂ ਤੇ ਆਪੇ ਖਿਚਦਾ ਏਂ ਡੋਰ' ਵਿਚੋਂ ਹੁੰਦੇ ਹੋਏ ਅਸੀਂ ਹੇਠ ਲਿਖੀ ਅਵਸਥਾ ਵਿਚ ਪਹੁੰਚ ਜਾਂਦੇ ਹਾਂ:

ਸਾਨੂੰ ਗਏ ਬੇਦਰਦੀ ਛੱਡ ਕੇ
ਏਧਰ ਸਾਂਗ ਸੀਨੇ ਵਿਚ ਗੱਡ ਕੇ
ਜਿਸਮੋਂ ਜਿਸ ਨੂੰ ਲੈ ਗਏ ਕੱਢ ਕੇ
ਗੱਲ ਕਰ ਗਏ ਹਤਿਆਰੀ...।
ਬੇਦਰਦਾਂ ਦਾ ਕੀ ਭਰਵਾਸਾ
ਖੌਫ ਨਹੀਂ ਦਿਲ ਅੰਦਰ ਮਾਸਾ
ਚਿੜੀਆਂ ਮੌਤ ਗੰਵਾਰਾਂ ਹਾਸਾ
ਮਗਰੋਂ ਹਸ ਹਸ ਤਾੜੀ ਮਾਰੀ...।
ਆਵਣ ਕਹਿ ਗਏ ਫੇਰ ਨਾ ਆਏ
ਆਵਣ ਦੇ ਸਭ ਕੌਲ ਭੁਲਾਏ
ਮੈਂ ਭੁੱਲੀ ਭੁੱਲ ਨੈਣ ਲਗਾਏ
ਕੇਹੇ ਮਿਲੇ ਸਾਨੂੰ ਠੱਗ ਵਪਾਰੀ।

ਇਹ ਅਵਸਥਾ ਅੰਤ ਕੀ ਰੂਪ ਧਾਰਦੀ ਹੈ? ਬੁੱਲ੍ਹੇ ਸ਼ਾਹ ਦੇ ਸ਼ਬਦ ਹਨ:

ਮੈਂ ਨਾਤੀ ਧੋਤੀ ਰਹਿ ਗਈ
ਕੋਈ ਗੰਢ ਸੱਜਣ ਦਿਲ ਬਹਿ ਗਈ
ਕੋਈ ਸੁਖਨ ਅਵੱਲਾ ਬੋਲਿਆ
ਕਦੀ ਮੋੜ ਮੁਹਾਰਾਂ ਢੋਲਿਆ...।
ਬੁੱਲ੍ਹਾ ਸ਼ਾਹ ਕਦੀ ਘਰ ਆਵਸੀ
ਮੇਰੀ ਬਲਦੀ ਭਾਫ ਜਾਗਸੀ
ਜਿਹਦੇ ਦੁਖ ਨੂੰ ਮੂੰਹ ਖੋਲ੍ਹਿਆ
ਕਦੀ ਮੋੜ ਮੁਹਾਰਾਂ ਢੋਲਿਆ
ਨੇਰੀਆਂ ਵਾਟਾਂ ਤੋਂ ਸਿਰ ਡੋਲਿਆ।

ਬੁੱਲ੍ਹੇ ਸ਼ਾਹ ਇਸ ਅਵਸਥਾ ਨੂੰ ਦੁੱਖਾਂ ਸੁੱਖਾਂ ਦਾ ਏਕਾ ਦੱਸਦਾ ਹੈ:

ਦੁੱਖਾਂ ਸੁਖਾਂ ਏਕਾ ਕੀਤਾ
ਨਾ ਕੋਈ ਸਹੁਰਾ ਨਾ ਕੋਈ ਪੇਕਾ
ਦਰਦ ਵਿਹੂਣੀ ਪਈ ਦਰ ਤੇਰੇ
ਨਾ ਕੋਈ ਦਰਦ ਰੰਝਾਣੀ ਦਾ।

ਜੇ ਬੁੱਲ੍ਹੇ ਸ਼ਾਹ ਦੀ ਧਾਰਨਾ ਨੂੰ ਕਿਸੇ ਹੋਰ ਕਵੀ ਦੇ ਸ਼ਬਦਾਂ ਰਾਹੀਂ ਸਪੱਸ਼ਟ ਕਰਨਾ ਹੋਵੇ ਤਾਂ ਵਾਰਿਸ ਸ਼ਾਹ ਦੀ ਇਸ ਤੁੱਕ ਦਾ ਸਹਾਰਾ ਲਿਆ ਜਾ ਸਕਦਾ ਹੈ:

ਬਾਝੋਂ ਦੁੱਖ ਦੇ ਸੁੱਖ ਨਸੀਬ ਨਾਹੀਂ
ਲਗਨ ਬਾਝ ਖਵਾਰ ਸੰਸਾਰ ਨਾਹੀਂ।

ਪਰ ਬੁੱਲ੍ਹੇ ਸ਼ਾਹ ਦੇ ਬੋਲਾਂ ਦੀ ਸਾਰ ਪਾਉਣ ਲਈ ਸਾਨੂੰ ਵਾਰਿਸ ਸ਼ਾਹ ਦੀ ਸ਼ਰਨ ਲੈਣ ਦੀ ਲੋੜ ਨਹੀਂ। ਮੇਰੇ ਪੱਤਰਕਾਰ ਮਿੱਤਰ ਬਰਜਿੰਦਰ ਸਿੰਘ ਹਮਦਰਦ ਨੇ ਅੱਠ ਅਣਗੌਲੀਆਂ ਕਾਫੀਆਂ ਲੱਭ ਕੇ ਉਨ੍ਹਾਂ ਨੂੰ ਆਪਣੀ ਸੋਜ਼ ਭਰੀ ਅਵਾਜ਼ ਦੇ ਕੇ 'ਰੂਹਾਨੀ ਰਮਜ਼ਾਂ' ਨਾਂ ਦੀ ਐਲਬਮ ਤਿਆਰ ਕੀਤੀ ਹੈ। ਐਲਬਮ ਮੇਰੀ ਪਾਕਿਸਤਾਨ ਫੇਰੀ ਤੋਂ ਪਹਿਲਾਂ ਨਵੇਂ ਸਾਲ ਦੇ ਅਰੰਭ ਵਿਚ ਜਾਰੀ ਹੋ ਚੁਕੀ ਸੀ। ਬਰਜਿੰਦਰ ਹੁਰਾਂ ਦੀ ਅਵਾਜ਼ ਧੀਮੀ ਤੇ ਪੇਸ਼ਕਾਰੀ ਏਨੀ ਸਹਿਜ ਹੈ ਕਿ ਸੁਣਨ ਵਾਲੇ ਦੇ ਮਨ ਦੀ ਅੰਦਰਲੀ ਤਹਿ ਤੱਕ ਉਤਰਦਿਆਂ ਸਮਾਂ ਲੱਗਦਾ ਹੈ। ਬੁੱਲ੍ਹੇ ਸ਼ਾਹ ਦੇ ਸ਼ਬਦਾਂ ਵਿਚ:

ਬੁੱਲ੍ਹਾ ਸ਼ਾਹ ਮੇਰੇ ਘਰ ਆਇਆ
ਮੈਂ ਘੁੱਟ ਰਾਂਝਣ ਗਲ ਲਾਇਆ
ਦੁੱਖ ਗਏ ਸਮੁੰਦਰੋਂ ਪਾਰ ਨੂੰ
ਦਿਲ ਲੋਚੇ ਮਾਹੀ ਯਾਰ ਨੂੰ।




ਮੈਂ ਬਰਜਿੰਦਰ ਸਿੰਘ ਦੇ ਸੁਰਮੰਡਲ ਨੂੰ ਉਨ੍ਹਾਂ ਦੀ ਪੱਤਰਕਾਰੀ ਦੇ ਸਨਮੁਖ ਮੇਚਦਾ ਹਾਂ ਤਾਂ ਜਾਪਦਾ ਹੈ ਜਿਵੇਂ ਪੱਤਰਕਾਰੀ ਉਨ੍ਹਾਂ ਦੀ ਪਤਨੀ ਹੈ ਤੇ ਸੁਰ-ਸੰਗੀਤ ਮਾਸ਼ੂਕਾ। ਗੁਰਦੀਪ ਸਿੰਘ ਦੀਆਂ ਸੰਗੀਤਕ ਸੁਰਾਂ ਵਿਚ ਬਹਿ ਕੇ ਇਸ ਦਾ ਸਮੁੱਚਾ ਪ੍ਰਭਾਵ ਕਿੰਨਾ ਸੁਖਦਾਈ ਹੈ, ਇਹ ਦੱਸਣ ਲਈ ਸ਼ਬਦ ਮੇਰਾ ਸਾਥ ਨਹੀਂ ਦੇ ਰਹੇ। ਕੋਈ ਸੌਖਾ ਰਾਹ ਲੱਭੋ। ਰੂਹਾਨੀ ਰਮਜ਼ਾਂ ਸੁਣੋ ਤੇ ਜਾਣੋਂ।

ਬੁੱਲ੍ਹੇ ਸ਼ਾਹ ਇਹ ਤਾਂ ਜਾਣਦਾ ਸੀ ਕਿ ਉਸ ਮਰਨਾ ਨਾਹੀਂ, ਪਰ ਇਹ ਨਹੀਂ ਸੀ ਜਾਣਦਾ ਕਿ ਉਸ ਨੂੰ ਗੀਤ-ਸੰਗੀਤ ਨੇ ਸਦਾ ਜ਼ਿੰਦਾ ਰੱਖਣਾ ਹੈ।

**ਅੰਤਿਕਾ: ਮਨਜੀਤਪਾਲ ਕੌਰ**

ਚਿਰੋਕਣਾ ਮਰ ਚੁੱਕਿਆ ਵਾਇਦਾ
ਜਾਣ ਵਾਲੇ ਨੂੰ ਰੋਕਣਾ, ਕਾਇਦਾ
ਵਾਇਦਾ ਵਫਾ ਕਰਨਾ ਮੁਕੱਦਰ ਦੇ ਵੱਸ
ਮਾਯੂਸੀਆਂ ਨੂੰ ਰੋਕਣਾ ਇਨਸਾਨ ਦੇ ਵੱਸ।

Sky Films DJ VIC MUSIC FOR ALL

DJ, Video, Photo, Lighting, Live Video

LED Floor, Cloud effect, Fireworks and More

A Award Winning Team

ਅਵਾਰਡ ਜੇਤੂ ਟੀਮ

WEDDINGWIRE

2019 COUPLES' CHOICE AWARDS®

★★★★★

Sky Films and DJ VIC







CONTACT US FOR MORE DETAILS

Team Sky Films & Production

Contact - Gagan 734 674 1854, www.skymademymemories.com

# US Business Brokers Inc.


## American Financing Group LLC

101 W 22nd St, Suite 111, Lombard, IL 60148
23280 Pacific Highway South, Suite 307, Kent, WA 98032

## Financing - Loans

ਬਿਜਨਸ ਵੇਚਣ/ਖਰੀਦਣ ਤੇ ਫਾਇਨਾਂਸ ਕਰਵਾਉਣ ਲਈ

- We do all kinds of SBA & Conventional loans.
- We are specialized in Gas Stations, Liquor Stores, Hotels, Convenience Stores, Motels, Apartment Buildings, Strip Plazas, Commercial Buildings, Food Franchise.
- Purchase/Refinance
- Lowest Rates (With or Without Real Estate)
- Best Possible Mortgage Solutions For You...







Contact us for any Financing Need Nationwide.

• FAST APPROVAL
• QUICK CLOSINGS • SBA 504 & 7A
• CONVENTIONAL LOANS
• HOTELS, MOTELS
• GAS STATIONS, TRUCK STOPS
• INDUSTRIAL CLIENT
• SUBWAY, DUNKIN DONUTS
• LIQUOR STORES, C-STORES, CAR WASH

*Contact us Buy or Sell business*

AJ Sandhu (MBA)

*Managing Broker/Realtor/Consultant*
*Licensed in IL, IN, WA*

916-995-0783 (Cell)
425-529-6283 (Cell)
*630-206-2467 (Fax)*
www.ubbchicago.com
aj@ubbchicago.com

AMERICAN AFG FINANCING GROUP LLC

# ਅਮਰ ਕਾਰਪੈਟਸ

ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਉ

ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੰਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ! ਆਓ! ਦੇਖੋ ਅਮਰ ਕਾਰਪੈਟਸ ਦਾ ਬੇਹਤਰੀਨ ਚੋਣ ਭਰਪੂਰ ਸ਼ੋਅਰੂਮ



ਸ. ਅਮਰੀਕ ਸਿੰਘ ਸ਼ਿਕਾਗੋ

ਹਾਰਡਵੁੱਡ ਫਲੋਰ, ਹਰ ਤਰ੍ਹਾਂ ਦੇ ਫਲੋਰ ਉਪਲਬਧ

ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ

Same day service in Chicago and suburbs

## Amar Carpets Inc

ਵੈਸਟਰਨ ਐਵੇਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659

ਕਾਲ ਕਰੋ : ਅਮਰੀਕ ਸਿੰਘ

Ph: 773-508-5253,773-507-8043, Fax: 773-508-5249

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

# ਪੰਜਾਬੀ ਢਾਬਾ

1480 N. State Road 1, Cambridge City, IN 47327

ਕੈਂਬਰਿਜ ਸਿਟੀ (ਇੰਡੀਆਨਾ) ਵਿਚ ਪੰਜਾਬੀ ਢਾਬੇ ਲਈ

## ਡਿਸ਼ਵਾਸ਼ਰ, ਹੈਲਪਰ, ਵੇਟਰ ਅਤੇ ਕੁਕ ਚਾਹੀਦੇ ਹਨ

ਚੰਗੀ ਤਨਖਾਹ, ਖਾਣਾ ਮੁਫਤ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਨਜੀਤ ਨਾਗਰਾ

ਫੋਨ: 317-750-1900


Happy S. Heer & Lake Street Dental
PRESENTS
Dr. Khaira
World's Best Performer
PRODUCTIONS
SAFEWAY TRANSPORT
Lucky Sahota
A1 Motor Sales
(847) 524-5577
Mr. DC
STAR FOODS
Ayodhya Salwan
Desi Junction
Apna Foods (Addison)
Pradeep Salwan
630.400.8080
SUGA BUILDERS & CONSTRUCTION
COMMERCIAL & RESIDENTIAL
JASBIR SUGA 708-715-1734
POWERVOLT
The Power for your System
C.E.O Brij Sharma
Dhindsa Brothers
Mr. Lakha / Mr. Amarjit
Progressive Oil Co.
Mr. Jayahmed / Mr. Zaid Rana
Radhika's Kitchen
Schaumburg
Grand Sponsor
usbank (Schaumburg)
Darshan Singh Dhaliwal
ITConnectUS Inc.
Innovation. Discovery. Passion
C.E.O Harry Mohan
UNITED TRANSPORTATION
O'Hare Auto Sales
C.E.O Ravi Hanjra
STARZ ENTERTAINMENT
Savi Singh
PAN-OCEANIC ENGINEERING CO.
C.E.O Gulzar Multani
FLAT RATE FUNDING GROUP LLC
C.E.O Goldy Dhillon
Detroit
India Cafe (Milwaukee)
Rakesh Rehan
Gurdas Maan
Sunday May 12th, 2019 at 7pm @ Copernicus Center
5216 W. Lawrence Ave. Chicago, IL
Regal Jewels Rahul Gill
For More Info.
Happy Heer 630.398.7052 | Dr. H. Khaira 630.479.0031
Jaskaran Dhaliwal 630.290.7993 | Gurumukh Bhullar 708.288.2426
Manjit Singh 262.894.0913 | Parminder Goldy 414.736.6580
Tickets Available at:
COPERNICUSCENTER.ORG | WWW. SULEKHA.COM
Tickets: VVIP, VIP, $79 & $50
SUPPORTING ORGS:
PUNJABI HERITAGE ORG
PUNJABI CULTURAL SOCIETY
SHERE PUNJAB SPORTS & CULTURAL CLUB
PUNJAB SPORTS AND CULTURAL CLUB
PUNJABI AMERICANS ORG
UNITED PANJABIS OF AMERICA